# ਤੁਸਾਂ ਪੁੱਛਿਆ

ਆਦਮੀ ਗੰਜਾ ਕਿਉਂ ਹੋ ਜਾਂਦਾ ਹੈ ?

ਮਨੁੱਖ ਖੁਸਰਾ ਕਿਉਂ ਪੈਦਾ ਹੁੰਦਾ ਹੈ ?

ਕੀ ਸੱਪ ਦੁੱਧ ਪੀਂਦਾ ਹੈ ?

ਟੈਲੀ ਪੈਥੀ ਕੀ ਹੈ ?

ਕੀ ਛੋਲਿਆਂ ਨੂੰ ਚਾਨਣੀ ਮਾਰ ਜਾਂਦੀ ਹੈ ?

ਨਾਸਤਕਤਾ ਅਤੇ ਤਰਕਸ਼ੀਲਤਾ ਵਿੱਚ ਕੀ ਫ਼ਰਕ ਹੈ ?

ਕਲੋਨ ਵਿਧੀ ਕੀ ਹੈ ?

www.PunjabiLibrary.com

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

# ਤੁਸਾਂ ਪੁੱਛਿਆ

ਸੰਪਾਦਕ : ਹੇਮ ਰਾਜ ਸਟੈਨੋ

ਤਰਕਸ਼ੀਲ ਸੁਸਾਇਟੀ ਪੰਜਾਬ (ਰਜ਼ਿ:)

ਤੁਸਾਂ ਪੁੱਛਿਆ

ਸੰਪਾਦਕ : ਹੇਮ ਰਾਜ ਸਟੈਨੋ

© : ਤਰਕਸ਼ੀਲ ਸੁਸਾਇਟੀ ਪੰਜਾਬ (ਰਜ਼ਿ:)

ਈ. ਐਡੀਸ਼ਨ :2015

ਸੰਪਰਕ ਪਤਾ : ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ

ਤਰਕਸ਼ੀਲ ਭਵਨ, ਤਰਕਸ਼ੀਲ ਚੌਕ, ਬਰਨਾਲਾ

ਮੁੱਲ: 25 ਰੁਪਏ

ਛਾਪਕ : ਅੱਪੂ ਆਰਟ ਪ੍ਰੈੱਸ, ਸ਼ਾਹਕੋਟ

ਫੋਨ: 01821-261358

ਵੈਬ. : www.tarksheel.org

# ਦੋ ਕੁ ਗੱਲਾਂ

***ਜਗਿਆਸਾ, ਕੁੱਝ ਨਾ ਕੁੱਝ ਜਾਨਣ ਦੀ ਇੱਛਾ ਦੀ ਧੂਹ ਪਾਉਂਦੀ ਮਨੋ ਬਿਰਤੀ ਦਾ ਨਾਮ ਹੈ.*** ਇਹ ਮਨੁੱਖ ਦੇ ਗਿਆਨ ਦਾ ਆਧਾਰ ਤਾਂ ਭਾਵੇਂ ਨਹੀਂ ਪਰ ਇਸਨੂੰ ਹਾਸਲ ਕਰਨ ਲਈ ਹੁਲਾਰ-ਪੈਂੜੇ ਦਾ ਕੰਮ ਜਰੂਰ ਕਰਦੀ ਹੈ. ਮੁੱਢ-ਕਦੀਮ ਤੋਂ ਲੈ ਕੇ ਮਨੁੱਖ ਦਾ ਵਾਹ ਜਿਸ ਕਾਸੇ ਨਾਲ ਵੀ ਪਿਆ, ਮਨੁੱਖੀ ਮਨ ਅੰਦਰ ਉਸ ਸਬੰਧੀ ਹੀ ਜਾਨਣ ਦੀ ਇੱਛਾ ਪੈਦਾ ਹੋਣੀ ਸੁਭਾਵਿਕ ਹੀ ਸੀ. ਭਾਵੇਂ ਉਸਦੀ ਇਹ ਇੱਛਾ ਉਸਦੇ ਜੀਵਨ ਦੀ ਕਿਸੇ ਵੀ ਲੋੜ ਵਿੱਚੋਂ ਉੱਤਪਨ ਹੋਈ.

ਪਹਿਲਾਂ-ਪਹਿਲ ਮਨੁੱਖ ਦੀ ਜਗਿਆਸਾ ਕਾਰਣ ਉਸਦੇ ਮਨ ਅੰਦਰ ਉਠੇ ਸਵਾਲਾਂ ਨੂੰ ਸੰਬੋਧਨ ਹੋਣ ਵਾਲੇ ਬਹੁਤੇ ਮੱਤ ਮਤਾਂਤਰ ਬਾਅਦ ਵਿੱਚ ਧਰਮ ਵਿੱਚ ਤਬਦੀਲ ਹੋ ਗਏ ਤੇ ਕੁਝ ਮੱਤ ਹੀ ਰਹੇ (ਜਿਵੇਂ ਚਾਰਵਾਕ ਮੱਤ). ਇਹਨਾਂ ਮੱਤਾਂ ਅਤੇ ਧਰਮਾਂ ਨੇ ਆਤਮਾ-ਪ੍ਰਮਾਤਮਾ, ਕੁਦਰਤ, ਮਨੁੱਖ ਦੀ ਹੋਂਦ, ਸਮਾਜਿਕ ਕਰਤਵ ਆਦਿ, ਮੁੱਕਦੀ ਗੱਲ, ਜੀਵਨ ਦਾ ਹਰ ਉਹ ਖੇਤਰ ਜਿਸਦਾ ਵੀ ਮਨੁੱਖੀ ਸੋਚ ਨਾਲ ਵਾਹ-ਵਾਸਤਾ ਸੀ, ਬਾਰੇ ਅਪਣੇ ਤੌਰ 'ਤੇ ਵਿਆਖਿਆਵਾਂ ਪੇਸ਼ ਕੀਤੀਆਂ (ਇਹਨਾਂ ਨੇ ਮਨੁੱਖੀ ਸਮਾਜ ਵਿੱਚ ਕਿਹੋ-ਜਿਹੀ ਭੂਮਿਕਾ ਨਿਭਾਈ, ਇਹ ਇੱਕ ਵੱਖਰਾ ਵਿਸ਼ਾ ਹੈ).

ਧਰਮ, ਮਨੁੱਖੀ ਸੋਚ ਨੂੰ ਨੂੜ ਕੇ ਰੱਖਣ ਲਈ ਭਾਵੇਂ ਵੀ ਟਿੱਲ ਲਾਉਂਦਾ ਰਿਹਾ ਪਰ ਫਿਰ ਵੀ ਸਮੁੱਚੀ ਸੋਚ ਇਸਦਾ ਸ਼ਿਕਾਰ ਨਾ ਬਣੀ. ਉਹ ਧਰਮ ਦੇ ਜਵਾਬਾਂ ਤੋਂ ਸੰਤੁਸ਼ਟ ਨਾ ਹੋਈ, ਜਾਂ ਕਹਿ ਲਵੋ ਕਿ ਪੂਰੀ ਤਰ੍ਹਾਂ ਸੰਤੁਸ਼ਟ ਨਾ ਹੋਈ. ਕਿਉਂਕਿ ਪਦਾਰਥ ਹਮੇਸ਼ਾ ਗਤੀਸ਼ੀਲ ਰਹਿੰਦਾ ਹੈ, ਇਸ ਲਈ ਇਸੇ ਪਦਾਰਥ ਦਾ ਹੀ ਇਕ ਗੁਣ-ਚੇਤਨਤਾ ਵੀ ਸਦਾ ਗਤੀਸ਼ੀਲ ਰਹਿੰਦੀ ਹੈ. ਚੇਤਨਤਾ, ਜੋ ਹਾਸਲ ਗਿਆਨ ਹੈ ਉਸ ਤੋਂ ਅੱਗੇ ਵਧਣ ਦਾ ਨਾਮ ਹੈ. ਚੇਤਨਤਾ ਵਿੱਚ ਖੜੋਤ ਦੇਖਣਾ ਜਾਂ ਖੜੋਤ ਲਿਆ ਸਕਣ ਦੀ ਸੋਚਣਾ ਇੱਕ ਖਾਮ-ਖਿਆਲੀ ਤੋਂ ਵੱਧ ਕੁੱਝ ਵੀ ਨਹੀਂ ਹੈ, ਧਾਰਮਿਕ ਬਿਰਤੀ ਦਾ ਮਨੁੱਖੀ ਸੋਚ ਨੂੰ ਪਾਏ ਨਿਓਲ ਨੂੰ ਚਕਨਾਚੂਰ ਕਰਕੇ ਅਜ਼ਾਦ ਸੋਚਣੀ ਦੀ ਤੋਰ ਤੁਰਨ ਵਾਲੀ ਮਨੁੱਖੀ ਸੋਚ ਦਾ ਇਤਿਹਾਸਕ ਤੱਥ ਵੀ ਇਸ ਗੱਲ ਦੀ ਠੋਕਵੀਂ ਸ਼ਾਹਦੀ ਭਰਦਾ ਹੈ. ਪਰ ਇਹ ਤਾਂ ਹੀ ਸੰਭਵ ਹੋ ਸਕਿਆ ਜੇਕਰ ਮਨੁੱਖੀ ਮਨ ਵਿਚਲੀ ਜਗਿਆਸਾ ਨੇ ਮਨੁੱਖ ਨੂੰ ਉਸਦੇ ਅਮਲ ਵਿੱਚੋਂ ਉਠਦੇ ਸਵਾਲਾਂ ਦੇ ਸਹੀ ਜਵਾਬ ਲੱਭਣ ਕਰਕੇ ਹੀ ਅੱਜ ਤੱਕ ਦੇ ਸਹੀ ਦਰਸ਼ਨ ਅਤੇ ਵਿਗਿਆਨ ਦੇ ਖੇਤਰਾਂ ਦੀ ਤਰੱਕੀ ਸੰਭਵ ਹੋ ਸਕੀ ਹੈ ਅਤੇ ਮਨੁੱਖੀ ਸਭਿਅਤਾ ਅੱਗੇ ਵਧ ਸਕੀ ਹੈ.

ਸਹੀ ਦਰਸ਼ਨ ਤੇ ਵਿਗਿਆਨ ਨੇ ਜਿੱਥੇ ਮਨੁੱਖੀ ਅਮਲ ਨੂੰ ਸਹੀ ਸੇਧ ਦਿੱਤੀ ਉਥੇ ਨਾਲ ਦੀ ਨਾਲ ਧਰਮ ਵੱਲੋਂ ਫੈਲਾਏ ਅੰਧ-ਵਿਸ਼ਵਾਸਾਂ ਦੇ ਮਨੁੱਖੀ ਸੋਚ ਨੂੰ ਲਾਏ ਜੰਗਾਲ ਨੂੰ ਕਾਫੀ ਹੱਦ ਤੱਕ ਸਾਫ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ ਅਤੇ ਨਿਭਾਏਗਾ.

ਹਰ ਮਨੁੱਖ ਚੰਗੇਰਾ ਜੀਵਨ ਬਤੀਤ ਕਰਨ ਦੀ ਲੋਚਾ ਰੱਖਦਾ ਹੈ. ਪਰ ਚੰਗੇਰਾ ਜੀਵਨ ਹਾਸਲ ਕਰਨ ਵਿੱਚ ਆਉਂਦੀਆਂ ਸਮੱਸਿਆਵਾਂ ਜਾਂ ਰੁਕਾਵਟਾਂ ਵੱਲ ਠੀਕ ਪਹੁੰਚ ਅਪਨਾਉਂਣ ਨਾਲ ਹੀ ਇਹਨਾਂ ਦਾ ਹੱਲ ਲੱਭਿਆ ਜਾਣਾ ਸੰਭਵ ਹੁੰਦਾ ਹੈ ਅਤੇ ਇਸਦੀ ਪ੍ਰਾਪਤੀ ਹੋ ਸਕਦੀ ਹੈ. ਪਰ ***ਅੰਧ-ਵਿਸ਼ਵਾਸ਼ ਤਾਂ ਕਿੰਤੂ-ਰਹਿਤ ਵਿਸ਼ਵਾਸ਼ ਦਾ ਨਾਮ ਹੈ.*** ਇਸ ਲਈ ਮਨੁੱਖ ਦਾ ਕਿੰਤੂ-ਰਹਿਤ ਹੋਣ ਦਾ ਮਤਲਬ ਆਪਣੀ ਬੁੱਧੀ ਦਾ ਪ੍ਰਯੋਗ ਨਾ ਕਰਨਾ ਹੈ-ਉਸ ਬੁੱਧੀ ਦਾ ਜਿਸ ਸਦਕਾ ਮਨੁੱਖ ਸਾਰੇ ਪ੍ਰਾਣੀਆਂ ਤੋਂ ਉਚੇਰੀ ਪੱਧਰ ਦਾ ਜੀਵ ਕਹਿਲਾਇਆ ਹੈ. ਆਪਣੀ ਬੁੱਧੀ ਦਾ ਪ੍ਰਯੋਗ ਨਾ ਕਰਦਿਆਂ ਕਿਸੇ ਗੱਲ ਨੂੰ ਐਵੇਂ ਮੰਨੀ ਜਾਣਾ ਮਾਨਸਿਕ ਗੁਲਾਮੀ ਦੀ ਇੱਕ ਜ਼ਾਹਰਾ ਨਿਸ਼ਾਨੀ ਹੁੰਦੀ ਹੈ. ਇਸ ਬਿਰਤੀ ਦੇ ਕੀ ਸਿੱਟੇ ਨਿਕਲਦੇ ਹਨ? ਪਹਿਲੀ ਸੱਟੇ ਤਾਂ ਇਹੀ ਕਿ ਮਾਨਸਿਕ ਗੁਲਾਮੀ ਵਾਲਾ ਮਨੁੱਖ ਤਾਂ ਆਪਣੀ ਬੁੱਧੀ ਦਾ ਮਾਲਕ ਵੀ ਨਹੀਂ ਰਹਿੰਦਾ, ਫਿਰ ਉਸਦੀ ਮਨੁੱਖੀ ਹੋਂਦ ਦੀ ਪਹਿਚਾਣ ਹੀ ਕੀ ਰਹਿ ਗਈ? ਦੂਸਰੀ ਗੱਲ ਇਹ ਕਿ ਗੁਲਾਮੀ ਮਾਨਸਿਕ ਹੋਵੇ, ਭਾਵੇਂ ਕਿਸੇ ਹੋਰ ਰੂਪ ਵਿੱਚ, ਗੁਲਾਮੀ ਤਾਂ ਗੁਲਾਮੀ ਹੀ ਹੈ. ਇਸ ਦੇ ਹੁੰਦਿਆਂ ਚੰਗੇਰੇ ਜੀਵਨ ਦੀ ਆਸ ਕਰਨਾ ਆਪਣੇ ਆਪਨੂੰ ਬੁੱਧੂਆਂ ਦੇ ਬਹਿਸਤ ਵਿੱਚ ਰੱਖਣਾ ਹੀ ਹੈ. ਤੀਸਰੀ ਗੱਲ ਇਹ ਕਿ ਇਹ ਬਿਰਤੀ ਸਮੱਸਿਆਵਾਂ ਦੇ ਸਹੀ ਹੱਲ ਲੱਭਣ ਤੋਂ ਕਿਨਾਰਾਕਸ਼ੀ ਕਰਕੇ ਮਨੁੱਖ ਨੂੰ ਜਿਹੋ ਜਿਹਾ ਜੀਵਨ ਹੈ, ਸਿਰ ਸੁੱਟ ਕੇ ਬਤੀਤ ਕਰਨ ਦਾ ਕਾਰਣ ਬਣਦੀ ਹੈ.

ਸਮਾਜ ਦੇ ਕਿਸੇ ਵੀ ਹਿੱਸੇ ਅੰਦਰ ਪਈ ਇਸ ਮਨੁੱਖ-ਘਾਤੀ ਮਾਨਸਿਕ ਗੁਲਾਮੀ ਵਾਲੀ ਬਿਰਤੀ ਦਾ ਅਸਰ ਸਮੁੱਚੇ ਸਮਾਜ ਤੇ ਹੀ ਪੈਂਦਾ ਹੈ. ਤਰਕਸ਼ੀਲ ਸੁਸਾਇਟੀ ਵੀ ਸਮਾਜ ਦਾ ਇੱਕ ਅੰਗ ਹੋਣ ਦੇ ਨਾਤੇ ਲੋਕਾਂ ਨੂੰ ਇਸ ਮਾਨਸਿਕ ਗੁਲਾਮੀ ਦੀ ਜਕੜ ਤੋਂ ਮੁੱਕਤੀ ਦਿਵਾਉਂਣ ਦਾ ਆਪਣਾ ਫਰਜ ਸਮਝਦੀ ਹੈ. ਇਹ ਅੰਧ-ਵਿਸ਼ਵਾਸ਼ਾਂ ਨੂੰ ਮੁੱਢ-ਕਦੀਮੀ ਦੌਰ ਵਿੱਚ ਅਗਿਆਨਤਾ ਵਿੱਚੋਂ ਚੱਲਿਆ ਆ ਰਿਹਾ ਅਤੇ ਹੁਣ ਲੁਟੇਰੀ ਜਮਾਤ ਵੱਲੋਂ ਲੋਕਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾ ਕੇ ਆਪਣਾ ਉੱਲੂ ਸਿੱਧਾ ਰੱਖਣ ਲਈ ਸੋਚ ਸਮਝਕੇ ਚਾਲਇਆ ਜਾ ਰਿਹਾ ਇੱਕ ਕੁਲੈਹਣਾ ਚੱਕਰਵਿਊ ਸਮਝਦੀ ਹੈ. ਇਸ ਲਈ ਲੋਕਾਂ ਨੂੰ ਇਹਨਾਂ ਤੋਂ ਛੁਕਾਰਾ ਦਿਵਾਉਣ ਲਈ ਆਪਣੇ ਵਿੱਤ ਅਤੇ ਸਮਰੱਥਾ ਮੁਤਾਬਕ ਇਹਨਾਂ ਖਿਲਾਫ਼ ਜਦੋਜਹਿਦ ਕਰ ਰਹੀ ਹੈ.

***ਕੀ ਹੈ? ਕਿਉਂ ਹੈ? ਅਤੇ ਕਿਵੇਂ ਹੈ?*** ਇਹ ਜਾਨਣ ਲਈ ਹਰ ਮਨੁੱਖ ਵਿੱਚ ਜਗਿਆਸਾ ਦਾ ਹੋਣਾ ਇਕ ਲਾਜ਼ਮੀ ਸ਼ਰਤ ਹੈ. ਇਸੇ ਲਈ ***ਜਗਿਆਸਾ, ਅੰਧ-ਵਿਸ਼ਵਾਸ ਦੇ ਵਿਰੁੱਧ ਇੱਕ ਪ੍ਰਬਲ ਬਿਰਤੀ ਹੋ ਨਿੱਬੜਦੀ ਹੈ*** ਜਾਂ ਇਸ ਦੇ ਉਲਟ ਵੀ ਗੱਲ ਠੀਕ ਹੈ. ਤਾਂਹੀਓ, ਤਰਕਸ਼ੀਲ ਸੁਸਾਇਟੀ ਆਪਣੇ ਉਦੇਸ਼ ਦੀ ਪੂਰਤੀ ਲਈ ਲੋਕਾਂ ਦੇ ਮਨਾਂ ਅੰਦਰ ਜਗਿਆਸਾ ਦੀ ਜਯੋਤੀ ਜਗਾਉਂਦਿਆਂ ਇਸ ਨੂੰ ਹੇਮ-ਜਯੋਤੀ ਬਣਾਈ ਰੱਖਣਾ ਲੋਚਦੀ ਹੈ.

ਹਥਲੀ ਕਿਤਾਬ "ਤੁਸਾਂ ਪੁਛਿਆ" ਇਸੇ ਮੰਤਵ ਦੀ ਪੂਰਤੀ ਲਈ ਸੰਪਾਦਤ ਕਰਕੇ ਪਾਠਕਾਂ ਦੇ ਅੱਗੇ ਪੇਸ਼ ਕੀਤੀ ਜਾ ਰਹੀ ਹੈ. ਇਹ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੇ ਛਪਣ ਵਾਲੇ ਦੋ-ਮਾਸਕ ਰਸਾਲੇ 'ਤਰਕਸ਼ੀਲ' ਵੱਲੋਂ ਅਪਣੇ ਪਾਠਕਾਂ ਵੱਲੋਂ ਸਮੇਂ ਸਮੇਂ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਜਵਾਬਾਂ ਦਾ ਸੰਗ੍ਰਿਹ ਹੈ. ਸਵਾਲਾਂ-ਜਵਾਬਾਂ ਵਿੱਚ ਮਾੜੀ-ਮੋਟੀ ਸੋਧ-ਸੁਧਾਈ ਹੀ ਕੀਤੀ ਗਈ ਹੈ. ਪਾਠਕਾਂ ਦੀ ਸੌਖ ਲਈ ਕਿਤਾਬ ਨੂੰ ਵੱਖੋ ਵੱਖਰੇ ਭਾਗਾ ਵਿੱਚ ਵੰਡਿਆ ਗਿਆ ਹੈ.

ਇਸ ਕਿਤਾਬ ਨੂੰ ਤਿਆਰ ਕਰਨ ਵਿੱਚ ਅਵਤਾਰ ਗੋਂਦਾਰਾ, ਬਲਦੇਵ ਬਠਿੰਡਾ, ਬਲਵੀਰ ਚੰਦ ਲੌਂਗੋਵਾਲ ਅਤੇ ਪਾਲ ਬਾਗਪੁਰੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ.

ਇਸ ਵਿੱਚ ਅੰਧ-ਵਿਸ਼ਵਾਸਾਂ, ਧਾਰਮਿਕ ਮਿੱਥਾਂ, ਸਰੀਰ ਰਚਨਾ, ਸਰੀਰਕ ਬੀਮਾਰੀਆਂ, ਕੁਦਰਤ, ਤਰਕਸ਼ੀਲਤਾ ਅਤੇ ਹੋਰ ਰਲਵੇਂ-ਮਿਲਵੇਂ ਸਵਾਲਾਂ ਦੀ ਵਿਗਿਆਨਕ ਜਾਣਕਾਰੀ ਪੇਸ਼ ਕੀਤੀ ਗਈ ਹੈ. ਇਹ ਕਿਤਾਬ ਪ੍ਰਚੱਲਿਤ ਰੂੜੀਵਾਦੀ ਸ਼ੰਕਿਆਂ ਨੂੰ ਨਵਿਰਤ ਕਰਕੇ ਪਾਠਕ ਨੂੰ ਕੁੱਝ ਨਾ ਕੁੱਝ ਹੋਰ ਜਾਨਣ ਵੱਲ ਤੋਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ. ਜੇਕਰ ਇਸਦੇ ਪੜ੍ਹਨ ਨਾਲ ਪਾਠਕ ਦੇ ਮਨਾਂ ਅੰਦਰ ਕਿਸੇ ਕਿਸਮ ਦੀ ਜਿਗਿਆਸਾ ਪੈਦਾ ਹੁੰਦੀ ਹੈ ਤਾਂ ਤਰਕਸ਼ੀਲ ਸੁਸਾਇਟੀ ਆਪਣੇ ਇਸ ਉਪਰਾਲੇ ਨੂੰ ਸਾਰਥਿਕ ਸਮਝੇਗੀ.

***ਮਾੜੇ-ਮੋਟੇ ਕਿੰਤੂ-ਪ੍ਰੰਤੂ ਕਰਨ ਅਤੇ ਲੋਹੇ-ਲਾਖੇ ਹੋਣ ਵਾਲੀ ਧਾਰਮਿਕ ਬਿਰਤੀ ਦੇ ਉਲਟ ਸੁਸਾਇਟੀ ਇਸ ਕਿਤਾਬ ਸਬੰਧੀ ਪਾਠਕਾਂ ਵੱਲੋਂ ਆਏ ਹਰ ਸੁਝਾਅ ਅਤੇ ਪੜਚੋਲ ਨੂੰ ਖਿੜੇ-ਮੱਥੇ ਪ੍ਰਵਾਨ ਕਰੇਗੀ.***

*ਹੇਮ ਰਾਜ ਸਟੇਨੋ*

# ਭਾਗ ਪਹਿਲਾ

# ਧਾਰਮਿਕ ਮਿਥਾਂ ਬਾਰੇ

**ਸਵਾਲ:** ਰੱਬ ਦੀ ਹੋਂਦ ਤੋਂ ਮੁਨਕਰ ਬਹੁਤੇ ਲੋਕ ਕਿਤੇ ਜ਼ਾਲਿਮ ਤਾਂ ਨਹੀਂ ਹੋ ਜਾਣਗੇ ? ਡਰ ਹੀ ਤਾਂ ਮਨੁੱਖ ਨੂੰ ਅੱਤਿਆਚਾਰੀ ਹੋਣੋ ਰੋਕਦਾ ਹੈ?

**ਜਵਾਬ:** ਕੀ ਜੋ ਧਰਮ ਤੇ ਅਧਾਰ ਤੇ ਕਿਸੇ ਰੱਬ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ ਉਹ ਕੋਈ ਜੁਲਮ ਨਹੀਂ ਕਰਦੇ ? ਔਰੰਗਜ਼ੇਬ ਖੁਦਾ ਨੂੰ ਮੰਨਦਾ ਸੀ ਪ੍ਰੰਤੂ ਭਾਰਤ ਦਾ ਸਭ ਤੋਂ ਜ਼ਾਲਿਮ ਸ਼ਾਸ਼ਕ ਸਿੱਧ ਹੋਇਆ. ਮਨੁੱਖ ਉੱਪਰ ਸਮਾਜ ਦੀ ਕਾਫੀ ਬੰਦਿਸ਼ ਹੈ. ਉਸ ਨੂੰ ਆਪਣੇ ਕੀਤੇ ਸੀ ਸਜ਼ਾ ਤੁਰੰਤ ਭੁਗਤਣ ਦਾ ਡਰ ਹੈ. ਕਹਾਵਤ ਹੈ ਕਿ ਰੱਬ ਨੇੜੇ ਕਿ ਘਸੁੰਨ. ਫਿਰ ਨਾਸਤਿਕ ਵੀ ਤਾਂ ਮਾਨਵਤਾਵਾਦੀ ਹੋ ਸਕਦੇ ਹਨ.

**ਸਵਾਲ:** ਨਿਊਟਨ ਦਾ ਪ੍ਰਮਾਤਮਾਂ ਵਿੱਚ ਅਟੁੱਟ ਵਿਸ਼ਵਾਸ ਸੀ. ਉਸ ਦਾ ਮੰਨਣਾ ਸੀ ਕਿ ਭੌਤਿਕ ਜਗਤ ਵਿੱਚ ਹਰ ਇੱਕ ਚੀਜ਼ ਦੇ ਪਿੱਛੇ ਕੋਈ ਨਾ ਕੋਈ ਉਸ ਦੀ ਬਣਤਰ ਕਰਨ ਵਾਲਾ ਹੈ. ਜਗਤ ਵਿੱਚ ਕੋਈ ਵੀ ਵਸਤੂ ਐਸੀ ਨਹੀਂ ਜੋ ਆਪਣੇ ਆਪ ਬਣੀ ਹੋਵੇ. ਕੀ ਅਜਿਹੀ ਕੋਈ ਵਸਤੂ ਹੈ ਜੋ ਬਿਨਾਂ ਬਣਾਏ ਆਪਣੇ ਆਪ ਬਣ ਗਈ ਹੋਵੇ ? ਜੇ ਬਣੀ ਤਾਂ ਕਿਵੇਂ? ਨਾਲੇ ਸਿੱਧ ਕਰਨ ਦੀ ਖੇਚਲ ਵੀ ਕਰਨਾ ਕਿਉਂਕਿ ਆਪ ਦਾ ਹੀ ਵਿਚਾਰ ਹੈ ਕਿ ਹਰ ਇੱਕ ਗੱਲ ਨੂੰ ਵਿਗਿਆਨ ਦੇ ਆਧਾਰ ਤੇ ਪਰਖਣਾ ਚਾਹੀਦਾ ਹੈ.ਕਹਿਣ ਤੋਂ ਭਾਵ ਹੈ ਕਿ ਜੇ ਸਹਿਮਤ ਹੋ ਤਾਂ ਜਿਸ ਸਾਇੰਸ ਨੇ ਚੰਦਰਮਾ, ਧਰਤੀ, ਸੂਰਜ, ਪ੍ਰਕਾਸ਼ ਅਤੇ ਉਪਗ੍ਰਹਿਆਂ ਦੀ ਦੂਰੀ ਗਤੀ ਤੱਕ ਨੂੰ ਨਾਪ ਲਿਆ ਹੈ, ਜਿਸ ਦੀ ਗਤੀ, ਦੂਰੀ ਨੂੰ ਨਿਰੰਤਰ ਕਰਨ, ਘਟਾਣ ਜਾਂ ਵਧਾਣ ਦੀ ਸਮਰੱਥਾ ਕਦੋਂ ਹਾਸਲ ਕਰ ਸਕੇਗੀ ਅਤੇ ਇਸ ਸਭ ਨੂੰ ਬਨਾਉਣ ਵਾਲਾ ਕੌਣ ਹੈ ?

**ਜਵਾਬ:** ਨਿਊਟਨ ਰੱਬ ਦੀ ਹੋਂਦ ਵਿੱਚ ਯਕੀਨ ਰੱਖਦੇ ਸਨ. ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ. ਉਸ ਦੇ ਸਮੇਂ ਦੇ ਵਿਗਿਆਨ ਦੀ ਸੀਮਾ ਹੋ ਸਕਦੀ ਹੈ. ਵਿਗਿਆਨ ਕਿਸੇ ਵੀ ਵਿਗਿਆਨੀ ਵੱਲੋਂ ਪੇਸ਼ ਸਿਧਾਂਤਾਂ ਨੂੰ ਅਮਲ ਵਿੱਚ ਪਰਖ ਕੇ ਦੇਖਦਾ ਹੈ. ਨਿਊਟਨ ਦੇ ਗਤੀ ਨਿਯਮ ਮੁਢਲੀਆਂ ਪਰਖਾਂ ਵਿੱਚ ਸਫਲ ਹੋਣ ਕਰਕੇ ਪ੍ਰਵਾਨ ਕੀਤੇ ਗਏ ਸਨ.ਨਿਊਟਨ ਦਾ ਪ੍ਰਮਾਤਮਾਂ ਵਿੱਚ ਯਕੀਨ ਕਿਸੇ ਭੌਤਿਕ ਅਮਲ ਵਿੱਚ ਸਿੱਧ ਨਹੀਂ ਹੋਇਆ. ਕਿਸੇ ਕਾਰਨ ਉਸ ਨੂੰ ਹਰ ਵਿਗਿਆਨਕ ਮੱਤ ਦੇ ਧਾਰਨੀ ਲਈ ਮੰਨਣਾ ਜ਼ਰੂਰੀ ਨਹੀਂ ਹੈ. ਇਸ ਦੇ ਨਾਲ ਹੀ ਜੁੜਦੀ ਗੱਲ ਇਹ ਹੈ ਕਿ ਵਿਗਿਆਨਕ ਨਿਯਮ ਨਵੇਂ ਤੱਥਾਂ ਦੀ ਰੌਸ਼ਨੀ ਵਿੱਚ ਸੋਧੇ ਜਾ ਸਕਦੇ ਹਨ ਜਦੋਂ ਕਿ ਧਰਮ ਆਪਣੇ ਨਿਯਮਾਂ ਨੂੰ ਸਦੀਵੀ ਅਬਦਲ ਮੰਨ ਕੇ ਚਲਦਾ ਹੈ. ਆਈਨਸਟਾਈਨ ਦੀ ਖੋਜ ਨਾਲ ਨਿਊਟਨ ਦੇ ਗਤੀ ਨਿਯਮਾਂ ਵਿੱਚ ਵੀ ਸੋਧ ਕੀਤੀ ਗਈ ਹੈ.

ਬ੍ਰਹਿਮੰਡ ਨੂੰ ਬਣਾਉਣ ਵਾਲਾ ਕੋਈ ਵੀ ਨਹੀਂ ਹੈ. ਇਹ ਆਪਣੇ ਆਪ ਤੋਂ ਬਣਿਆ ਹੈ. ਜੇਕਰ ਆਪਾਂ ਇਹ ਦਲੀਲ ਅਨੁਸਾਰ ਸੋਚੀਏ ਕਿ ਹਰ ਇੱਕ ਸ਼ੈਅ ਨੂੰ ਬਣਾਉਣ ਵਾਲਾ ਕੋਈ ਨਾ ਕੋਈ ਤਾਂ ਹੈ ਕਿਉਂਕਿ ਕੋਈ ਵੀ ਸ਼ੈਅ ਆਪਣੇ ਆਪ ਨਹੀਂ ਬਣਦੀ ਤਾਂ ਫਿਰ ਇਸ ਅਨੁਸਾਰ ਪ੍ਰਮਾਤਮਾਂ ਨੂੰ ਬਣਾਉਣ ਵਾਲਾ ਕੌਣ ਹੈ ? ਜੇ ਪ੍ਰਮਾਤਮਾਂ ਆਪਣੇ ਆਪ ਤੋਂ ਬਣਿਆ ਹੈ ਤਾਂ ਫੇਰ ਬ੍ਰਹਿਮੰਡ (ਪਦਾਰਥ) ਆਪਣੇ ਆਪ ਤੋਂ ਕਿਉਂ ਨਹੀਂ ਬਣ ਸਕਦਾ? ਵਿਗਿਆਨ ਨੇ ਧਰਤੀ ਦੇ ਨੇੜਲੇ ਪੁਲਾੜੀ ਪਿੰਡਾਂ ਦੀ ਦੂਰੀ ਅਤੇ ਗਤੀ ਨਾਲ ਪਈ ਹੈ, ਪ੍ਰੰਤੂ ਇਨ੍ਹਾਂ ਨੂੰ ਵਧਾਣ-ਘਟਾਣ ਦੀ ਅਜੇ ਕੋਈ ਸਮਰੱਥਾ ਵਿਕਸਿਤ ਨਹੀਂ ਕੀਤੀ. ਸ਼ਾਇਦ

ਦੂਰ ਭਵਿੱਖ ਵਿੱਚ ਕੋਈ ਅਜਿਹੀ ਸਮਰੱਥਾ ਵਿਕਸਿਤ ਹੋ ਜਾਵੇ. ਹਾਲ ਦੀ ਘੜੀ ਵਿਗਿਆਨ ਦਾ ਅਜਿਹਾ ਕੋਈ ਵੀ ਦਾਅਵਾ ਨਹੀਂ ਹੈ.

**ਸਵਾਲ:** ਰਾਜਿੰਦਰ ਬੇਦੀ ਦੇ ਵਿਚਾਰ ਕਿ ਧਾਰਮਿਕ ਗ੍ਰੰਥ ਛੁੱਟੜ ਕਿਤਾਬਾਂ ਹਨ, ਨੂੰ ਪ੍ਰਕਾਸ਼ਿਤ ਕਰਕੇ ਕੀ ਆਪ ਨੇ ਕਰੋੜਾਂ ਹੀ ਪ੍ਰਭੂ-ਭਗਤਾਂ ਦੇ ਮਨਾਂ ਨੂੰ ਠੇਸ ਨਹੀਂ ਪਹੁੰਚਾਈ ?

**ਜਵਾਬ:** ਧਾਰਮਿਕ ਗ੍ਰੰਥ ਨੂੰ ਛੁੱਟੜ ਕਿਤਾਬਾਂ ਦਰਸਾਂਉਦੇ ਵਿਚਾਰ ਉਰਦੂ ਦੇ ਪ੍ਰਸਿੱਧ ਕਹਾਣੀਕਾਰ ਸ਼੍ਰੀ ਰਾਜਿੰਦਰ ਸਿੰਘ ਬੇਦੀ ਦੇ ਹਨ. ਇਹ ਵਿਚਾਰ ਉਨ੍ਹਾਂ ਨੇ ਕਿਸ ਪ੍ਰਸੰਗ ਵਿੱਚ ਪ੍ਰਗਟਾਏ ਅਤੇ ਉਨ੍ਹਾਂ ਨੇ ਅਜਿਹੇ ਵਿਚਾਰ ਕਿਉਂ ਅਪਣਾਏ ਇਨ੍ਹਾਂ ਦਾ ਸੰਬੰਧ ਤਾਂ ਉਨ੍ਹਾਂ ਨਾਲ ਹੀ ਬਣਦਾ ਸੀ. ਜਿਥੋਂ ਤੱਕ ਅਜਿਹੇ ਵਿਚਾਰ ਪੁਨਰ-ਪ੍ਰਕਾਸ਼ਿਤ ਕਰਕੇ ਕਰੋੜਾਂ ਪ੍ਰਭੂ-ਭਗਤਾਂ ਦੇ ਮਨਾਂ ਨੂੰ ਠੇਸ ਪਹੁੰਚਾਣ ਦਾ ਸੰਬੰਧ ਹੈ, ਸਾਡਾ ਕਿਸੇ ਦੇ ਮਨ ਨੂੰ ਧਾਰਮਿਕ ਭਾਵਨਾਵਾਂ ਦੇ ਪੱਖ ਤੋਂ ਠੇਸ ਪਹੁੰਚਾਣ ਦਾ ਕਦੇ ਵੀ ਕੋਈ ਸਿੱਧਾ ਜਾਂ ਅਸਿੱਧਾ ਮੰਤਵ ਨਾ ਤਾਂ ਕਦੇ ਹੋਇਆ ਹੈ ਅਤੇ ਨਾ ਹੀ ਹੈ. ਸਗੋਂ ਇਸਦੇ ਉਲਟ ਬਹੁਤ ਧਾਰਮਿਕ ਪੁਸਤਕਾਂ ਵਿੱਚ ਨਾਸਤਿਕਾਂ ਲਈ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਅਤੇ ਬਹੁਤ ਸਾਰੇ ਧਾਰਮਿਕ ਸਥਾਨਾਂ ਤੋਂ ਲਗਾਤਾਰ ਦੂਜੇ ਧਰਮਾਂ ਵਾਲਿਆਂ ਜਾਂ ਨਾਸਤਿਕਾਂ ਨੂੰ ਗਾਲ੍ਹਾਂ ਵਰਗੀ ਭਾਸ਼ਾ ਵਿੱਚ ਸੰਬੋਧਿਤ ਹੋਇਆ ਜਾਂਦਾ ਹੈ. ਉਦਾਹਰਣ ਵਜੋਂ ਸੂਫੀ ਸ਼ਾਇਰ ਬਾਬਾ ਫਰੀਦ ਲਿਖਦੇ ਹਨ :

ਬੇਨਿਵਾਜਾ ਕੁੱਤਿਆ ਇਹ ਨਾ ਭਲੀ ਰੀਤ
ਕਬਹੂੰ ਚਲ ਨਾ ਆਇਆ ਪੰਜੇ ਵਖਤ ਮਸੀਤ

ਬਾਬਾ ਫਰੀਦ ਮਸੀਤ ਵਿੱਚ ਨਾ ਆਉਣ ਵਾਲੇ ਸਾਰੇ ਵਿਅਕਤੀਆਂ ਨੂੰ ਕੁੱਤੇ ਕਹਿ ਰਹੇ ਹਨ. ਕੀ ਇਸ ਆਧਾਰ ਉੱਪਰ ਬਾਬਾ ਫਰੀਦ ਸੂਫੀ ਸੰਪਰਦਾਇ ਜਾਂ ਜਿੰਨ੍ਹਾਂ ਪੁਸਤਕਾਂ ਵਿੱਚ ਇਹ ਸ਼ਲੋਕ ਦਰਜ ਹਨ ਉਨ੍ਹਾਂ ਉੱਪਰ ਰੋਕ ਲਗਾ ਦੇਣੀ ਚਾਹੀਦੀ ਹੈ ? ਤੁਸੀਂ ਸਾਡੇ ਨਾਲ ਸਹਿਮਤ ਹੋਵੋਗੇ ਕਿ ਅਜਿਹਾ ਕਰਨਾ ਠੀਕ ਨਹੀਂ ਹੋਵੇਗਾ ਕਿਉਂਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ. ਇਸੇ ਪ੍ਰਕਾਰ ਹਰ ਵਿਅਕਤੀ ਨੂੰ ਆਪਣੇ ਵਿਚਾਰ ਰੱਖਣ ਦੀ ਖੁੱਲ ਹੈ ਅਤੇ ਖੁੱਲ ਹੋਣੀ ਚਾਹੀਦੀ ਹੈ ਪਰ ਆਪਣੇ ਵਿਚਾਰਾਂ ਨੂੰ ਦੂਜਿਆਂ ਤੇ ਜਬਰਦਸਤੀ ਠੋਸਣਾ ਗਲਤ ਹੈ. ਤਰਕਸ਼ੀਲ ਅਦਾਰਾ ਸਿਰਫ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦਾ ਹੈ ਕਿਸੇ ਉੱਪਰ ਆਪਣੇ ਵਿਚਾਰ ਜਬਰਦਸਤੀ ਥੋਪਦਾ ਨਹੀਂ ਹੈ ਅਤੇ ਨਾ ਹੀ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ.

ਹੋਰ ਵੀ, ਜਦੋਂ ਵੀ ਕੋਈ ਵਿਅਕਤੀ ਪੁਰਾਣੇ ਚੱਲੇ ਆਉਂਦੇ ਰੂੜ੍ਹੀਵਾਦੀ ਵਿਚਾਰਾਂ ਦਾ ਵਿਰੋਧ ਕਰਦਾ ਹੈ ਤਾਂ ਪੁਰਾਣੇ ਖਿਆਲਾਂ ਵਾਲਿਆਂ ਨੂੰ ਲੱਗਦਾ ਹੈ ਕਿ ਸ਼ਾਇਦ ਇਹ ਸਭ ਕੁਝ ਸਾਡੇ ਮਨਾਂ ਨੂੰ ਠੇਸ ਪਹੁੰਚਾਣ ਖਾਤਰ ਕੀਤਾ ਜਾ ਰਿਹਾ ਹੈ. ਜੇ ਇਉਂ ਹੈ ਤਾਂ ਕੀ ਗੁਰੂ ਨਾਨਕ ਦੇਵ ਹੇਠ ਲਿਖੇ ਸ਼ਲੋਕ ਜਨੇਊ ਪਾਉਣ ਵਾਲਿਆਂ ਦੇ ਮਨਾਂ ਨੂੰ ਠੇਸ ਪਹੁੰਚਾਣ ਲਈ ਲਿਖ ਰਹੇ ਸਨ ?

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈਤ ਪਾਡੇ ਘਤੁ.
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨਾ ਜਾਇ
ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ.

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ
ਸਿਖਾ ਕੰਨਿ ਚੜਾਇਆ ਗੁਰੂ ਬ੍ਰਾਹਮਣ ਥਿਆ.
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ.

ਸਾਡੇ ਖਿਆਲ ਅਨੁਸਾਰ ਗੁਰੂ ਨਾਨਕ ਦੇਵ ਆਪਣੇ ਦ੍ਰਿਸ਼ਟੀਕੋਣ ਤੋਂ ਜੇਨੇਊ ਦੀ ਪ੍ਰਚੱਲਿਤ ਮਰਿਯਾਦਾ ਦਾ ਦਲੀਲਾਂ ਨਾਲ ਖੰਡਨ ਕਰ ਰਹੇ ਸਨ. ਵਿਵੇਕ ਬੁੱਧੀ ਵਾਲੇ ਹਰ ਮਨੁੱਖ ਨੂੰ ਇਉਂ ਹੀ ਸੋਚਣਾ ਬਣਦੈ.

ਸੋ ਅਸੀਂ ਇਕ ਵਾਰ ਫੇਰ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਆਪਣੀ ਕਿਸੇ ਵੀ ਲਿਖਤ ਵਿੱਚ ਕਦੇ ਵੀ ਕਿਸੇ ਵਿਸ਼ੇਸ਼ ਧਰਮ ਜਾਂ ਧਾਰਮਿਕ ਗ੍ਰੰਥ ਵਿੱਰੁਧ ਅਪ-ਸ਼ਬਦ ਨਹੀਂ ਵਰਤੇ ਤੇ ਨਾ ਹੀ ਸਾਡੀ ਸਮਝ ਹੈ, ਪ੍ਰੰਤੂ ਧਰਮ ਬਾਰੇ ਆਪਣੇ ਵਿਚਾਰ ਦਲੀਲ ਨਾਲ ਪੇਸ਼ ਕਰਦੇ ਹਾਂ. ਇਸ ਲਈ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਦੀ ਆੜ ਵਿੱਚ ਵਿਰੋਧੀ ਵਿਚਾਰਾਂ ਤੇ ਰੋਕਾਂ ਮੰਗਣੀਆਂ ਕਿਸੇ ਤਰ੍ਹਾਂ ਵੀ ਸ਼ੋਭ ਨਹੀਂ ਦਿੰਦੀਆਂ.

**ਸਵਾਲ:** ਜਦੋਂ ਸੂਰਜ ਜਾਂ ਚੰਨ ਗ੍ਰਹਿਣ ਲੱਗਦਾ ਹੈ ਤਾਂ ਗਰਭਵਤੀ ਔਰਤਾਂ ਜਾਂ ਪਸ਼ੂਆਂ ਨੂੰ ਬੈਠਣ ਤੋਂ ਰੋਕਿਆ ਜਾਂਦਾ ਹੈ. ਕੀ ਇਸਦਾ ਕੋਈ ਬੁਰਾ ਪ੍ਰਭਾਵ ਪੈਂਦਾ ਹੈ ?

**ਜਵਾਬ:** ਅੱਜ ਤਾਂ ਅਸੀਂ ਸੂਰਜ ਗ੍ਰਹਿਣ ਅਤੇ ਚੰਨ ਗ੍ਰਹਿਣ ਦੇ ਵਿਗਿਆਨਕ ਕਾਰਨ ਜਾਣਦੇ ਹਾਂ ਪਰ ਜਦੋਂ ਮਨੁੱਖ ਇਸਦੇ ਵਿਗਿਆਨਕ ਕਾਰਨਾਂ ਤੋਂ ਅਣਜਾਣ ਸੀ, ਉਸ ਸਮੇਂ ਕਦੇ-ਕਦਾਈਂ ਵਾਪਰਨ ਵਾਲੀ ਇਹ ਘਟਨਾ ਉਸ ਨੂੰ ਹੈਰਾਨ ਪ੍ਰੇਸ਼ਾਨ ਕਰ ਦਿੰਦੀ ਸੀ. ਹਰ ਸਮੇਂ ਕੁੱਝ ਬੱਚੇ ਸਰੀਰਕ ਪੱਖ ਤੋਂ ਅਸਧਾਰਣ ਹੁੰਦੇ ਹਨ, ਗ੍ਰਹਿਣ ਤੋਂ ਬਾਅਦ ਜੰਮੇ ਅਜਿਹੇ ਅਸਧਾਰਣ ਬੱਚਿਆਂ ਨੂੰ ਗ੍ਰਹਿਣ ਨਾਲ ਜੋੜ ਲਿਆ ਗਿਆ. ਗ੍ਰਹਿਣ ਸਮੇਂ ਅਜਿਹੀ ਕੋਈ ਵੀ ਭੌਤਿਕ ਕ੍ਰਿਆ ਨਹੀਂ ਹੁੰਦੀ, ਜਿਸਦਾ ਗਰਭਵਤੀ ਔਰਤਾਂ ਤੇ ਮਾਰੂ ਪ੍ਰਭਾਵ ਪੈਂਦਾ ਹੋਵੇ. ਸੋ ਅਜਿਹਾ ਕੋਈ ਵਹਿਮ ਨਹੀਂ ਕਰਨਾ ਚਾਹੀਦਾ.

**ਸਵਾਲ:** ਕੀ ਉਡਣ-ਤਸ਼ਤਰੀਆਂ ਬਾਰੇ ਪ੍ਰਚਲਿਤ ਗੱਲਾਂ ਠੀਕ ਹਨ? ਕੀ ਕਦੇ ਕੋਈ ਉਡਣ-ਤਸ਼ਤਰੀ ਕਿਸੇ ਨੇ ਦੇਖੀ ਹੈ ਜਾਂ ਨਿਰੋਲ ਕਹਾਣੀਆਂ ਹੀ ਹਨ. ਕੀ ਇਸ ਬਾਰੇ ਕੋਈ ਸਬੂਤ ਹਨ ?

**ਜਵਾਬ:** ਪਿਛਲੇ ਕਾਫੀ ਸਾਲਾਂ ਤੋਂ ਬਹੁਤ ਸਾਰੇ ਲੋਕਾਂ ਵੱਲੋਂ ਸਮੇਂ-ਸਮੇਂ ਤੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਹਨਾਂ ਨੇ ਫਲਾਣੀ ਥਾਂ ਤੇ ਅਸਮਾਨ ਵਿੱਚ ਇੱਕ ਅਜੀਬ ਜਿਹੀ ਉਡ ਰਹੀ ਵਸਤੂ ਦੇਖੀ ਹੈ ਜੋ ਕਿ ਸਾਡੇ ਧਰਤੀ ਤੇ ਮਨੁੱਖ ਵੱਲੋਂ ਸਿਰਜੇ ਕਿਸੇ ਜਹਾਜ਼, ਹੈਲੀਕਾਪਟਰ ਆਦਿ ਨਾਲ ਨਹੀਂ ਸੀ ਮਿਲਦੀ, ਇਸ ਵਿੱਚੋਂ ਤਰ੍ਹਾਂ-ਤਰ੍ਹਾਂ ਦੀਆਂ ਰੋਸ਼ਨੀਆਂ ਨਿਕਲ ਰਹੀਆਂ ਸਨ, ਆਦਿ. ਕੁੱਝ ਵੱਲੋਂ ਇਸ ਦੀ ਸ਼ਕਲ ਗੋਲ ਤਸ਼ਤਰੀ ਵਾਂਗ ਦੱਸੀ ਗਈ ਜਿਸ ਕਰਕੇ ਇਸ ਦਾ ਨਾਮ ਉਡਣ-ਤਸ਼ਤਰੀ (Flying Saucers) ਪੈ ਗਿਆ ਹੈ. ਉਂਝ ਵਿਗਿਆਨੀਆਂ ਵੱਲੋਂ ਅਜਿਹੀਆਂ ਵਸਤੂਆਂ ਦਿਸਣ ਦੀਆਂ ਰਿਪੋਰਟਾਂ ਦੀ ਖੋਜਬੀਨ ਸਮੇਂ U.F.O. ਸ਼ਬਦ ਵਰਤਿਆ ਜਾਂਦਾ ਹੈ ਜੋ ਅੰਗਰੇਜ਼ੀ ਸ਼ਬਦ Un-Identified Flying Objects ਦਾ ਸੰਖੇਪ ਹੈ ਭਾਵ ਅਣਪਛਾਤੀਆਂ ਉਡਦੀਆਂ ਵਸਤੂਆਂ.

ਇਹਨਾਂ ਨੂੰ ਵੇਖਣ ਦਾ ਦਾਅਵਾ ਕਰਨ ਵਾਲੇ ਕੁੱਝ ਲੋਕਾਂ ਵੱਲੋਂ ਤਾਂ ਇੱਥੋਂ ਤੱਕ ਵੀ ਦਾਅਵੇ ਕੀਤੇ ਗਏ ਹਨ ਕਿ ਉਹਨਾਂ ਨੇ ਵੇਖਿਆ ਕਿ ਇੱਕ ਉਡਣ-ਤਸ਼ਤਰੀ ਧਰਤੀ ਤੇ ਉੱਤਰ ਗਈ. ਉਸ ਵਿੱਚੋਂ ਇਸ ਇਸ ਤਰ੍ਹਾਂ ਦੀ ਸ਼ਕਲ ਦੇ ਆਦਮੀ ਨਿਕਲੇ. ਪਰ ਉਹਨਾਂ ਨੂੰ ਵੇਖ ਲੈਣ ਤੇ ਉਹ ਦੋੜ ਕੇ ਉਸ ਉਡਣ-ਤਸ਼ਤਰੀ ਵਿੱਚ ਜਾ ਵੜੇ ਅਤੇ ਉਹ ਉਡਣ-ਤਸ਼ਤਰੀ ਵੇਹਦਿਆਂ ਵੇਹਦਿਆਂ (ਦੇਖਦਿਆਂ-ਦੇਖਦਿਆਂ) ਹੀ ਅਸਮਾਨ ਵਿੱਚ ਅਲੋਪ ਹੋ ਗਈ.

ਮਾਮਲਾ ਬਹੁਤ ਦਿਲਚਸਪ ਲੱਗਦਾ ਹੈ ਪਰ ਆਓ ਵੇਖੀਏ ਕਿ ਸੱਚਾਈ ਕੀ ਹੈ ?

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਐਡੇ ਵਿਸ਼ਾਲ ਬ੍ਰਹਿਮੰਡ ਵਿੱਚ ਗ੍ਰਹਿਆਂ ਉੱਪਰ ਵੀ ਜੀਵਨ ਵਿਕਸਿਤ ਹੋਇਆ ਹੋਵੇਗਾ ਅਤੇ ਉਹਨਾਂ ਵਿੱਚੋਂ ਕੁੱਝ ਵਿਗਿਆਨ ਅਤੇ ਤਕਨਾਲੋਜੀ ਵਿੱਚ ਸਾਡੇ ਤੋਂ ਬਹੁਤ ਅੱਗੇ ਲੰਘ ਚੁੱਕੇ ਹੋਣਗੇ. ਜਿਸ ਤਰ੍ਹਾਂ ਸਾਡੀ ਧਰਤੀ ਦਾ ਮਨੁੱਖ ਦੂਜੇ ਗ੍ਰਹਿਆਂ ਉੱਪਰ ਜਾਣ ਅਤੇ ਉੱਥੇ ਕਿਸੇ ਕਿਸਮ ਦਾ ਜੀਵਨ ਲੱਭਣ ਲਈ ਯਤਨਸ਼ੀਲ ਹੈ ਇਸੇ ਤਰ੍ਹਾਂ ਦੀ ਕੋਸ਼ਿਸ਼ਾਂ ਇਹ ਦੂਸਰੇ ਗ੍ਰਹਿਆਂ ਦੇ ਜੀਵ ਵੀ ਕਰਦੇ ਹੋਣਗੇ. (ਇਹਨਾਂ ਦੂਸਰੇ ਗ੍ਰਹਿਆਂ ਦੇ ਸੰਭਾਵਿਤ ਵਾਸੀਆਂ ਵਾਸਤੇ ਮਨੁੱਖ ਸ਼ਬਦ ਨਹੀਂ ਵਰਤਿਆ ਜਾ ਸਕਦਾ ਕਿਉਂਕਿ ਉਹਨਾਂ ਦੀ ਸ਼ਕਲ ਅਤੇ ਜੀਵਨ ਢਾਂਚਾ ਕਿਹੋ ਜਿਹਾ ਹੋਵੇਗਾ ਇਸ ਦੀ ਅਸੀਂ ਕਲਪਨਾ ਨਹੀਂ ਕਰ ਸਕਦੇ. ਉਹਨਾਂ ਦੀ ਧਰਤੀ ਦੇ ਮਨੁੱਖਾਂ ਨਾਲ ਮਿਲਦੇ ਹੋਣ ਦੀ ਤੁਲਨਾ ਕਰਨੀ ਤਾਂ ਉੱਕਾ ਹੀ ਬਚਕਾਨਾ ਗੱਲ ਹੈ.)

ਚਾਹੇ ਸਿਧਾਂਤਕ ਤੌਰ ਤੇ ਇਹ ਸੰਭਵ ਹੈ ਪ੍ਰੰਤੂ ਅਜਿਹੇ ਕਿਸੇ ਜੀਵਾਂ ਦਾ ਸਾਡੀ ਧਰਤੀ ਉੱਪਰ ਉਡਣ-ਤਸ਼ਤਰੀਆਂ ਰਾਹੀਂ ਪੁੱਜਣ ਵਾਲੀਆਂ ਹੁਣ ਤੱਕ ਪ੍ਰਚੱਲਿਤ ਹੋਈਆਂ ਕਹਾਣੀਆਂ ਵਿੱਚ ਕੋਈ ਤੰਤ ਨਹੀਂ ਲੱਗਦਾ. ਪਹਿਲੀ ਗੱਲ ਤਾਂ ਜਦ ਅਜਿਹੀਆਂ ਰਿਪੋਰਟਾਂ ਦੀ ਪੜਤਾਲ ਕੀਤੀ ਜਾਂਦੀ ਹੈ ਤਾਂ ਉਹ ਅਕਸਰ ਮਸ਼ਹੂਰੀ ਖੱਟਣ ਲਈ ਘੜੀ ਗਈ ਕਹਾਣੀ ਜਾਂ ਕੁਝ ਨਜ਼ਰ ਦਾ ਭੁਲੇਖਾ ਹੀ ਨਿਕਲਦਾ ਹੈ.

ਦੂਸਰੀ ਗੱਲ ਜੋ ਵੱਧ ਮਹੱਤਵਪੂਰਨ ਹੈ ਉਹ ਇਹ ਹੈ ਕਿ ਜਿੰਨੇ ਅਸੀਂ ਕਿਸੇ ਹੋਰ ਗ੍ਰਹਿ ਦੇ ਜੀਵਾਂ ਨਾਲ ਸੰਪਰਕ ਕਰਨ ਲਈ ਉਤੇਜਿਤ ਹਾਂ, ਉਹ, ਜੋ ਐਨੀ ਦੂਰੋਂ ਚੱਲ ਕੇ ਆਉਂਦੇ ਹਨ ਉਹ ਵੀ ਸਾਡੇ ਨਾਲ ਸੰਪਰਕ ਕਰਨ ਦੇ ਇੰਨੇ ਹੀ ਇੱਛੁਕ ਹੋਣਗੇ. ਫਿਰ ਉਹ ਇੱਥੇ ਆਕੇ ਐਵੇਂ ਕਿਉਂ ਮੁੜ ਜਾਂਦੇ ਹਨ ? ਉਹ ਵਿਗਿਆਨੀ ਐਨੇ ਸੰਗਾਊ ਤਾਂ ਹੋ ਨਹੀਂ ਸਕਦੇ ਕਿ ਧਰਤੀ ਉੱਪਰਲੇ ਬੁੱਧੀ ਵਾਲੇ ਜੀਵ ਮਨੁੱਖ ਨਾਲ ਕੋਈ ਤਾਲਮੇਲ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ ਹੀ ਮੁੜ ਜਾਣ. ਨਾ ਹੀ ਮਨੁੱਖ ਨੂੰ ਵੇਖ ਕੇ ਡਰ ਨਾਲ ਉਹਨਾਂ ਦੇ ਆਪਣੀ ਉਡਣ-ਤਸ਼ਤਰੀ ਵਿੱਚ ਵੜ੍ਹਕੇ ਉਸਨੂੰ ਭਜਾ ਲੈਣ ਵਾਲੀ ਗੱਲ ਜਚਦੀ ਹੈ, ਕਿਉਂਕਿ ਐਨੀ ਵਿਕਸਿਤ ਸਾਇੰਸ ਦੇ ਮਾਲਕ ਇੰਨੇ ਡਰੂ ਨਹੀਂ ਹੋ ਸਕਦੇ. ਇਸ ਲਈ ਕੇ ਉਹ ਸੱਚੀ-ਮੁੱਚੀਓਂ ਹੀ ਇੱਥੇ ਆਉਣ ਤਾਂ ਜ਼ਰੂਰ ਆਪਣਾ ਏਥੇ ਖੋਜ ਕੇਂਦਰ ਕਾਇਮ ਕਰਨਗੇ. ਹੁਣ ਧਰਤੀ ਦੇ ਚੱਪੇ-ਚੱਪੇ ਤੇ ਮਨੁੱਖ ਦੀ ਵੱਸੋਂ ਹੈ ਉਹ ਮਨੁੱਖਾਂ ਨੂੰ ਨੇੜਿਓ ਦੇਖਣਗੇ, ਇੱਥੋਂ ਦੇ ਜਾਨਵਰਾਂ, ਪੌਦਿਆਂ, ਚੱਟਾਨਾਂ ਅਤੇ ਵਿਗਿਆਨਕ ਯੰਤਰਾਂ ਦੇ ਨਮੂਨੇ ਇਕੱਠੇ ਕਰਕੇ ਲੈ ਜਾਣਗੇ. ਯਾਨੀ ਉਹਨਾਂ ਵੱਲੋਂ ਸਾਨੂੰ ਮੇਜ਼ਬਾਨੀ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਣਾ ਸੀ.

ਇਸ ਤੋਂ ਬਿਨਾਂ ਦੂਸਰੇ ਗ੍ਰਹਿਆਂ ਤੋਂ ਕਿਸੇ ਵੀ ਮੌਕੇ ਹੋਰ ਜੀਵਾਂ ਦੇ ਸਾਡੀ ਧਰਤੀ ਤੇ ਆਉਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਾਰੀ ਦੁਨੀਆਂ ਵਿੱਚ ਇਹੋ-ਜਿਹੀਆਂ ਨੀਝਸ਼ਾਲਾਵਾਂ (Observatiories) ਬਣਾਈਆਂ ਹੋਈਆਂ ਹਨ, ਜਿੱਥੋਂ ਹਰ ਵਕਤ ਸ਼ਕਤੀਸ਼ਾਲੀ ਦੂਰਬੀਨਾਂ, ਆਟੋਮੈਟਿਕ ਕੈਮਰਿਆਂ ਅਤੇ ਹੋਰ ਯੰਤਰਾਂ ਨਾਲ ਬਾਹਰੀ ਪੁਲਾੜ ਤੇ ਹਰ

ਵਕਤ ਨਿਗਾਹ ਰੱਖੀ ਜਾਂਦੀ ਹੈ. ਪ੍ਰੰਤੂ ਹਾਲੇ ਤੀਕ ਅਜਿਹੀ ਕਿਸੇ ਵੀ ਵਿਗਿਆਨਕ ਅਬਜਰਵੇਟਰੀ ਵਿੱਚ ਕੋਈ ਉਡਣ-ਤਸ਼ਤਰੀ ਵਿਖਾਈ ਨਹੀਂ ਦਿੱਤੀ.

ਅਸਲ ਵਿੱਚ ਜਿਸ ਤਰ੍ਹਾਂ ਕਿਸੇ ਵਿਗਿਆਨੀ ਨੇ ਕਿਹਾ ਹੈ ਕਿ ਉਡਣ-ਤਸ਼ਤਰੀਆਂ ਤਾਂ ਪੜ੍ਹੇ ਲਿਖੇ ਆਧੁਨਿਕ ਲੋਕਾਂ ਦੇ ਮਨੋ-ਭਰਮ ਹਨ. ਜਿਸ ਤਰ੍ਹਾਂ ਕੁਝ ਲੋਕਾਂ ਦੇ ਮਨ ਵਿੱਚ ਇਹ ਗੱਲ ਬੈਠੀ ਹੁੰਦੀ ਹੈ ਕਿ ਭੂਤ ਸੱਚੀਓਂ ਹੁੰਦੇ ਹਨ, ਜਾਂ ਫਲਾਣੀ ਜਗ੍ਹਾ ਭੂਤ ਰਹਿੰਦੀ ਹੈ ਤੇ ਉਹਨਾਂ ਨੂੰ ਕਿਸੇ ਵਿਸ਼ੇਸ਼ ਮਾਨਸਿਕ ਸਥਿਤੀ ਵਿੱਚ ਜਾਂ ਉਸ ਵਿਸ਼ੇਸ਼ ਜਗ੍ਹਾਂ ਤੇ ਭੂਤ ਦਿਸਣ ਦਾ ਮਨੋ-ਭਰਮ ਹੋ ਜਾਂਦਾ ਹੈ ਉਸੇ ਤਰ੍ਹਾਂ ਪੱਛਮ ਦੇ ਬਹੁਤ ਪੜ੍ਹੇ ਲਿਖੇ ਲੋਕਾਂ ਨੂੰ ਦੂਜੇ ਗ੍ਰਹਿਆਂ ਉਪਰ ਇੱਕ ਵਿਕਸਿਤ ਸੱਭਿਅਤਾ ਹੋਣ ਦਾ ਯਕੀਨ ਹੋਣ ਕਰਕੇ ਕਿਸੇ ਦੂਜੇ ਗ੍ਰਹਿ ਦੇ ਉਹਨਾਂ ਲੋਕਾਂ ਨਾਲ ਸੰਪਰਕ ਕਰਨ ਦੀ ਅੰਤਰਮੁਖੀ ਇੱਛਾ ਅਤੇ ਉਤੇਜਨਾ ਵਿੱਚੋਂ ਇਹ ਮਨੋ-ਭਰਮ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਅੱਗੇ ਪ੍ਰਚਾਰ ਵੀ ਦਿੰਦੇ ਹਨ.

**ਸਵਾਲ:** ਰਾਤ ਪਈ ਤੋਂ ਅਕਾਸ਼ ਵੱਲ ਨਾਗ੍ਹਾ ਟਿਕਾ ਕੇ ਦੇਖੀਏ ਤਾਂ ਕੁੱਝ ਤਾਰੇ ਤੁਰਦੇ-ਫਿਰਦੇ ਨਜ਼ਰ ਆਉਣਗੇ ਜਿਨ੍ਹਾਂ ਨੂੰ ਅਸੀਂ ਰਾਕਟ (ਉਪਗ੍ਰਹਿ) ਕਹਿੰਦੇ ਹਾਂ. ਕੀ ਇਹ ਰਾਕਟ ਖੁਦ ਚਮਕਦਾ ਹੈ, ਉਸ ਦੀ ਕੋਈ ਲਾਈਟ ਹੈ ਜਾਂ ਉਸਦੀ ਜਲ ਰਹੀ ਕੋਈ ਐਨਰਜੀ ਜੋ ਰਾਕਟ ਨੂੰ ਅਗਾਂਹ ਵੱਲ ਧਕਦੀ ਹੈ?

**ਜਵਾਬ:** ਇਸ ਸ਼ੰਕੇ ਦੇ ਜਵਾਬ ਦੇ ਨਾਲ-ਨਾਲ ਇਸ ਵਿਸ਼ੇ ਤੇ ਕੁੱਝ ਹੋਰ ਜਾਣਕਾਰੀ ਵੀ ਸਾਂਝੀ ਕਰਨੀ ਜ਼ਰੂਰੀ ਹੈ.

ਇਹ ਜੋ ਰਾਤ ਨੂੰ ਤਾਰੇ ਜਿਹੇ ਚਲਦੇ ਨਜ਼ਰ ਆਉਂਦੇ ਹਨ ਇਹ ਧਰਤੀ ਤੋਂ ਰਾਕਟਾਂ ਦੀ ਸਹਾਇਤਾ ਨਾਲ ਪੁਲਾੜ ਵਿੱਚ ਛੱਡੇ ਉਪਗ੍ਰਹਿ (Sattelite) ਹਨ ਜੋ ਧਰਤੀ ਦੁਆਲੇ ਚੱਕਰ ਕੱਢਦੇ ਹਨ. ਆਮ ਤੌਰ ਤੇ ਇਹਨਾਂ ਲਈ ਵੀ ਰਾਕਟ ਸ਼ਬਦ ਵਰਤ ਲਿਆ ਜਾਂਦਾ ਹੈ ਪ੍ਰੰਤੂ ਰਾਕਟ ਰਾਹੀਂ ਇਹਨਾਂ ਨੂੰ ਧਰਤੀ ਦੁਆਲੇ ਗ੍ਰਹਿ-ਪੰਧ ਵਿੱਚ ਪਾਇਆ ਜਾਂਦਾ ਹੈ. ਜਦ ਇਹਨਾਂ ਉਪਗ੍ਰਹਿਆਂ ਦੀ ਗਤੀ ਦੀ ਗਤੀ ਇੱਕ ਖਾਸ ਸੀਮਾਂ (7 ਕਿਲੋਮੀਟਰ ਪ੍ਰਤੀ ਸੈਕਿੰਡ) ਤੋਂ ਵਧ ਜਾਂਦੀ ਹੈ ਇਹ ਆਪਣੀ ਇਸ ਤੇਜ਼ ਗਤੀ ਸਦਕਾ ਧਰਤੀ ਦੀ ਖਿੱਚ ਤੇ ਕਾਬੂ ਪਾ ਲੈਂਦਾ ਹੈ ਅਤੇ ਇਸ ਗਤੀ ਨਾਲ ਧਰਤੀ ਦੁਆਲੇ ਘੁੰਮਣਾ ਸ਼ੁਰੂ ਕਰ ਦਿੰਦਾ ਹੈ.

ਰਾਕਟ ਵਿਚਲਾ ਬਾਲਣ ਤਾਂ ਇਸ ਉਪਗ੍ਰਹਿ ਨੂੰ ਇੱਕ ਨਿਸ਼ਚਿਤ ਸਪੀਡ ਅਤੇ ਉਚਾਈ ਤੱਕ ਪਹੁੰਚਾਉਣ ਤੋਂ ਬਾਅਦ ਖਤਮ ਹੋ ਜਾਂਦਾ ਹੈ ਅਤੇ ਜਿਵੇਂ ਜਿਵੇਂ ਬਾਲਣ ਖਤਮ ਹੁੰਦਾ ਜਾਂਦਾ ਹੈ ਰਾਕਟ ਦੇ ਵੱਖ-ਵੱਖ ਹਿੱਸੇ ਵੱਖ-ਵੱਖ ਸਟੇਜਾਂ ਤੇ ਇਸ ਤੋਂ ਅਲੱਗ ਹੋ ਕੇ ਖਤਮ ਹੁੰਦੇ ਜਾਂਦੇ ਹਨ ਅਤੇ ਇਸ ਤਰ੍ਹਾਂ ਕੇਵਲ ਉਪਗ੍ਰਹਿ ਹੀ ਧਰਤੀ ਦੁਆਲੇ ਘੁੰਮਣ ਲਈ ਬਚਦਾ ਹੈ.

ਇੱਥੇ ਸਵਾਲ ਇਹ ਉਠਦਾ ਹੈ ਕਿ ਜਦ ਇਸ ਨੂੰ ਗਤੀ ਦੇਣ ਵਾਲਾ ਰਾਕਟ ਖਤਮ ਹੋ ਜਾਂਦਾ ਹੈ ਤਾ ਇਹ ਉਪਗ੍ਰਹਿ ਧਰਤੀ ਦੁਆਲੇ ਕਿਸ ਤਰ੍ਹਾਂ ਘੁੰਮਦੇ ਹਨ ? ਇਹ ਜਾਣਨ ਲਈ ਗਤੀ ਦੇ ਇੱਕ ਬੁਨਿਆਦੀ ਨਿਯਮ ਨੂੰ ਜਾਨਣਾ ਜਰੂਰੀ ਹੈ ਕਿ ਕੋਈ ਵੀ ਵਸਤੂ ਉਨ੍ਹਾਂ ਚਿਰ ਸਥਿਰ ਅਵਸਥਾ ਜਾਂ ਇਕਸਾਰ ਗਤੀ ਵਿੱਚ ਹੀ ਰਹਿੰਦੀ ਹੈ ਜਦ ਤੱਕ ਇਸ ਨੂੰ ਬਦਲਣ ਲਈ ਇਸ ਤੇ ਕੋਈ ਬਾਹਰੀ ਬਲ ਨਾ ਲਾਇਆ ਜਾਵੇ. ਯਾਨੀ ਕਿ ਜੇ ਕੋਈ ਵਸਤੂ ਇੱਕ ਜਗ੍ਹਾ ਤੇ ਪਈ ਹੈ ਤਾਂ ਉਹ ਉੱਥੇ ਹੀ ਪਈ ਰਹੇਗੀ ਜਿੰਨਾ ਚਿਰ ਉਸ ਤੇ ਕੋਈ ਬਾਹਰੀ ਸ਼ਕਤੀ ਕ੍ਰਿਆ ਨਾ ਕਰੇ ਅਤੇ ਚੱਲ ਰਹੀ ਵਸਤੂ ਚਲਦੀ ਹੀ ਰਹੇਗੀ ਜਿੰਨਾ ਚਿਰ ਉਸਨੂੰ ਰੋਕਣ ਲਈ ਕੋਈ ਬਲ ਕ੍ਰਿਆਨਾ ਕਰੇ. ਸਾਡੇ ਵੱਲੋਂ ਸੁੱਟੀ ਗਈ ਕੋਈ ਗੇਂਦ ਵਗੈਰਾ ਕੁੱਝ ਦੂਰ ਜਾ ਕੇ ਇਸ ਲਈ

ਰੁਕ ਜਾਂਦੀ ਹੈ ਕਿਉਂਕਿ ਉਸ ਨੂੰ ਹਵਾ ਦੀ ਰੋਕ ਅਤੇ ਧਰਤੀ ਦੀ ਰਗੜ ਅਤੇ ਖਿੱਚ ਦਾ ਮੁਕਾਬਲਾ ਕਰਨਾ ਪੈਂਦਾ ਹੈ. ਜੇਕਰ ਅਸੀਂ ਇਹ ਸਾਰੀਆਂ ਰੋਕਾਂ ਖਤਮ ਕਰ ਦੇਈਏ ਤਾਂ ਸਾਡੇ ਵੱਲੋਂ ਸੁੱਟੀ ਚੀਜ਼ ਵੀ ਕਦੇ ਨਹੀਂ ਰੁਕੇਗੀ. ਇਹੀ ਕੁੱਝ ਉੱਪਗ੍ਰਹਿ ਛੱਡਣ ਵਿੱਚ ਸੰਭਵ ਹੋ ਜਾਂਦਾ ਹੈ ਕਿਉਂਕਿ ਇਸ ਨੂੰ ਧਰਤੀ ਤੋਂ ਸੈਂਕੜੇ ਕਿਲੋਮੀਟਰ ਦੀ ਦੂਰੀ ਤੇ ਲਿਜਾ ਕੇ ਛੱਡਿਆ ਜਾਂਦਾ ਹੈ ਜਿੱਥੇ ਵਾਯੂਮੰਡਲ ਨਾ ਹੋਣ ਕਾਰਨ ਕਿਸੇ ਕਿਸਮ ਦੀ ਰਗੜ ਜਾਂ ਹਵਾ ਦੀ ਰੋਕ ਨਹੀਂ ਹੁੰਦੀ ਅਤੇ ਧਰਤੀ ਦੀ ਖਿੱਚ ਨੂੰ ਉਸ ਦਾ ਘੁੰਮਣ ਬਲ ਖਤਮ ਕਰ ਦਿੰਦਾ ਹੈ. ਸੋ ਇੱਕ ਵਾਰ ਨਿਸ਼ਚਿਤ ਗਤੀ ਦੇ ਕੇ ਛੱਡਿਆ ਉਪਗ੍ਰਹਿ ਧਰਤੀ ਦੁਆਲੇ ਲਗਾਤਾਰ ਚੱਕਰ ਕੱਢਦਾ ਰਹਿੰਦਾ ਹੈ.

ਇਹੋ-ਜਿਹਾ ਪਹਿਲਾ ਬਣਾਵਟੀ ਉਪਗ੍ਰਹਿ ਸਪੂਤਨਿਕ-1, 4 ਅਕਤੂਬਰ 1957 ਨੂੰ ਰੂਸ ਦੁਆਰਾ ਛੱਡਿਆ ਗਿਆ ਸੀ. ਉਸ ਤੋਂ ਬਾਅਦ ਹੁਣ ਤੱਕ ਵੱਖ-ਵੱਖ ਦੇਸ਼ਾਂ ਵੱਲੋਂ 1500 ਤੋਂ ਉੱਪਰ ਇਹੋ-ਜਿਹੇ ਉੱਪਗ੍ਰਹਿ ਛੱਡੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ ਕੋਈ ਨਾ ਕੋਈ ਸਾਨੂੰ ਅਕਸਰ ਹਰ ਰਾਤ ਦਿਖਾਈ ਦੇ ਜਾਂਦਾ ਹੈ. ਅਜਿਹੇ ਉੱਪਗ੍ਰਹਿ ਮੌਸਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ, ਸੰਚਾਰ ਸਿਸਟਮ ਲਈ, ਵਿਗਿਆਨਕ ਤਜਰਬੇ ਆਦਿ ਕੰਮਾਂ ਲਈ ਛੱਡੇ ਜਾਂਦੇ ਹਨ. ਇਸ ਤੋਂ ਬਿਨਾਂ ਇਹਨਾਂ ਰਾਹੀਂ ਦੂਸਰੇ ਦੇਸ਼ਾਂ ਦੀ ਜਸੂਸੀ ਵੀ ਕੀਤੀ ਜਾਂਦੀ ਹੈ.

ਇਹਨਾਂ ਵਿੱਚ ਰੌਸ਼ਨੀ ਦਾ ਪ੍ਰਬੰਧ ਵੀ ਕੀਤਾ ਹੁੰਦਾ ਹੈ ਤਾਂ ਜੋ ਧਰਤੀ ਉਪਰਲੀਆਂ ਨਿਰੀਖਣ-ਸਾਲਾਵਾਂ (Observatories) ਦੁਆਰਾ ਇਹਨਾਂ ਨੂੰ ਆਸਾਨੀ ਨਾਲ ਦੇਖਿਆ ਜਾ ਸਕੇ ਅਤੇ ਇਹਨਾਂ ਦਾ ਰਿਕਾਰਡ ਰੱਖਿਆ ਜਾ ਸਕੇ. ਵੈਸੇ ਇਹਨਾਂ ਵਿੱਚੋਂ ਹਰ ਇੱਕ ਦਾ ਸੰਪਰਕ ਬਿਜਲ-ਚੁੰਬਕੀ ਤਰੰਗਾਂ ਰਾਹੀਂ ਧਰਤੀ ਉਪਰਲੇ ਆਪੋ-ਆਪਣੇ ਕੇਂਦਰਾਂ ਨਾਲ ਹੁੰਦਾ ਹੈ. ਇਹਨਾਂ ਦੀ ਇਸ ਰੌਸ਼ਨੀ ਅਤੇ ਇਹਨਾਂ ਵਿੱਚ ਕੰਮ ਕਰ ਰਹੇ ਯੰਤਰਾਂ ਲਈ ਊਰਜਾ ਵਾਸਤੇ ਸੂਰਜੀ ਸ਼ਕਤੀ (Solar Energey) ਨੂੰ ਵਰਤਿਆ ਜਾਂਦਾ ਹੈ.

**ਸਵਾਲ:** ਕੀ ਸੂਰਜ-ਗ੍ਰਹਿਣ ਸਮੇਂ ਸੂਰਜ ਵੱਲ ਦੇਖਣਾ ਖਤਰਨਾਕ ਹੁੰਦਾ ਹੈ ? ਸੂਰਜ-ਗ੍ਰਹਿਣ ਸਮੇਂ ਅਕਸਰ ਇਹ ਬਹੁਤ ਪ੍ਰਚਾਰ ਕੀਤਾ ਜਾਂਦਾ ਹੈ ਕਿ ਗ੍ਰਹਿਣ ਸਮੇਂ ਸੂਰਜ ਵੱਲ ਦੇਖਣਾ ਬਹੁਤ ਮਾੜਾ ਹੁੰਦਾ ਹੈ. ਕੀ ਇਸ ਸਮੇਂ ਖਾਸ ਕਿਸਮ ਦੀਆਂ ਕਿਰਨਾਂ ਸੂਰਜ ਵਿੱਚੋਂ ਨਿਕਲਦੀਆਂ ਹਨ, ਜੋ ਅੱਖਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ? ਜੇ ਇੰਝ ਨਹੀਂ ਤਾਂ ਫਿਰ ਐਨਾ ਪ੍ਰਚਾਰ ਕਿਉਂ ਕੀਤਾ ਜਾਂਦਾ ਹੈ ?

**ਜਵਾਬ:** ਇਸੇ ਸਵਾਲ ਦਾ ਜਵਾਬ ਜਨਵਰੀ 88 ਦੇ ਸਾਇੰਸ ਟੂਡੇ ਮੈਗਜ਼ੀਨ ਵਿੱਚ ਹੋਮੀ ਭਾਭਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ ਬੰਬਈ ਵੱਲੋਂ ਦਿੱਤਾ ਗਿਆ ਹੈ, ਜੋ ਹੂ-ਬ-ਹੂ ਪੇਸ਼ ਕਰ ਰਹੇ ਹਾਂ.

ਸੂਰਜ ਦੀਆਂ ਕਿਰਨਾਂ ਕਿਸੇ ਵੀ ਸਮੇਂ ਖਤਰਨਾਕ ਨਹੀਂ ਹੁੰਦੀਆਂ ਬਸ਼ਰਤੇ ਕਿ ਚਮਕਦੇ ਸੂਰਜ ਵੱਲ ਲੰਮਾਂ ਸਮਾਂ ਸਿੱਧਾ ਨਾ ਵੇਖਿਆ ਜਾਵੇ. ਜੇ ਸੂਰਜ ਵੱਲ ਸਿੱਧਾ ਤੇ ਲਗਾਤਾਰ ਟਿਕਟਿਕੀ ਲਗਾ ਕੇ ਦੇਖਿਆ ਜਾਵੇ ਤਾਂ ਸੂਰਜੀ ਕਿਰਨਾਂ ਦੀ ਸ਼ਕਤੀ ਇੱਕ ਜਗ੍ਹਾ ਤੇ ਇਕੱਠੀ ਹੋ ਕੇ ਅੱਖ ਦੀ ਅੰਦਰੂਨੀ ਰੈਟਿਨਾ ਦੇ ਸੈਲਾਂ ਨੂੰ ਸਾੜ ਕੇ ਅੰਨ੍ਹਾਪਣ ਪੈਦਾ ਕਰ ਦਿੰਦੀ ਹੈ. ਆਮ ਤੌਰ ਤੇ ਅਸੀਂ ਸੂਰਜ ਵੱਲ ਲਗਾਤਾਰ ਟਿਕਟਿਕੀ ਲਗਾ ਕੇ ਨਹੀਂ ਦੇਖਦੇ, ਪਰ ਗ੍ਰਹਿਣ ਦੇ ਦੌਰਾਨ ਕੋਈ ਵਿਅਕਤੀ ਇਸ ਵਰਤਾਰੇ ਨੂੰ ਚੰਗੀ ਤਰ੍ਹਾਂ ਦੇਖਣ ਲਈ ਲਗਾਤਰ ਨੀਝ ਲਗਾ ਕੇ ਵੇਖ ਸਕਦਾ ਹੈ. ਇਸ ਕਰਕੇ ਨੰਗੀ ਅੱਖ ਨਾਲ ਚੰਦ ਦੇ

ਪਿੱਛੋਂ ਨਿਕਲ ਰਹੇ ਸੂਰਜ ਵੱਲ ਦੇਖਣ ਨਾਲ ਸੂਰਜ ਦੇ ਦਿਖਾਈ ਦੇ ਰਹੇ ਥੋੜ੍ਹੇ ਜਿਹੇ ਭਾਗ ਵਿੱਚੋਂ ਵੀ ਆ ਰਹੀ ਰੌਸ਼ਨੀ ਦੀ ਤੀਬਰਤਾ ਅੱਖਾਂ ਲਈ ਹਾਨੀਕਾਰਕ ਹੋ ਸਕਦੀ ਹੈ. ਇਸੇ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਸੂਰਜ-ਗ੍ਰਹਿਣ ਵੱਲ ਰੰਗਦਾਰ ਸ਼ੀਸ਼ੇ ਰਾਹੀਂ ਹੀ ਦੇਖਿਆ ਜਾਵੇ.

**ਸਵਾਲ:** ਜਿਸ ਅਕੱਥ ਸ਼ਕਤੀ ਨੂੰ ਵਿਗਿਆਨੀ ਅਤੇ ਫਿਲਾਸਫਰ ਨਹੀਂ ਜਾਣ ਸਕੇ. ਪਰ ਮੰਨਦੇ ਜ਼ਰੂਰ ਹਨ (ਜਦ ਕਿ ਆਪ ਤਾਂ ਮੰਨਣ ਨੂੰ ਵੀ ਤਿਆਰ ਨਹੀਂ) ਉਸ ਸ਼ਕਤੀ ਦਾ ਇੱਕ ਪਲ ਵਿੱਚ ਗਿਆਨ ਹੋ ਸਕਦਾ ਹੈ, ਪਰ ਇਸ ਲਈ ਕਿਸੇ ਪੂਰਨ ਮੁਰਸ਼ਦ ਜਾਂ ਪ੍ਰਫੈਕਟ ਮਾਸਟਰ ਦਾ ਹੋਣਾ ਜ਼ਰੂਰੀ ਹੈ ਅਤੇ ਇਹ ਕੋਈ ਮੇਰੇ ਵਿਚਾਰ ਨਹੀਂ ਬਲਕਿ ਕਬੀਰ ਸਾਹਿਬ ਦੇ ਹਨ, *ਖੋਜੀ ਹੋ ਤੁਰੰਤ ਮਿਲ ਜਾਉ ਇਕ ਪਲ ਕੀ ਤਲਾਸ਼ ਮੇ, ਕਹਿਤ ਕਬੀਰ ਸੁਣ ਬਈ ਸਾਧ ਮੈਂ ਹੂੰ ਸਵਾਸ ਸਵਾਸ ਮੇਂ.*

**ਜਵਾਬ:** ਤੁਹਾਡੀ ਸਮਝ ਅਨੁਸਾਰ ਵਿਗਿਆਨ ਤੋਂ ਪਰ੍ਹੇ ਵੀ ਕੋਈ ਗਿਆਨ ਹੈ ਜਿਸਨੂੰ ਮੁਸ਼ਰਦ ਜਾਂ ਪ੍ਰਫੈਕਟ ਮਾਸਟਰ ਨਾਲ ਜਾਣਿਆ ਜਾ ਸਕਦਾ ਹੈ. ਜਾਪਦਾ ਹੈ ਤੁਹਾਡੇ ਅਨੁਸਾਰ ਉਹ ਪ੍ਰਮਾਤਮਾ ਜਾਂ ਅਕੱਥ ਹੈ.

ਸਾਡੀ ਸਮਝ ਅਨੁਸਾਰ ਇਹ ਸਮੁੱਚਾ ਸੰਸਾਰ ਜਾਣਨ-ਯੋਗ ਹੈ. ਵਿਗਿਆਨ ਇਸਨੂੰ ਨਿਰੰਤਰ ਜਾਣਨ ਦੀ ਕੋਸ਼ਿਸ਼ ਵਿੱਚ ਲੱਗਿਆ ਹੋਇਆ ਹੈ. ਜਿੰਨਾਂ ਅਸੀਂ ਜਾਣ ਲਿਆ ਉਸ ਬਾਰੇ ਸਾਡਾ ਦਾਅਵਾ ਹੈ ਅਤੇ ਜਿੰਨਾਂ ਅਜੇ ਨਹੀਂ ਜਾਣਿਆ ਗਿਆ ਉਸਨੂੰ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ. ਇਹ ਕੋਸ਼ਿਸ਼ ਵਿਗਿਆਨਕ ਢੰਗ ਨਾਲ ਹੀ ਕੀਤੀ ਜਾ ਸਕਦੀ ਹੈ. ਇਸ ਬਾਰੇ ਕੋਈ ਮੁਰਸ਼ਦ ਜਾਂ ਪ੍ਰਫੈਕਟ ਮਾਸਟਰ ਨਹੀਂ ਜੋ ਸਭ ਨੂੰ ਗਿਆਨ ਕਰਾ ਦੇਵੇ. ਕਿਉਂਕਿ ਜੇਕਰ ਉਸਦਾ ਸਿਧਾਂਤ ਅਮਲ ਵਿੱਚ ਪਰਖਿਆ ਜਾ ਸਕੇ ਤਾਂ ਹੀ ਉਹ ਸੱਚਾ ਗਿਆਨ ਹੋਵੇਗਾ ਨਹੀਂ ਤਾਂ ਐਵੇਂ ਹੀ ਕੀਤਾ ਕੋਈ ਅਜਿਹਾ ਕਿ ਮੈਂ ਜਾਣ ਲਿਆ, ਜਾਂ ਮੇਰੇ ਮੁਰਸ਼ਦ ਨੇ ਜਾਣ ਲਿਆ, ਜਾਂ ਮੇਰੇ ਮੁਰਸ਼ਦ ਨੇ ਮੈਨੂੰ ਦਰਸਾ ਦਿੱਤਾ ਹੈ, ਵਿਗਿਆਨ ਦੀ ਕਸਵੱਟੀ ਤੇ ਪੂਰੇ ਨਾ ਉਤਰਨ ਕਾਰਣ ਰੱਦ ਕਰਨ ਯੋਗ ਹੈ.

**ਸਵਾਲ:** ਕੀ ਕਾਲਾ ਇਲਮ ਨਾਮ ਦੀ ਕੋਈ ਸ਼ੈਅ ਹੈ ? ਕੀ ਦੇਵਤੇ ਹੁੰਦੇ ਹਨ ? ਸੁੱਖਾਂ ਸੁੱਖਣ ਨਾਲ ਕਈ ਕੰਮ ਪੂਰੇ ਕਿਉਂ ਹੋ ਜਾਂਦੇ ਹਨ ?

**ਜਵਾਬ:** ਕਾਲਾ ਇਲਮ ਨਾਮ ਦੀ ਕੋਈ ਸ਼ੈਅ ਨਹੀਂ. ਗੈਬੀ ਸ਼ਕਤੀਆਂ ਦਾ ਭੁਲੇਖਾ ਪੈਦਾ ਕਰਨ ਵਾਲੇ ਕਈ ਪਖੰਡੀ ਤੇ ਇਸੇ ਤਰ੍ਹਾਂ ਦੇ ਕੁੱਝ ਜਾਦੂਗਰ ਨਹੁੰਆਂ ਜਾਂ ਕਿਸੇ ਚਮਕਦਾਰ ਵਸਤੂ ਉੱਪਰ ਨਿਗ੍ਹਾ ਟਿਕਵਾਕੇ ਸਬੰਧਿਤ ਵਿਅਕਤੀ ਨੂੰ ਹਿਪਨੋਟਾਈਜ਼ ਕਰਦੇ ਹਨ ਤੇ ਇਸ ਨੂੰ ਕਾਲੇ ਇਸਮ ਦਾ ਨਾਮ ਦਿੰਦੇ ਹਨ. ਤਰਕਸ਼ੀਲ ਹਿਪਨੋਟਾਈਜ਼ ਵਾਲੀ ਵਿਧੀ ਮਾਨਸਿਕ ਰੋਗੀਆਂ ਦੇ ਇਲਾਜ ਲਈ ਵਰਤਦੇ ਹਨ. ਦੇਵਤੇ ਬੀਤੇ ਯੁੱਗਾਂ ਦੀਆਂ ਕਲਪਤ ਧਾਰਨਾਵਾਂ ਹਨ. ਪੁਰਾਤਨ ਗ੍ਰੰਥਾਂ ਅਨੁਸਾਰ ਦੇਵਤੇ ਜਨਮ ਨਹੀਂ ਲੈਂਦੇ. ਸੋ ਉਹਨਾਂ ਅਨੁਸਾਰ ਧਰਤੀ ਤੇ ਪੈਦਾ ਹੋਏ ਪੀਰ ਪੈਗੰਬਰਾਂ ਨੂੰ ਦੇਵਤੇ ਨਹੀਂ ਮੰਨਿਆ ਜਾ ਸਕਦਾ. ਹਾਂ, ਦੇਵਤੇ ਸ਼ਬਦ ਪੰਜਾਬੀ ਵਿੱਚ ਭਲੇ ਪੁਰਸ਼ਾਂ ਲਈ ਹੀ ਵਰਤਿਆ ਜਾਂਦਾ ਹੈ, ਜੋ ਮਾਨਵਤਾ ਦੀ ਸੇਵਾ ਕਰਦੇ ਹਨ. ਅਸੀਂ ਇਸ ਸ਼ਬਦੀ ਅਰਥ ਤੋਂ ਮੁਨਕਰ ਨਹੀਂ ਹਾਂ. ਸੁੱਖਾਂ ਸੁੱਖਣ ਨਾਲ ਕੋਈ ਕੰਮ ਨਾ ਬਣਦਾ ਹੈ ਤੇ ਨਾ ਹੀ ਵਿਗੜਦਾ. ਸਾਡੇ ਹਰ ਕੰਮ ਦੀਆਂ ਦੋ ਹੀ ਸੰਭਾਵਨਾਵਾਂ ਹੁੰਦੀਆਂ ਹਨ; ਹੱਲ ਹੋ ਜਾਣਾ ਜਾਂ ਨਾ ਹੱਲ ਹੋਣਾ. ਜਿਨ੍ਹਾਂ ਦੇ ਕੰਮ ਹੱਲ ਹੋ ਜਾਂਦੇ ਹਨ ਉਹ ਸਮਝ ਲੈਂਦੇ ਹਨ ਕਿ ਸੁੱਖਾਂ ਸੁੱਖਣ ਕਰਕੇ ਹੋ ਗਿਆ ਅਤੇ ਜਿਨ੍ਹਾਂ ਦੇ ਨਹੀਂ ਬਣਦੇ ਉਹ ਅੰਧਵਿਸ਼ਵਾਸੀ ਇਹ

ਸਮਝ ਲੈਂਦੇ ਹਨ ਕਿ ਸੁੱਖ ਸੱਚੇ ਮਨੋਂ ਨਹੀਂ ਸੀ ਸੁੱਖੀ. ਪੰਜਾਬ ਵਿੱਚ ਸਾਧ, ਲੋਕਾਂ ਨੂੰ ਮੁੰਡੇ ਬਖਸ਼ਦੇ ਆਮ ਦੇਖੇ ਜਾਂਦੇ ਹਨ. ਸਰੀਰ ਵਿਗਿਆਨ ਅਨੁਸਾਰ ਪੰਜਾਬ ਵਿੱਚ ਮੁੰਡੇ ਕੁੜੀਆਂ ਦਾ ਅਨੁਪਾਤ 55:45 ਹੈ. ਸੋ 100 ਮਗਰ 55 ਮੁੰਡੇ ਤਾਂ ਹੋਣੇ ਹੀ ਹੀ ਹਨ. ਸਾਧਾਂ ਪਾਸ ਜਾਣ ਵਾਲਿਆਂ ਵਿੱਚੋਂ ਇਸ ਅਨੁਪਾਤ ਅਨੁਸਾਰ ਮੁੰਡੇ ਹੋ ਗਏ ਉਹ ਮੰਨ ਲੈਂਦੇ ਹਨ ਕਿ ਸਾਧ ਨੇ ਦਿੱਤੇ ਤੇ ਜਿਨ੍ਹਾਂ ਦੇ ਕੁੜੀਆਂ ਹੋ ਗਈਆਂ ਉਹਨਾਂ ਨੂੰ ਸਾਧ ਇਹੋ ਕਹਿੰਦਾ ਹੈ ਕਿ ਉਹਨਾਂ ਤੋਂ ਤਬੀਤ ਜੂਠੇ ਹੋ ਗਏ ਜਾਂ ਦਿੱਤੀ ਰਾਖ ਦੀ ਪੁੜੀ ਅਪਵਿੱਤਰ ਹੋ ਗਈ.

**ਸਵਾਲ:** ਮੇਰੀ ਦਾਦੀ ਕਹਿੰਦੀ ਹੈ ਕਿ ਦਵਾਈ ਲੈਂਣ ਨਾਲੋਂ ਬਿਮਾਰੀ ਨੂੰ ਆ ਜਾਣ ਦੇਣਾ ਵਧੇਰੇ ਚੰਗਾ ਹੈ ਜਿਵੇਂ ਮਾਤਾ ਨਿਕਲਣ ਤੇ ਟੀਕੇ ਨਾ ਲਵਾਉਣਾ?

**ਜਵਾਬ:** ਵੈਕਸੀਨੇਸ਼ਨਜ਼ ਬਿਮਾਰੀਆਂ ਦੇ ਕਿਟਾਣੂਆਂ ਨੂੰ ਮਾਰਨ ਜਾਂ ਉਹਨਾਂ ਦੀ ਸਮਰਥਾ ਨੂੰ ਕਮਜੋਰ ਕਰਨ ਲਈ ਵਰਤੀਆਂ ਜਾਂਦੀਆਂ ਹਨ. ਇਹ ਬਿਮਾਰੀਆਂ ਪ੍ਰਤੀ ਸਰੀਰ ਦੀ ਸੁਰੱਖਿਆ ਸ਼ਕਤੀ ਵਿੱਚ ਵਾਧਾ ਕਰਦੀਆਂ ਹਨ. ਬਿਮਾਰੀਆਂ, ਜਿਸ ਤਰ੍ਹਾਂ ਮਾਤਾ, ਛੋਟੀ ਮਾਤਾ ਜਾਂ ਖਸਰਾ ਆਦਿ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਆਉਣ ਨੂੰ ਉਡੀਕਣਾ ਫੇਰ ਸਰੀਰ ਅੰਦਰ ਸੁਰੱਖਿਅਤ ਸਮਰਥਾ (Immunity) ਵਿੱਚ ਵਾਧਾ ਕਰਨਾ ਖਤਰੇ ਤੋਂ ਖਾਲੀ ਨਹੀਂ ਹੋ ਸਕਦਾ. ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਇਲਾਜ ਨਾਲੋਂ ਪਰਹੇਜ਼ ਚੰਗਾ ਹੈ ਤਾਂ ਇਸ ਤੋਂ ਭਾਵ ਹੁੰਦਾ ਹੈ ਕਿ ਬਿਮਾਰੀ ਤੋਂ ਬਚਣ ਲਈ ਸੁਰੱਖਿਅਤ ਸਾਧਨ ਅਪਣਾਉਂਣੇ ਚਾਹੀਦੇ ਹਨ. ਸੋ ਵੈਕਸੀਨੇਸਨਜ਼ (ਸੁਰੱਖਿਅਤਾ ਵਾਸਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ) ਵਰਤਣਾ ਜਰੂਰੀ ਹੈ.

**ਸਵਾਲ:** ਜੋਤਿਸ਼ੀ ਫੇਸ ਰੀਡਿੰਗ ਕਰਕੇ (ਮੱਥਾ ਵੇਖਕੇ) ਦੱਸ ਸਕਦੇ ਹਨ ਕਿ ਤੁਹਾਡੇ ਕਿੰਨੇ ਭੈਣ ਭਰਾ ਹਨ ?

**ਜਵਾਬ**: ਨਹੀਂ. ਜੋਤਿਸ਼ੀ ਅਜਿਹਾ ਨਹੀਂ ਕਰ ਸਕਦਾ. ਕਿਸੇ ਦੇ ਚੇਹਰੇ ਤੋਂ ਉਸ ਦੀ ਮਾਨਸਿਕ ਸਥਿੱਤੀ ਜਾਂ ਹਾਵਾਂ-ਭਾਵਾਂ ਦਾ ਤਾਂ ਅੰਦਾਜਾ ਲਾਇਆ ਜਾ ਸਕਦਾ ਹੈ ਪ੍ਰੰਤੂ ਕਿਸੇ ਦੇ ਭਵਿੱਖ ਜਾਂ ਸਾਕ-ਸਬੰਧੀਆਂ ਜਾਂ ਭਰਾਵਾਂ ਆਦਿ ਦੀ ਸੂਚੀ ਜੋਤਿਸ਼ੀ ਨਹੀਂ ਦੇ ਸਕਦਾ. ਜੋਤਿਸ਼ ਕੋਈ ਵਿਗਿਆਨ ਨਹੀਂ, ਕੇਵਲ ਧੋਖਾ ਦੇਊ ਸਾਧਨ ਹੈ. ਜੇ ਕਿਤੇ ਕੋਈ ਜੋਤਿਸ਼ੀ ਅਜਿਹਾ ਕਰਨ ਵਿੱਚ ਸਫਲ ਹੁੰਦਾ ਵੀ ਹੈ ਤਾਂ ਇਹ ਕਿਸੇ ਵਿਆਕਤੀ ਦੀ ਮਦਦ ਜਾਂ ਜਾਣਕਾਰੀ ਰਾਹੀਂ ਹੀ ਕਰਦਾ ਹੈ. ਉਸ ਪਾਸ ਕੋਈ ਅਜਿਹੀ ਸ਼ਕਤੀ ਨਹੀਂ ਜਿਸ ਨਾਲ ਉਹ ਤੁਹਾਡੇ ਭੈਣ-ਭਰਾਵਾਂ ਦੀ ਗਿਣਤੀ ਦੱਸ ਸਕੇ. ਜੋਤਿਸ਼ ਗੈਰ-ਵਿਗਿਆਨ ਤਰੀਕਿਆਂ ਦੁਆਰਾ ਲੁੱਟਣ ਦਾ ਸਾਧਨ ਹੈ.

**ਸਵਾਲ:** ਪਾਕਿਸਤਾਨੀ ਕਵੀ ਅਜ਼ਜਲ ਸਾਹਿਰ ਦੀ ਕਵਿਤਾ 'ਮਿੱਟੀ ਦੇ ਇਬਲੀਸ' ਦਾ  ਪੰਜਾਬੀ ਵਿੱਚ ਕੀ ਅਰਥ ਹੈ?

**ਜਵਾਬ:** ਇਸਲਾਮੀ ਮੱਤ ਅਨੁਸਾਰ ਇਬਲੀਸ ਜਾਂ ਅਜ਼ਾਜ਼ੀਲ ਜਾਂ ਸ਼ੈਤਾਨ ਇੱਕ ਫਰਿਸ਼ਤਾ ਹੈ ਜਿਸਨੇ ਖੁਦਾ ਦੇ ਕਹਿਣ ਤੇ ਆਦਮ ਨੂੰ ਸਿਜਦਾ ਨਹੀਂ ਕੀਤਾ ਸੀ, ਇਸ ਲਈ ਇਸਨੂੰ ਰੱਬੀ ਦਰਗਾਹ ਤੋਂ ਦੇਸ਼ ਨਿਕਾਲਾ ਮਿਲਿਆ ਸੀ. ਇਸੇ ਨੇ ਹੀ ਆਦਮ ਤੇ ਹਵਾ ਨੂੰ ਕਣਕ ਦਾ ਦਾਣਾ ਚਖਣ ਦਾ ਵਰਜਿਤ ਕੰਮ ਕਰਨ ਲਈ ਉਕਸਾਇਆ ਸੀ. ਇਸਲਾਮਿਕ ਵਿਸ਼ਵਾਸ ਅਨੁਸਾਰ ਇਹ ਅੱਜ ਵੀ ਲੋਕਾਂ ਨੂੰ ਕੁਰਾਹੇ ਪਾ ਕੇ ਭੈੜੇ ਕੰਮ ਕਰਵਾਉਂਦਾ ਹੈ. ਇਸਨੂੰ ਇਸਲਾਮਕ ਵਿਸ਼ਵਾਸਾਂ ਅਨੁਸਾਰ ਅੱਗ ਦਾ ਬਣਿਆ ਹੋਇਆ ਖਿਆਲ ਕੀਤਾ ਜਾਂਦਾ ਹੈ. ਇਸੇ ਕਰਕੇ ਇਸਲਾਮਿਕ ਧਾਰਮਿਕ ਸਾਹਿਤ ਵਿੱਚ ਜਿੱਥੇ ਇਬਲੀਸ ਨੂੰ

ਹਰ ਮਾੜੇ ਕੰਮ ਲਈ ਜਿੰਮੇਂਵਾਰ ਸਮਝ ਕੇ ਕੋਸਿਆ ਜਾਂਦਾ ਹੈ ਉਥੇ ਇਸਲਾਮਿਕ ਪਿਛੋਕੜ ਵਾਲੇ ਤਰਕਸ਼ੀਲ ਵਿਗਿਆਨਕ ਦਿਸ਼ਟੀਕੋਣ ਵਾਲਿਆਂ ਲਈ ਇਬਲੀਸ ਰੱਬ ਨੂੰ ਚਣੌਤੀ ਦਾ ਪ੍ਰਤੀਕ ਹੈ. ਪੰਜਾਬੀ ਦੇ ਇਕ ਸ਼ਾਇਰ ਨੇ ਆਪਣਾ ਤਖੱਲਸ ਇਬਲੀਸ ਰੱਖਿਆ ਹੈ ਅਤੇ ਪਾਕਿਸਤਾਨੀ ਸ਼ਾਇਰ ਅਫਜਲ ਸਾਹਿਰ ਦੀ ਕਵਿੱਤਾ 'ਮਿੱਟੀ ਦੇ ਇਬਲੀਸ' ਵਿੱਚ ਆਮ ਸਾਧਾਰਣ ਮਨੁੱਖ ਨੂੰ 'ਮਿੱਟੀ ਦਾ ਇਬਲੀਸ' ਆਖਿਆ ਹੈ ਜੋ ਕਿ ਗੈਬੀ ਸ਼ਕਤੀ ਦੀ ਹੋਂਦ ਨੂੰ ਕਿੰਤੂ ਹੇਠ ਲਿਆਉਂਦਾ ਹੈ.

**ਸਵਾਲ:** ਕੀ ਬਿੱਲੀ ਮਾਰਨੀ ਮਹਾਂ-ਪਾਪ ਹੈ ? ਕੀ ਬਿੱਲੀ ਮਾਰਨ ਵਾਲਾ ਅੰਨ੍ਹਾ ਹੋ ਜਾਂਦਾ ਹੈ ? ਕੀ ਬਿੱਲੀ ਦੇ ਦੰਦਾਂ ਵਿੱਚ ਖਾਸ਼ ਜ਼ਹਿਰ ਹੈ?

**ਜਵਾਬ:** ਬਿੱਲੀ ਹੋਰ ਜਾਨਾਵਰਾਂ ਵਾਂਗ ਹੀ ਇੱਕ ਜਾਨਵਰ ਹੈ, ਇਸਨੂੰ ਮਾਰਨ ਦਾ ਵੱਧ ਜਾਂ ਘੱਟ ਪਾਪ ਜਾਂ ਪੁੰਨ ਲੱਗਣ ਦੀ ਗੱਲ ਨਿਰਮੂਲ ਹੈ. ਵੈਸੇ ਧਰਤੀ ਉਪਰ ਰਹਿਣ ਵਾਲੇ ਸਾਰੇ ਜੀਵਾਂ ਦਾ ਧਰਤੀ ਤੇ ਰਹਿਣ ਦਾ ਹੱਕ ਹੈ ਅਤੇ ਇਹ ਕੁਦਰਤੀ ਜੀਵ-ਸਮਤੋਲ ਲਈ ਵੀ ਜਰੂਰੀ ਹੈ. ਕੋਈ ਵੀ ਜਾਨਵਰ ਜਿੰਨੀ ਦੇਰ ਮਨੁੱਖੀ ਹੋਂਦ ਲਈ ਖਤਰਾ ਨਾ ਹੋਵੇ ਜਾਂ ਮਨੁੱਖ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਨਾ ਹੋਵੇ, ਨੂੰ ਮਾਰਨਾ ਠੀਕ ਨਹੀਂ ਹੈ ਪਰ ਇਥੇ ਸਪਸ਼ਟ ਕਰ ਦੇਣਾ ਠੀਕ ਹੋਵੇਗਾ ਕਿ ਕਿਸੇ ਵੀ ਜਾਨਵਰ ਨੂੰ ਮਾਰਨ ਜਾਂ ਨਾ ਮਾਰਨ ਦਾ ਕਿਸੇ ਅਖੌਤੀ ਪਾਪ-ਪੁੰਨ ਨਾਲ ਕੋਈ ਸਬੰਧ ਨਹੀਂ ਹੈ. ਬਿੱਲੀ ਮਾਰਨ ਨਾਲ ਕੋਈ ਵਿਅਕਤੀ ਅੰਨ੍ਹਾ ਨਹੀਂ ਹੁੰਦਾ. ਬਿੱਲੀ ਮਾਸਾਖੋਰੀ ਵਰਗ (Carnivore Family) ਦੀ ਮੈਂਬਰ ਹੈ ਜਿਸ ਵਿੱਚ ਕੁੱਤੇ, ਗਿੱਦੜ, ਬਘਿਆੜ ਆਦਿ ਆਉਂਦੇ ਹਨ. ਕਿਸੇ ਖਾਸ ਬਿੱਲੀ ਦੇ ਹਲਕੀ ਹੋਣ ਨਾਲ ਹਲਕਾਅ ਹੋ ਸਕਦਾ ਹੈ ਨਹੀਂ ਤਾਂ ਕਿਸੇ ਹੋਰ ਜਾਨਵਰ ਦੇ ਕੱਟਣ ਵਾਂਗ ਹੀ ਬਿੱਲੀ ਦਾ ਕੱਟਿਆ ਘੱਟ ਜਾਂ ਵੱਧ ਗੰਭੀਰ ਜਖਮੀ ਹੋ ਸਕਦਾ ਹੈ. ਇੱਥੇ ਇਹ ਵੀ ਦੱਸਣਾ ਯੋਗ ਰਹੇਗਾ ਕਿ ਭਾਰਤ ਵਿੱਚਲਾ ਗੰਧੀਲਾ ਕਬੀਲਾ ਜਿਸ ਨੂੰ ਪੰਜਾਬ ਵਿੱਚ ਬਿੱਲੀਮਾਰ ਆਖਦੇ ਹਨ, ਇਸਦਾ ਮਾਸ ਬੜੇ ਸੌਂਕ ਨਾਲ ਖਾਂਦੇ ਹਨ. ਵਿਦੇਸਾਂ ਵਿੱਚ ਵੀ ਇਸਦਾ ਮੀਟ ਆਮ ਖਾਧਾ ਜਾਂਦਾ ਹੈ.

**ਸਵਾਲ:** ਸਇੰਸ ਦੇ ਮਤਾਬਿਕ ਅਸੀਂ ਸਾਹ ਰਾਹੀਂ ਆਕਸੀਜਨ ਅੰਦਰ ਲੈ ਜਾਂਦੇ ਹਾਂ ਅਤੇ ਕਾਰਬਨ-ਡਾਈਆਕਸਾਈਡ ਬਾਹਰ ਛੱਡਦੇ ਹਾਂ. ਜਦੋਂ ਮਰੀਜ ਦੇ ਆਕਸੀਜਨ ਦਾ ਸਲੰਡਰ ਲੱਗਿਆ ਹੁੰਦਾ ਹੈ ਅਤੇ ਸਾਹ ਆਉਣਾ ਬੰਦ ਹੋ ਜਾਂਦਾ ਹੈ ਕਿਉਂ ? ਅਤੇ ਇਹ ਸਭ ਵਾਸਤੇ ਆਕਸੀਜਨ ਕੌਣ ਪੈਦਾ ਕਰ ਰਿਹਾ ਹੈ? ਜੇ ਕਰ ਮੌਤ ਇੱਕ ਹਾਦਸਾ ਹੈ ਤਾਂ ਸਾਇੰਸ ਦੀਆਂ ਏਨੀਆਂ ਪ੍ਰਾਪਤੀਆਂ ਦੇ ਬਾਵਜੂਦ ਅੱਜ ਤੱਕ ਵਿਗਿਆਨੀ ਜਾਂ ਡਾਕਟਰ ਮੌਤ ਦਾ ਸਹੀ ਸਮਾਂ ਦੱਸਣ ਵਿੱਚ ਅਸਮਰੱਥ ਕਿਉਂ ਹੈ? ਕੀ ਦੁਨੀਆਂ ਦੇ ਕਿਸੇ ਇੱਕ ਵਿਅਕਤੀ ਦਾ ਨਾਂ ਲਿਆ ਜਾ ਸਕਦਾ ਹੈ ਜੋ ਇਸ ਮੌਤ ਰੂਪੀ ਕਾਲ ਦੇ ਹਾਦਸੇ ਤੋਂ ਬਚਿਆ ਹੋਵੇ ?

**ਜਵਾਬ:** ਪ੍ਰਸ਼ਨ ਤਾਂ ਭਾਵੇਂ ਅਸਪਸ਼ਟ ਜਿਹਾ ਹੈ, ਫੇਰ ਵੀ ਉਤਰ ਦੇਣ ਦੀ ਕੋਸ਼ਿਸ਼ ਹੈ. ਵਿਗਿਆਨ ਦੀ ਸਮਝ ਅਨੁਸਾਰ ਸਾਡੀ ਧਰਤੀ ਸੂਰਜ-ਮੰਡਲ ਦਾ ਹਿੱਸਾ ਹੈ ਅਤੇ ਅੱਗੋਂ ਇਹ ਸੂਰਜ ਮੰਡਲ, ਇੱਕ ਗਲੈਕਸੀ ਦਾ ਹਿੱਸਾ ਹੈ ਅਤੇ ਗਲੈਕਸੀਆਂ ਬ੍ਰਹਿਮੰਡ ਦੀ ਸਿਰਜਣਾ ਹਨ. ਧਰਤੀ ਉਪਰ ਵਿਸ਼ੇਸ਼ ਹਾਲਤਾਂ ਅਧੀਨ ਜੀਵਨ ਪਨਪਿਆ ਹੈ. ਧਾਰਮਿਕ ਵਿਚਾਰ ਬ੍ਰਹਿਮੰਡ ਦੀ ਉਤਪਤੀ ਅਤੇ ਜੀਵ ਵਿਕਾਸ ਸਿਧਾਂਤ ਨੂੰ ਮੰਨਣ ਤੋਂ ਇਨਕਾਰੀ ਰਹੇ ਹਨ. ਇਸੇ ਕਾਰਣ ਬਰੂਨੋਂ, ਗਲੀਲੀਓ, ਕਾਪਨੀਕਸ ਅਤੇ ਡਾਰਵਿਨ ਦੇ ਵਿਚਾਰਾਂ ਦੀ ਵਿਰੋਧਤਾ ਹੋਈ ਹੈ. ਧਾਰਮਿਕ ਲੋਕ ਭਾਵੇਂ ਅੱਜ ਬ੍ਰਹਿਮੰਡ ਦੀ ਉਤਪਤੀ ਅਤੇ ਜੀਵ-ਵਿਕਾਸ ਦੇ ਸਿਧਾਂਤ ਨੂੰ ਮੰਨਣ ਲੱਗ ਪਏ ਹਨ ਪਰ ਉਹ ਅਜੇ ਵੀ ਇਸ ਵਿਕਾਸ ਦਾ ਕਾਰਣ ਜਾਂ ਆਰੰਭ ਕਿਸੇ ਦੈਵੀ-

ਸ਼ਕਤੀ ਜਾਂ ਪ੍ਰਮਾਤਮਾ ਨੂੰ ਮੰਨਦੇ ਹਨ ਜਦੋਂ ਕਿ ਸਾਡੇ ਵਿਚਾਰ ਅਨੁਸਾਰ ਇਹ ਸਭ ਕੁਝ ਆਪਣੇ ਆਪ ਹੋਇਆ ਹੈ. ਇਸ ਸੰਬੰਧੀ ਧਾਰਮਿਕ ਵਿਚਾਰਾਂ ਨਾਲ ਸਾਡਾ ਬੁਨਿਆਦੀ ਮੱਤਭੇਦ ਹੈ. ਅੱਜ ਦੇ ਜੀਵ-ਵਿਕਾਸ ਵਿੱਚ ਹਰ ਜੀਵਤ ਪ੍ਰਾਣੀ ਦਾ ਕੁਦਰਤੀ ਹਾਲਤਾਂ ਅਨੁਸਾਰ ਇੱਕ ਨਿਸ਼ਚਤ ਜੀਵਨ-ਕਾਲ ਹੈ. ਪ੍ਰੰਤੂ ਮੌਤ ਕਿਹੜੇ ਕਾਰਣਾਂ ਕਰਕੇ ਹੁੰਦੀ ਹੈ ਇਸ ਬਾਰੇ ਵਿਗਿਆਨਕ ਖੋਜ-ਬੀਣ ਜਾਰੀ ਹੈ. ਆਸ ਹੈ ਕਿ ਭਵਿੱਖ ਵਿੱਚ ਅੱਜ ਤੋਂ ਵਧੇਰੇ ਨਿਸ਼ਚਿਤਤਾ ਆ ਜਾਵੇਗੀ. ਇਹੀ ਪ੍ਰਸ਼ਨ ਧਾਰਮਿਕ ਜਗਤ ਤੋਂ ਵੀ ਪੁੱਛਿਆ ਜਾ ਸਕਦਾ ਹੈ ਕਿ ਕੀ ਉਹ ਕਿਸੇ ਵਿਆਕਤੀ ਦਾ ਨਾਂ ਦੱਸ ਸਕਦੇ ਹਨ ਜੋ ਉਹਨਾਂ ਦੁਆਰਾ ਪ੍ਰਚਾਰੇ ਜਾਂਦੇ ਬਰ੍ਹਮ-ਗਿਆਨ ਨਾਲ ਮੌਤ ਤੋਂ ਬਚਿਆ ਹੋਵੇ. ਆਕਸ਼ੀਜਨ ਬਾਰੇ ਵੀ ਇਹ ਮੋੜਵਾਂ ਸਵਾਲ ਵੀ ਧਾਰਮਿਕ ਜਗਤ ਤੋਂ ਪੁਛਿਆ ਜਾਣਾ ਚਾਹੀਦਾ ਹੈ ਕਿ ਕੀ ਹੁਣ ਆਕਸੀਜਨ ਦੀ ਕਮੀ ਹੁੰਦੇ ਜਾਣਾ ਉਹਨਾਂ ਦੇ ਰੱਬ ਦੀ ਨਰਾਜ਼ਗੀ ਹੈ ਜਾਂ ਮਨੁੱਖ ਦੁਆਰਾ ਕੀਤੇ ਜਾ ਰਹੇ ਗੈਰ-ਯੋਜਨਾਬੱਧ ਵਿਕਾਸ ਅਤੇ ਪਰ੍ਦੂਸ਼ਨ ਦੀ ਸਮੱਸਿਆ ਕਰਕੇ ਹੈ.

**ਸਵਾਲ:** ਕੀ ਸੱਪ ਦੁੱਧ ਪੀਂਦਾ ਹੈ ? ਕੀ ਬੀਨ ਵਜਾ ਕੇ ਸੱਪ ਨੂੰ ਛੁਪੇ ਹੋਏ ਸਥਾਨ ਤੋਂ ਬਾਹਰ ਕੱਢਿਆ ਜਾ ਸਕਦਾ ਹੈ ?

**ਜਵਾਬ:** ਸੱਪ ਰੀਂਗਣ ਵਾਲੀ ਸ਼੍ਰੈਣੀ ਦਾ ਜੀਵ ਹੈ. ਇਹਨਾਂ ਦੀ ਕੁਦਰਤੀ ਖੁਰਾਕ ਕੀੜੇ-ਪਤੰਗੇ, ਡੱਡੂ, ਚੂਹੇ ਆਦਿ ਹਨ. ਸੱਪ ਦੇ ਮੂੰਹ ਦੀ ਬਣਤਰ ਅਤੇ ਓਸਦੇ ਸਰੀਰ ਦੀ ਲੋੜ ਅਨੁਸਾਰ ਦੁੱਧ ਉਸਦੀ ਖੁਰਾਕ ਨਹੀਂ ਹੈ. ਸੋ ਸੱਪ ਦੁੱਧ ਨਹੀਂ ਪੀਂਦਾ. ਸੱਪਾਂ ਨੂੰ ਪਾਲਣ ਜੋਗੀ ਆਪਣੇ ਸੱਪਾਂ ਨੂੰ ਮੁਰਗੀ ਦੇ ਆਂਡੇ ਅਤੇ ਡੱਡੂ ਖੁਆਉਂਦੇ ਹਨ.

ਸੱਪ ਦੇ ਕੰਨਾਂ ਦੀ ਜਗ੍ਹਾ ਤੇ ਜਿਹੜੀਆਂ ਕੰਨ-ਨੁਮਾ ਮੋਰੀਆਂ ਹੁੰਦੀਆਂ ਹਨ, ਉਹ ਆਵਾਜ਼-ਤਰੰਗਾਂ (Sound waves) ਨੂੰ ਗ੍ਰਹਿਣ (Catch)ਕਰਨ ਤੋਂ ਅਸਮਰਥ ਹੁੰਦੀਆਂ ਹਨ. ਇਸ ਲਈ ਸੱਪ ਆਪਣੀਆਂ ਇਹਨਾਂ ਕੰਨ-ਨੁਮਾ ਮੋਰੀਆਂ ਰਾਹੀਂ ਨਹੀਂ ਸੁਣਦਾ. ਉਹ ਆਪਣੀ ਛਾਤੀ ਦੇ ਧਰਤੀ ਨਾਲ ਸਪਰਸ਼ ਹੋਣ ਤੇ ਧਰਤੀ ਦੀ ਧਮਕ ਮਹਿਸੂਸ ਕਰਦਾ ਹੈ. ਜਦੋਂ ਸੱਪ ਸੁਣ ਹੀ ਨਹੀਂ ਸਕਦਾ ਤੇ ਸਿਰਫ ਧਮਕ ਹੀ ਮਹਿਸੂਸ ਕਰ ਸਕਦਾ ਹੈ ਫਿਰ ਬੀਨ ਸੁਣਾਕੇ ਸੱਪ ਨੂੰ ਛੁਪੇ ਸਥਾਨ ਤੋਂ ਬਾਹਰ ਕੱਢਣ ਦੀਆਂ ਕਹਾਣੀਆਂ ਆਪਣੇ-ਆਪ ਹੀ ਮਨ-ਘੜ੍ਹਤ ਹੋ ਜਾਂਦੀਆਂ ਹਨ. ਸੱਪ ਬੀਨ ਸੁਣਕੇ ਉਸ ਓਪਰ ਨਹੀਂ ਮੇਲਦਾ ਸਗੋਂ ਬੀਨ ਨੂੰ ਸਾਹਮਣੇ ਦੇਖ ਕੇ ਮੇਲਦਾ ਹੈ. ਤੁਸੀਂ ਇਸਦਾ ਤਜਰਬਾ ਕਰਕੇ ਦੇਖ ਸਕਦੇ ਹੋ. ਤੁਸੀਂ ਅਜਿਹਾ ਕਰੋ ਕਿ ਬੀਨ ਨੂੰ ਵਜਾਏ ਬਿਨਾਂ ਇਸਨੂੰ ਸੱਜੇ ਖੱਬੇ ਕਰੀ ਜਾਓ, ਸੱਪ ਸੱਜੇ ਖੱਬੇ ਮੇਲੇਗਾ. ਇਸਤੋਂ ਸਾਫ਼ ਹੋ ਜਾਵੇਗਾ ਕਿ ਸੱਪ ਸੰਭਾਵੀ ਹਮਲੇ ਤੋਂ ਬਚਾਅ ਲਈ ਪੈਂਤੜੇ ਬਦਲਦਾ ਹੈ.

**ਸਵਾਲ:** ਪਿੰਡਾਂ ਵਿੱਚ ਜੋਗੀ ਮੰਤਰ ਪੜ੍ਹਕੇ ਜਾਂ ਨੀਮ-ਹਕੀਮ ਕੋਈ ਦਵਾਈ ਆਦਿ ਲਾ ਕੇ ਦੰਦਾਂ ਵਿੱਚੋਂ ਕੀੜਾ ਕੱਢਦੇ ਹਨ ਜੋ ਕਿ ਤਿਲ ਦੇ ਦਾਣੇ ਵਰਗਾ ਹੁੰਦਾ ਹੈ, ਕੀ ਇਹ ਠੀਕ ਹੈ ਜਾਂ ਗਲਤ ?

**ਜਵਾਬ:** ਦੰਦ ਸਾਫ ਨਾ ਕਰਨ ਨਾਲ ਦੰਦਾਂ ਉੱਪਰ ਭੋਜਨ ਪਦਾਰਥਾਂ ਦੀ ਰਹਿੰਦ-ਖੂੰਹਦ ਪੀਲੇ ਪੱਥਰ ਵਾਂਗ ਜੰਮ ਜਾਂਦੀ ਹੈ. ਇਸ ਕਰਕੇ ਬੈਕਟੀਰੀਆ ਪੈਦਾ ਹੋ ਜਾਂਦੇ ਹਨ. ਪਰ ਇਹ ਬੈਕਟੀਰੀਆ ਨੰਗੀ ਅੱਖ ਨਾਲ ਨਹੀਂ ਦੇਖੇ ਜਾ ਸਕਦੇ. ਧੋਖੇਬਾਜ਼ ਜੋਗੀ ਜਾਂ ਨੀਮ-ਹਕੀਮ ਆਪਣੇ ਕੋਲੋਂ ਹੀ ਕੋਈ ਛੋਟਾ-ਮੋਟਾ ਕੀੜਾ ਸੁੰਡੀ ਜਾਂ ਖਾਧ-ਪਦਾਰਥ ਦਾ ਭੂਰਾ-ਚੂਰਾ ਡੱਕੇ ਦੀ ਨੋਕ ਤੇ ਲਗਾਕੇ ਦਿਖਾ ਦਿੰਦੇ ਹਨ. ਮਾਰਕੇ ਕੀੜਾ ਕੱਢਣਾ ਜਾਂ ਮਾਰਨਾ ਲੋਕਾਂ ਨੂੰ ਚਲਾਕੀ ਨਾਲ ਲੁੱਟਣ ਦੀ ਸਕੀਮ ਤੋਂ ਵੱਦ ਕੇ ਕੁੱਝ ਨਹੀਂ ਹੈ.

**ਸਵਾਲ:** ਕੀ ਸੱਪ ਦਾ ਜ਼ਹਿਰ ਨੂੰ ਕੋਈ ਮਣਕਾ ਲਾ ਕੇ ਉਤਾਰਿਆ ਜਾ ਸਕਦਾ ਹੈ ?

**ਜਵਾਬ:** ਜੀ ਨਹੀਂ. ਅੱਜ ਤੱਕ ਦੀ ਪ੍ਰਾਪਤ ਵਿਗਿਆਨਕ ਜਾਣਕਾਰੀ ਅਨੁਸਾਰ ਸੱਪ ਦਾ ਜ਼ਹਿਰ ਉਤਾਰਨ ਵਾਲਾ ਕੋਈ ਮਣਕਾ ਨਹੀਂ ਹੈ. ਇਹ ਜੋਗੀਆਂ ਦਾ ਆਮ ਲੋਕਾਂ ਨੂੰ ਲੁੱਟਣ ਦਾ ਇੱਕ ਢੰਗ ਹੈ ਕਿ ਉਹ ਆਮ ਸਾਧਾਰਨ ਮਣਕੇ ਦੇ ਜ਼ਹਿਰ ਉਤਾਰਨ ਵਾਲੇ ਗੁਣ ਦਾ ਧਾਰਨੀ ਹੋਣਾ ਦੱਸ ਕੇ ਪੈਸੇ ਵੱਟ ਲੈਂਦੇ ਹਨ. ਆਮ ਕਰਕੇ ਬਹੁਤੇ ਸੱਪ ਜ਼ਹਿਰੀਲੇ ਨਹੀਂ ਹੁੰਦੇ ਜਾਂ ਜਾਨ-ਲੇਵਾ ਹੱਦ ਤੱਕ ਜ਼ਹਿਰੀਲੇ ਨਹੀਂ ਹੁੰਦੇ ਜਿਸ ਕਰਕੇ ਕਈ ਵਾਰ ਸੱਪ ਕੱਟਣ ਦੇ ਬਾਵਜੂਦ ਵਿਅਕਤੀ ਬਚ ਜਾਂਦਾ ਹੈ. ਅਜਿਹੇ ਬਚੇ ਵਿਅਕਤੀ ਦੇ ਜੇ ਮਣਕਾ ਲੁਆਇਆ ਹੋਵੇ ਤਾਂ ਉਸਦਾ ਮਣਕੇ ਦੀ ਸ਼ਕਤੀ ਵਿੱਚ ਵਿਸ਼ਵਾਸ਼ ਪੱਕਾ ਹੋ ਜਾਂਦਾ ਹੈ ਜਦੋਂ ਕਿ ਸੱਪ ਦੇ ਘੱਟ ਜ਼ਹਿਰੀਲੇ ਹੋਣ ਕਰਕੇ ਬਚ ਉਸ ਨੇ ਵੈਸੇ ਹੀ ਜਾਣਾ ਹੁੰਦਾ ਹੈ. ਸੱਪ ਕੱਟਣ ਤੇ ਕਿਸੇ ਅਜਿਹੇ ਅੰਧ ਵਿਸ਼ਵਾਸ਼ ਵਿੱਚ ਫਸਣ ਦੀ ਥਾਂ ਯੋਗਤਾ ਪ੍ਰਾਪਤ ਡਾਕਟਰ ਕੋਲ ਪਹੁੰਚਣਾ ਚਾਹੀਦਾ ਹੈ.

**ਸਵਾਲ:** ਲੋਕ ਕਹਿੰਦੇ ਹਨ ਕਿ ਜਿਸ ਚੀਜ਼ ਦਾ ਨਾਂ ਹੈ, ਉਹ ਚੀਜ਼ ਵੀ ਜ਼ਰੂਰ ਹੁੰਦੀ ਹੈ ?

**ਜਵਾਬ:** ਲੋਕਾਂ ਦੀ ਇਸ ਗੱਲ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ ਕਿ ਜਿਸ ਚੀਜ਼ ਦਾ ਨਾਂ ਹੁੰਦਾ ਹੈ ਉਹ ਚੀਜ਼ ਵੀ ਜ਼ਰੂਰ ਹੁੰਦੀ ਹੈ. ਵਸਤਾਂ ਭਾਵ ਚੀਜ਼ਾਂ, ਸੰਕਲਪਾਂ, ਘਟਨਾਵਾਂ ਅਤੇ ਵਰਤਾਰਿਆਂ ਦਾ ਨਾਮਕਰਣ ਭਾਸ਼ਾ ਵਿਗਿਆਨ ਦੇ ਨਾਮ ਅਨੁਸਾਰ ਹੁੰਦਾ ਹੈ. ਬਹੁਤ ਸਾਰੀਆਂ ਚੀਜ਼ਾਂ ਦੀ ਕੋਈ ਭੌਤਿਕ ਵਸਤੂਗਤ ਹੋਂਦ ਨਹੀਂ ਹੈ ਪ੍ਰੰਤੂ ਉਨ੍ਹਾਂ ਦਾ ਮਾਨਸਿਕ ਸੰਕਲਪ ਜਾਂ ਭਾਵ ਮੌਜੂਦ ਹੁੰਦਾ ਹੈ. ਭੂਤ ਦਾ ਸ਼ਾਬਦਿਕ ਅਰਥ ਬੀਤੀਆ-ਲੰਘਿਆ ਸਮਾਂ ਹੁੰਦਾ ਹੈ. ਮਰ ਚੁੱਕੇ ਵਿਅਕਤੀ ਦੀ ਮਾਨਸਿਕ ਯਾਦ ਹੀ ਭੂਤ ਹੁੰਦੀ ਹੈ. ਇਸ ਰੂਪ ਵਿੱਚ ਭੂਤ ਇੱਕ ਮਾਨਸਿਕ ਸੰਕਲਪ ਹੈ. ਇਸ ਦਾ ਕੋਈ ਭੌਤਿਕ ਵਜੂਦ ਨਹੀਂ ਹੈ. ਸੋ ਇਸ ਸਬੰਧੀ ਕੋਈ ਵੀ ਵਹਿਮ ਨਹੀਂ ਕਰਨਾ ਚਾਹੀਦਾ.

**ਸਵਾਲ:** ਕੀ ਬਿਜਲੀ ਚਮਕਣ ਸਮੇਂ ਮਾਮਾ-ਭਾਣਜਾ ਇਕੱਠੇ ਨਹੀਂ ਹੋ ਸਕਦੇ ? ਅਜਿਹਾ ਅਕਸਰ ਕਿਹਾ ਜਾਂਦਾ ਹੈ.

**ਜਵਾਬ:** ਇਸ ਮਿੱਥ ਨੂੰ ਮਹਾਂਭਾਰਤ ਦੇ ਕੰਸ-ਕ੍ਰਿਸ਼ਨ ਪ੍ਰਸੰਗ ਨਾਲ ਵੀ ਜੋੜਿਆ ਜਾਂਦਾ ਹੈ. ਪਰ ਇਹ ਅੰਧ ਵਿਸ਼ਵਾਸ ਹੈ, ਇਸ ਦਾ ਕੋਈ ਵਿਗਿਆਨਕ ਕਾਰਨ ਨਹੀਂ ਹੈ. ਵਿਗਿਆਨਕ ਤੌਰ ਤੇ ਅਸੀਂ ਜਾਣਦੇ ਹਾਂ ਕਿ ਬੱਦਲਾਂ ਉੱਪਰ ਧਨ ਤੇ ਰਿਣ ਚਾਰਜ ਪੈਦਾ ਹੋਣ ਤੇ ਉਹਨਾਂ ਦੇ ਆਪਸੀ ਟਕਰਾਓ ਨਾਲ ਬਿਜਲੀ ਚਮਕਦੀ ਹੈ ਅਤੇ ਬਿਜਲੀ-ਨਿਰੋਧਕ ਯੰਤਰ ਨਾਲ ਬਿਜਲੀ ਡਿੱਗਣ ਦੇ ਸੰਭਾਵੀ ਵਰਤਾਰੇ ਤੋਂ ਬਚਿਆ ਜਾ ਸਕਦਾ ਹੈ. ਅਸੀਂ ਆਮ ਹੀ ਬਿਜਲੀ ਚਮਕਣ ਸਮੇਂ ਮਾਮੇ-ਭਾਣਜਿਆਂ ਨੂੰ ਇਕੱਠਿਆ ਦੇਖ ਸਕਦੇ ਹਾਂ ਤੇ ਕੋਈ ਆਫਤ ਵੀ ਨਹੀਂ ਆਉਂਦੀ. ਇਹ ਫਜ਼ੂਲ ਦਾ ਵਹਿਮ ਹੈ.

**ਸਵਾਲ:** ਸੁਣਿਆ ਹੈ ਕਿ ਮੱਛੀ ਖਾ ਕੇ ਉੱਪਰੋਂ ਦੀ ਦੁੱਧ ਪੀਣ ਨਾਲ ਜਾਂ ਦਹੀਂ ਖਾਣ ਨਾਲ ਫੁਲਵਹਿਰੀ ਹੋ ਜਾਂਦੀ ਹੈ?

**ਜਵਾਬ:** ਫੁਲਵਹਿਰੀ ਚਮੜੀ ਵਿੱਚ ਖਾਸ ਕਿਸਮ ਦੇ ਪਿਗਮੈਂਟ ਦੀ ਘਾਟ ਕਾਰਨ ਹੁੰਦੀ ਹੈ. ਇਸ ਘਾਟ ਦਾ ਮੱਛੀ ਅਤੇ ਦੁੱਧ ਜਾਂ ਮੱਛੀ ਅਤੇ ਦਹੀਂ ਦੇ ਮੇਲ ਨਾਲ ਕੋਈ ਸੰਬੰਧ ਨਹੀਂ ਹੈ. ਕੋਈ ਵੀ ਪ੍ਰਮਾਣਿਕ ਖੋਜ ਇਹਨਾਂ ਦੇ ਮੇਲ ਨੂੰ ਖਤਰਨਾਕ ਨਹੀਂ ਦੱਸਦੀ.

**ਸਵਾਲ:** ਸੁਣਨ ਵਿੱਚ ਆਇਆ ਹੈ ਕਿ ਡੇਹਰਾਦੂਨ ਵਿਖੇ ਜੋ ਬਾਬਾ ਸ੍ਰੀ ਚੰਦ ਦਾ ਗੁਰਦੁਆਰਾ ਹੈ, ਉੱਥੇ ਨਿਸ਼ਾਨ ਸਾਹਿਬ ਆਪਣੇ ਆਪ ਚੜਦਾ ਹੈ. ਇਸਦੀ ਅਸਲੀਅਤ ਕੀ ਹੈ ?

**ਜਵਾਬ:** ਵਿਗਿਆਨ ਦੇ ਨਿਯਮਾਂ ਅਨੁਸਾਰ ਧਰਤੀ ਉੱਪਰ ਕੋਈ ਵੀ ਵਸਤੂ ਬਾਹਰੀ ਬਲ ਤੋਂ ਬਿਨਾਂ ਕੰਮ ਨਹੀਂ ਕਰ ਸਕਦੀ. ਸੋ ਡੇਹਰਾਦੂਨ ਹੋਵੇ ਤੇ ਭਾਵੇਂ ਕੋਈ ਹੋਰ ਸਥਾਨ ਹੋਵੇ, ਨਿਸ਼ਾਨ ਸਾਹਿਬ ਆਪਣੇ ਆਪ ਨਹੀਂ ਚੜ੍ਹਦਾ. ਸੁਣੀਆਂ ਸੁਣਾਈਆਂ ਗੱਲਾਂ ਤੇ ਵਿਸ਼ਵਾਸ ਕਰਨ ਦੀ ਥਾਂ ਖੁਦ ਪਰਖ ਕਰਨੀ ਚਾਹੀਦੀ ਹੈ.

**ਸਵਾਲ:** ਪੇਂਡੂ ਲੋਕਾਂ ਦਾ ਵਿਚਾਰ ਹੈ ਕਿ ਜੇਕਰ ਕੱਦੂ, ਤੋਰੀ ਜਾਂ ਹੋਰ ਸਬਜ਼ੀ ਦੀਆਂ ਵੇਲਾਂ ਨੂੰ ਗਰਭਵਤੀ ਔਰਤ ਦਾ ਪਰਛਾਵਾਂ ਪੈ ਜਾਵੇ ਤਾਂ ਫਲ ਸੁੱਕਣ ਲੱਗ ਜਾਂਦੇ ਹਨ. ਕੀ ਇਹ ਧਾਰਨਾ ਸਹੀ ਹੈ ਜਾਂ ਐਵੇਂ ਅੰਧ ਵਿਸ਼ਵਾਸ ਹੀ ਹੈ ? ਕੀ ਗੁੱਗਲ ਆਦਿ ਦੀ ਧੂਣੀ ਦੇਣ ਨਾਲ ਸਬਜ਼ੀਆਂ ਦੀਆਂ ਵੇਲਾਂ ਨੂੰ ਵੱਧ ਫਲ ਲੱਗਦਾ ਹੈ ?

**ਜਵਾਬ:** ਸਭ ਤੋਂ ਪਹਿਲੀ ਗੱਲ ਪੰਜਾਬ ਵਿੱਚ ਗਰਭਵਤੀ ਔਰਤ ਦੇ ਪਰਛਾਵੇਂ ਨਾਲ ਵੇਲਾਂ ਦੇ ਫਲ ਸੁੱਕਣ ਦਾ ਕਿਤੇ ਵੀ ਵਹਿਮ ਨਹੀਂ ਕੀਤਾ ਜਾਂਦਾ ਸਗੋਂ ਇਸ ਦੇ ਉਲਟ ਵਹਿਮ ਪ੍ਰਚੱਲਿਤ ਹੈ ਕਿ ਗਰਭਵਤੀ ਔਰਤ ਦੇ ਪ੍ਰਛਾਵੇਂ ਨਾਲ ਵੇਲਾਂ ਨੂੰ ਵੱਧ ਫਲ ਲੱਗਦਾ ਹੈ, ਪਰ ਇਸ ਪ੍ਰਚੱਲਿਤ ਵਹਿਮ ਦਾ ਵੀ ਕੋਈ ਵਿਗਿਆਨਕ ਅਧਾਰ ਨਹੀਂ ਹੈ. ਅਸਲ ਵਿੱਚ ਆਦਿ-ਮਨੁੱਖ ਜੀਵਾਂ ਅਤੇ ਪੌਦਿਆਂ ਦੀ ਪ੍ਰਜਣਨ ਕ੍ਰਿਆ ਦੇ ਵਿਗਿਆਨਕ ਗਿਆਨ ਤੋਂ ਵਾਂਝਾ ਸੀ. ਇਸ ਕਰਕੇ ਉਹ ਆਪਣੀਆਂ ਕਲਪਨਾ ਨਾਲ ਸਮਰੂਪਤਾਵਾਂ ਘੜ ਲੈਂਦਾ ਸੀ. ਔਰਤ ਬੱਚਾ ਪੈਦਾ ਕਰਦੀ ਹੈ, ਧਰਤੀ ਪੌਦੇ ਪੈਦਾ ਕਰਦੀ ਹੈ. ਇਸੇ ਅਧਾਰ ਤੇ ਸਮਝ ਲਿਆ ਜਾਂਦਾ ਸੀ ਕਿ ਔਰਤ ਅਤੇ ਧਰਤੀ ਇੱਕੋ-ਜਿਹੀਆਂ ਹੀ ਹਨ. ਇਸ ਸਮਰੂਪਤਾ ਵਾਸਤੇ ਸ਼ਬਦ ਵੀ ਇੱਕੋ ਹੀ ਹਨ, ਜਿਵੇਂ ਜਿਹੜੀ ਧਰਤੀ ਵਿੱਚ ਪੈਦਾਵਾਰ ਨਹੀਂ ਦੇ ਸਕਦੀ ਉਸਨੂੰ ਬੰਜਰ (Barren) ਅਤੇ ਜਿਹੜੀ ਔਰਤ ਦੇ ਬੱਚਾ ਪੈਦਾ ਨਹੀਂ ਹੋ ਸਕਦਾ ਉਸਨੂੰ ਵੀ ਬਾਂਝ (Barren) ਕਹਿਣਾ. ਔਰਤ ਦੀ ਪ੍ਰਜਣਨ ਸ਼ਕਤੀ ਧਰਤੀ ਜਾਂ ਵੇਲਾਂ ਵਿੱਚ ਬਦਲੀ ਜਾ ਸਕਦੀ ਹੈ, ਅਜਿਹੀ ਸੋਚ ਅਧੀਨ ਗਰਭਵਤੀ ਔਰਤ ਦੇ ਪਰਛਾਵੇਂ ਨਾਲ ਵੇਲਾਂ ਨੂੰ ਫੁੱਲ-ਫਲ ਪੈਣ ਅਤੇ ਬਾਂਝ ਔਰਤ ਦੇ ਪਰਛਾਵੇਂ ਨਾਲ ਸੁੱਕ ਜਾਣ ਦੀ ਧਾਰਨਾ ਜੁੜੀ ਹੋਈ ਹੈ. ਕਿੰਨੇ ਹੀ ਪਰਿਵਾਰਾਂ ਵਿੱਚ ਅਜਿਹੀਆਂ ਔਰਤਾਂ ਹੁੰਦੀਆਂ ਹਨ ਜਿੰਨਾ ਦੇ ਬੱਚਾ ਪੈਦਾ ਨਹੀਂ ਹੋ ਸਕਿਆ ਹੁੰਦਾ ਤੇ ਉਹ ਖੇਤਾਂ ਵਿੱਚ ਜਾਂਦੀਆਂ ਹਨ ਤੇ ਫਸਲਾਂ ਤੇ ਉਨ੍ਹਾਂ ਦਾ ਪਰਛਾਵਾਂ ਵੀ ਪਿਆ ਹੁੰਦਾ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਪਰਿਵਾਰਾਂ ਦੇ ਫਸਲਾਂ ਵੀ ਚੰਗੀਆਂ ਹੋਈਆਂ ਹੁੰਦੀਆਂ ਹਨ. ਸੋ ਇਹ ਇੱਕ ਨਿਰਮੂਲ ਵਹਿਮ ਹੀ ਹੈ.

ਇਸੇ ਪ੍ਰਕਾਰ ਗੁੱਗਲ ਦੀ ਧੂਣੀ ਨਾਲ ਪੌਦਿਆਂ ਦੀ ਪ੍ਰਜਣਨ ਸ਼ਕਤੀ ਵਿੱਚ ਵਾਧਾ ਹੋਣ ਵਾਲੀ ਗੱਲ ਦਾ ਵੀ ਕੋਈ ਵਿਗਿਆਨਕ ਅਧਾਰ ਨਹੀਂ ਹੈ. ਕੋਈ ਵੀ ਕਾਰਬਨ ਵਾਲਾ ਪਦਾਰਥ (ਗੁੱਗਲ ਵਿੱਚ ਵੀ ਕਾਰਬਨ ਹੈ) ਸੜ ਕੇ ਕਾਰਬਨ-ਡਾਈਆਕਸਾਈਡ ਪੈਦਾ ਕਰਦਾ ਹੈ. ਕਾਬਰ-ਡਾਈਆਕਸਾਈਡ ਹਵਾ ਵਿੱਚ ਪਹਿਲਾਂ ਵੀ ਮੌਜੂਦ ਹੁੰਦੀ ਹੈ. ਭਾਰਤੀ ਧਾਰਮਿਕ ਪਰੰਪਰਾ ਵਿੱਚ ਗੁੱਗਲ ਦੀ ਖਾਸ ਗੰਧ ਕਾਰਨ ਇਸ ਨੂੰ ਧਾਰਮਿਕ ਸੰਸਕਾਰਾਂ (ਹਵਨਾਂ) ਆਦਿ ਵਿੱਚ ਵਰਤਿਆ ਜਾਂਦਾ ਹੈ. ਇਸ ਦੇ ਖਾਸ ਧੂੰਏ ਅਤੇ ਗੰਧ ਕਾਰਨ ਇਸਦੀ ਧੂਣੀ ਮੱਖੀਆਂ, ਕੀਟ-ਪਤੰਗੇ ਭਜਾਉਣ ਲਈ ਵੀ ਕੀਤੀ ਜਾਂਦੀ ਸੀ ਅਤੇ ਕਿਤੇ-ਕਿਤੇ ਹੁਣ ਵੀ ਕਰ ਲਈ ਜਾਂਦੀ ਹੈ. ਆਮ ਹਾਲਤਾਂ ਵਿੱਚ ਗੁੱਗਲ ਦੀ ਧੂਣੀ ਸਬਜ਼ੀਆਂ ਦਾ ਉਤਪਾਦਨ ਵਧਾ ਦੇਵੇ, ਇਸ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ.

**ਸਵਾਲ:** ਜਦ ਕਿਸੇ ਵਿਅਕਤੀ ਦੇ ਚੁੱਕ ਪੈ ਜਾਵੇ ਤਾਂ ਆਮ ਚਰਚਾ ਹੈ ਕਿ ਦੋ ਸਕੀਆਂ ਭੈਣਾਂ ਜੋ ਦੋ ਸਕੇ ਭਰਾਵਾਂ ਨੂੰ ਵਿਆਹੀਆਂ ਹੋਣ ਤਾਂ ਉਹ ਚੁੱਕ ਪਏ ਵਿਅਕਤੀ ਦੇ ਉਪੱਰ ਦੀ ਤਿੰਨ ਵਾਰ ਤਿੰਨ ਦਿਨ ਲਗਾਤਾਰ ਟੱਪ ਜਾਣ ਤਾਂ ਠੀਕ ਹੋ ਜਾਂਦੀ ਹੈ?

**ਜਵਾਬ:** ਹੋਰ ਟੂਣਿਆਂ ਵਾਂਗ ਇਹ ਵੀ ਫਜ਼ੂਲ ਵਹਿਮ ਹੈ. ਅਸਲ ਵਿੱਚ ਕਾਫੀ ਸਾਰੇ ਸਰੀਰਕ ਵਿਗਾੜ ਸਮੇਂ ਨਾਲ ਠੀਕ ਹੋਣ ਵਾਲੇ ਹੁੰਦੇ ਹਨ. ਰੀੜ ਦੀ ਹੱਡੀ ਦਾ ਸਧਾਰਨ ਦਰਦ ਆਪਣੇ ਆਪ ਤਿੰਨ-ਚਾਰ ਦਿਨਾਂ ਵਿੱਚ ਠੀਕ ਹੋ ਜਾਂਦਾ ਹੈ. ਟੂਣੇ ਨਾਲ ਮਨ ਨੂੰ ਹੌਂਸਲਾ ਬਣਿਆ ਰਹਿੰਦਾ ਹੈ.

**ਸਵਾਲ:** ਧੂਰੀ ਦੇ ਕਰਮਚਾਰੀਆਂ ਨੇ ਬਿਆਨ ਦਿੱਤਾ ਸੀ ਕਿ ਜੇਕਰ ਸਵਰਨ (ਬ੍ਰਾਹਮਣ) ਨੂੰ ਦਲਿਤ ਅਫਸਰ ਤੰਗ ਕਰਦੇ ਹਨ ਤਾਂ ਉਹ ਇਕ ਹਜ਼ਾਰ ਵਾਰ ਗਾਇਤਰੀ ਮੰਤਰ ਪੜ੍ਹਨ ਅਤੇ ਸਿੱਧੇ ਦਲਿਤ ਅਫਸਰ ਕੋਲ ਜਾਣ ਤੇ ਇੱਕ-ਟੱਕ ਨਿਗ੍ਹਾ ਕਰਕੇ ਉਸ ਵੱਲ ਦੇਖਣ, ਦਲਿਤ ਅਫਸਰ ਭਸਮ ਹੋ ਜਾਵੇਗਾ. ਕੀ ਇਹ ਵਿਚਾਰ ਠੀਕ ਹੈ?

**ਜਵਾਬ:** ਕਰਮਚਾਰੀਆਂ ਦੇ ਤੁਹਾਡੇ ਵੱਲੋਂ ਦੱਸੇ ਗਏ ਬਿਆਨ ਨੂੰ ਤਾਂ ਕੋਈ ਵਿਆਕਤੀ ਠੀਕ ਨਹੀਂ ਕਹਿ ਸਕਦਾ. ਅਸੀਂ ਸਮਝਦੇ ਹਾਂ ਕਿ ਇਹ ਬਿਆਨ ਹਾਸੋ-ਹੀਣਾ ਹੈ. ਸਾਡੀ ਸੁਸਾਇਟੀ ਵੱਲੋਂ ਅਜਿਹੇ ਦਾਅਵਿਆਂ ਦਾ ਥੋਥ ਉਜਾਗਰ ਕਰਨ ਲਈ ਇੱਕ ਇਨਾਮੀ ਸ਼ਰਤ ਰੱਖੀ ਗਈ ਹੈ. ਉਹ ਇਉਂ ਹੈ ਕਿ ਕੋਈ ਵੀ ਅਜਿਹੇ ਮੰਤਰ ਜਾਂ ਕਿਸੇ ਹੋਰ ਦੈਵੀ-ਸ਼ਕਤੀ ਨਾਲ ਸਾਡੇ ਕਿਸੇ ਵੀ ਮੈਂਬਰ ਦਾ ਕੋਈ ਵੀ ਸਰੀਰਕ ਨੁਕਸਾਨ ਕਰ ਦੇਵੇ ਤਾਂ ਉਸਨੂੰ ਸਾਡੀ ਸੁਸਾਇਟੀ ਪੰਜ ਲੱਖ ਰੁਪਏ ਦਾ ਇਨਾਮ ਦੇਵੇਗੀ. ਪਰ ਅੱਜ ਤੱਕ ਕਿਸੇ ਨੇ ਸਾਡੀ ਸੁਸਾਇਟੀ ਦੇ ਕਿਸੇ ਵੀ ਮੈਂਬਰ ਨੂੰ ਸਰੀਰਕ ਨੁਕਸਾਨ ਪਹੁੰਚਾ ਸਕਣ ਦੀ ਸ਼ਰਤ ਮੰਨਜ਼ੂਰ ਨਹੀਂ ਕੀਤੀ. ਸੋ ਅਜਿਹੇ ਊਲ-ਜਲੂਲ ਬਿਆਨਾਂ ਦਾ ਕੋਈ ਮਹੱਤਵ ਨਹੀਂ ਬਣਦਾ ਸਿਵਾਏ ਇਸ ਗੱਲ ਦੇ ਕਿ ਅਜਿਹੇ ਬਿਆਨ ਅਖੌਤੀ ਧਰਮ ਗੁਰੂਆਂ ਦੀ ਹੀ ਅਕਲ ਅਤੇ ਘਟੀਆ ਭਾਵਨਾਵਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਦੇ ਹਨ. ਸੋ ਇਹ ਦਾਅਵੇ ਤੇ ਬਿਆਨ ਨਿਰਮੂਲ ਹੁੰਦੇ ਹਨ.

**ਸਵਾਲ:** ਕਿਹਾ ਜਾਂਦਾ ਹੈ ਕਿ ਕਸਰ ਵਗੈਰਾ ਨਹੀਂ ਹੁੰਦੀ. ਇਹ ਤਾਂ ਮਨ ਦਾ ਵਹਿਮ ਹੁੰਦਾ ਹੈ. ਜਦੋਂ ਅਸੀਂ ਜਾਣਦੇ ਜਾਂ ਕਿ ਸਾਡੇ ਸਰੀਰ ਵਿੱਚ ਮਨ ਨਾਮ ਦੀ ਕੋਈ ਚੀਜ਼ ਨਹੀਂ ਤਾਂ ਇਸ ਸ਼ਬਦ ਦੀ ਵਰਤੋਂ ਕਿਉਂ ? ਜੇ ਮਨ ਨਾਮ ਦੀ ਕੋਈ ਚੀਜ਼ ਹੈ ਤਾਂ ਇਹ ਸਰੀਰ ਦੇ ਕਿਸ ਹਿੱਸੇ ਵਿੱਚ ਹੈ ?

**ਜਵਾਬ:** ਅੱਜ ਦਾ ਮਨੁੱਖ ਬਹੁਤ ਗੁੰਝਲਦਾਰ ਅਤੇ ਹਜ਼ਾਰਾ ਸਦੀਆਂ ਤੋਂ ਚੱਲੇ ਜੀਵ-ਵਿਕਾਸ ਦਾ ਸਿੱਟਾ ਹੈ. ਇਸ ਲੰਮੇ ਅਤੇ ਗੁੰਜਲਦਾਰ ਜੀਵ-ਵਿਕਾਸ ਦੌਰਾਨ ਮਨੁੱਖ ਦਾ ਤੰਤੂ-ਪ੍ਰਬੰਧ (Nervous System) ਵਿਕਸਿਤ ਹੋਇਆ ਹੈ. ਇਸ ਤੰਤੂ-ਪ੍ਰਬੰਧ ਦੀਆਂ ਸੂਖਮ ਨਾੜੀਆਂ ਸਾਰੇ ਸਰੀਰ ਵਿੱਚ ਫੈਲੀਆਂ ਹੋਈਆਂ ਹਨ. ਰੀੜ੍ਹ ਦੀ ਹੱਡੀ ਵਾਲੀ ਮੁੱਖ ਨਾੜੀ ਰਾਹੀਂ ਇਨ੍ਹਾਂ ਦਾ ਮੁੱਖ ਕੰਟਰੋਲ-ਕੇਂਦਰ ਖੋਪੜੀ ਵਿੱਚ ਸਥਿਤ ਦਿਮਾਗ ਹੈ. ਦਿਮਾਗ ਅਤਿਅੰਤ ਗੁੰਝਲਦਾਰ ਸੂਖਮ ਜੀਵ-ਪਦਾਰਥ ਹੈ ਜਿਸ ਵਿੱਚ ਮਨੁੱਖੀ ਸੋਚ-ਵਿਚਾਰ ਆਦਿ ਦਾ ਕੰਮ ਚਲਦਾ ਹੈ. ਗੁੰਝਲਦਾਰ ਜੀਵ-ਰਸਾਇਣਕ ਕ੍ਰਿਆਵਾਂ ਰਾਹੀਂ ਸਰੀਰ ਦੇ ਵੱਖ ਵੱਖ ਅੰਗਾਂ ਤੋਂ ਸੁਨੇਹੇ ਲੈਣ, ਸੁਨੇਹੇ ਦੇਣ, ਸੋਚਣ-ਵਿਚਾਰਨ, ਯਾਦ ਰੱਖਣ, ਕਲਪਨਾ ਕਰਨ, ਖਿਆਲਾਂ ਨੂੰ ਸੰਗਠਿਤ ਕਰਨ, ਸਿੱਟੇ ਕੱਢਣ ਆਦਿ ਦੀਆਂ ਮਾਨਸਿਕ ਕ੍ਰਿਆਵਾਂ ਚਲਦੀਆਂ ਹਨ ਅਤੇ ਚੇਤਨਾ ਹੋਂਦ ਵਿੱਚ ਆਉਂਦੀ ਹੈ. ਇਨ੍ਹਾਂ

ਸਾਰੀਆਂ ਕ੍ਰਿਆਵਾਂ ਦੇ ਕੁੱਲ ਸਿਸਟਮ ਨੂੰ ਮਨ ਦਾ ਨਾਂ ਦਿੱਤਾ ਜਾਂਦਾ ਹੈ. ਆਮ ਬੋਲਚਾਲ ਦੀ ਭਾਸ਼ਾਂ ਵਿੱਚ ਕਈ ਵਾਰ ਮਨ ਨੂੰ ਦਿਮਾਗ ਦੇ ਅਰਥਾਂ ਵਿੱਚ ਵੀ ਵਰਤ ਲਿਆ ਜਾਂਦਾ ਹੈ, ਪਰ ਅਸਲ ਵਿੱਚ ਦਿਹਾਗ ਵਿੱਚ ਵਾਪਰਦੀਆਂ ਮਾਨਸਿਕ ਕ੍ਰਿਆਵਾਂ ਦੇ ਸਿੱਟੇ ਵਜੋਂ ਪੈਦਾ ਹੁੰਦੇ ਸੋਚਣ ਅਤੇ ਮਹਿਸੂਸਣ ਦੇ ਗੁਣਾਂ ਨੂੰ ਮਨ ਕਿਹਾ ਜਾਂਦਾ ਹੈ. ਰੂਪਕੀ ਪੱਧਰ ਤੇ ਸਮਝਣਾ ਹੋਵੇ ਤਾਂ ਜੇ ਦਿਮਾਗ ਟੈਲੀਵੀਜ਼ਨ ਹੈ ਤਾਂ ਮਨ, ਸਕਰੀਨ ਅਤੇ ਸਕਰੀਨ ਉੱਪਰ ਫੋਟੋ, ਦੋਹਾਂ ਨੂੰ ਕਿਹਾ ਜਾਂਦਾ ਹੈ. ਦਿਮਗ, ਮਨ, ਚੇਤਨਾ ਬੜੇ ਗੁੰਝਲਦਾਰ ਸੰਕਲਪ ਹਨ. ਇਨ੍ਹਾਂ ਦਾ ਵਧੇਰੇ ਗਿਆਨ ਲੈਣ ਲਈ ਮਨੁੱਖੀ ਤੰਤੂ-ਪ੍ਰਬੰਧ, ਮਨੁੱਖੀ ਜੀਵ-ਵਿਕਾਸ ਅਤੇ ਜੀਵ-ਰਸਾਇਣਿਕ ਕ੍ਰਿਆਵਾਂ ਦੀ ਵਿਗਿਆਨਕ ਜਾਣਕਾਰੀ ਹੋਣੀ ਚਾਹੀਦੀ ਹੈ.

ਸੋ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਤਰਕਸ਼ੀਲ ਸੁਸਾਇਟੀ ਦਿਮਾਗ, ਮਨ, ਚੇਤਨਾ ਆਦਿ ਦੀ ਹੋਂਦ ਨੂੰ ਭੌਤਿਕ ਪੱਖੋਂ ਪ੍ਰਵਾਨਦੀ ਹੈ ਜਾਂ ਮਾਨਸਿਕ ਪੱਖ ਤੋਂ ਸਮਝਦੀ ਹੈ, ਪਰ ਕਿਸੇ ਆਤਮਾ ਨਾਂ ਦੀ ਚੀਜ਼ ਨੂੰ ਨਹੀਂ ਮੰਨਦੀ ਕਿਉਂਕਿ ਆਤਮਾ ਦਾ ਸੰਕਲਪ ਵਿਗਿਆਨਕ ਨਹੀਂ ਹੈ.

**ਸਵਾਲ:** ਟੈਲੀਪੈਥੀ ਕੀ ਹੈ ?

**ਜਵਾਬ:** ਕੁੱਝ ਲੋਕਾਂ ਬਾਰੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਦੂਰ ਵਾਪਰ ਰਹੀ ਕਿਸੇ ਘਟਨਾ ਬਾਰੇ ਜਾਂ ਕਿਸੇ ਦੇ ਮਨ ਵਿੱਚ ਜੋ ਖਿਆਲ ਆ ਰਹੇ ਹੁੰਦੇ ਹਨ ਉਸ ਬਾਰੇ ਉਨ੍ਹਾਂ ਨੂੰ ਬਿਨਾਂ ਕੁੱਝ ਵੇਖੇ ਅਤੇ ਸੁਣੇ ਹੀ ਗਿਆਨ ਹੋ ਜਾਂਦਾ ਹੈ. ਅਜਿਹਾ ਦਾਅਵਾ ਜ਼ਿਆਦਾਤਾਰ ਆਪਣੇ-ਆਪ ਨੂੰ ਕਰਾਮਾਤੀ ਸਿੱਧ ਕਰਨ ਵਾਲੇ ਪਾਖੰਡੀਆ ਵੱਲੋਂ ਕੀਤਾ ਜਾਂਦਾ ਹੈ, ਪਰ ਕਈ ਵਾਰ ਸਧਾਰਨ ਆਦਮੀ ਵੀ ਇਸ ਤਰ੍ਹਾਂ ਦੇ ਭੁਲੇਖੇ ਦਾ ਸ਼ਿਕਾਰ ਹੋ ਜਾਂਦੇ ਹਨ. ਉਦਾਹਰਣ ਦੇ ਤੌਰ ਤੇ ਕਿਸੇ ਦੇ ਘਰ ਤੋਂ ਦੂਰ ਗਏ ਬੱਚੇ ਨਾਲ ਕੁਝ ਮਾੜਾ ਵਾਪਰਨ ਦੀ ਸੂਰਤ ਵਿੱਚ ਉਸਦੀ ਮਾਤਾ ਜਾਂ ਹੋਰ ਨਜ਼ਦੀਕੀਆਂ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਇਸ ਮਾੜੀ ਘਟਨਾ ਦਾ ਉਸੇ ਵੇਲੇ ਆਭਾਸ ਹੋ ਗਿਆ ਸੀ ਜਦ ਕਿ ਅਸਲੀਅਤ ਇਹ ਹੁੰਦੀ ਹੈ ਕਿ ਦੂਰ ਗਏ ਬੱਚੇ ਬਾਰੇ ਅਕਸਰ ਮਾਤਾ-ਪਿਤਾ ਦੇ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਸੰਸੇ ਉਠਦੇ ਰਹਿੰਦੇ ਹਨ ਜੇ ਉਹ ਠੀਕ-ਠਾਕ ਪਰਤ ਆਏ ਤਾਂ ਇਸ ਤਰ੍ਹਾਂ ਦੀਆਂ ਸੋਚਾਂ ਨੂੰ ਭੁਲਾ ਦਿੱਤਾ ਜਾਂਦਾ ਹੈ. ਵਿਗਿਆਨਕ ਤੌਰ ਤੇ ਟੈਲੀਪੈਥੀ ਦਾ ਕੋਈ ਆਧਾਰ ਨਹੀਂ ਹੈ. ਇਹ ਕੋਰੀ ਕਲਪਨਾ ਹੈ.

**ਸਵਾਲ:** ਇੱਕ ਰਾਤ ਜਗਰਾਤੇ ਤੇ ਖੁੱਲ੍ਹੇ ਵਾਲਾਂ ਵਾਲੀ ਔਰਤ ਇੱਕ ਦੇਵੀ ਬਣਕੇ ਬੈਠੀ ਸੀ. ਜਦੋਂ ਜਗਰਾਤਾ ਸ਼ੁਰੂ ਹੋਇਆ, ਮਾਤਾ ਦੀ ਭੇਟ ਗਾਉਣ ਵਾਲਿਆਂ ਨੇ ਭੇਟਾਂ ਗਾਉਣੀਆਂ ਸ਼ੁਰੂ ਕੀਤੀਆਂ, ਢੋਲਕੀਆਂ-ਛੈਣੇ ਵੱਜਣੇ ਸ਼ੁਰੂ ਹੋ ਗਏ. ਉਸ ਔਰਤ ਨੇ ਇੱਕ-ਦਮ ਆਪਣੇ ਸਿਰ ਨੂੰ ਜ਼ੋਰ ਦੀ ਘੁਮਾਉਣਾ ਸ਼ੁਰੂ ਕਰ ਦਿੱਤਾ. ਕਿਸੇ ਨੇ ਕਿਹਾ ਕਿ ਉਸ ਵਿੱਚ ਮਾਤਾ ਆ ਗਈ ਹੈ. ਕੀ ਮਾਤਾ ਆਉਂਦੀ ਹੈ ਜਾਂ ਇਹ ਇੱਕ ਮਾਨਸਿਕ ਰੋਗ ਹੈ ?

**ਜਵਾਬ:** ਇਹ ਹਿਸਟੀਰੀਏ ਦੀ ਇੱਕ ਵੰਨਗੀ ਹੈ. ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਇਹ ਰੋਗ ਕੇਵਲ ਇਸਤਰੀਆਂ ਵਿੱਚ ਹੀ ਪਾਇਆ ਜਾਂਦਾ ਹੈ, ਪ੍ਰੰਤੂ ਬਾਅਦ ਵਿੱਚ ਖੋਜ ਨੇ ਇਹ ਸਿੱਧ ਕਰ ਦਿੱਤਾ ਕਿ ਇਸ ਰੋਗ ਦੇ ਲੱਛਣ ਮਰਦਾਂ ਤੇ ਜਵਾਨਾਂ ਵਿੱਚ ਵੀ ਪਾਏ ਜਾਂਦੇ ਹਨ. ਹਿਸਟੀਰੀਏ ਦੇ ਰੋਗੀਆਂ ਦੀਆਂ ਅਨੇਕਾਂ ਕਿਸਮਾਂ ਮਿਲਦੀਆਂ ਹਨ. ਇਸ ਰੋਗ ਨੂੰ ਕਈ ਵਾਰ ਵਿਅਕਤੀ ਦਾ ਬਹਾਨਾ ਹੀ ਸਮਝਿਆ ਜਾਂਦਾ ਹੈ. ਸਿਰ ਘੁੰਮਾਉਣ ਵਾਲੇ ਰੋਗ ਨੂੰ (Possesion Syndrome)

ਦੱਬੀਆਂ ਇਛਾਵਾਂ ਦੀ ਪੂਰਤੀ ਲਈ ਆਪਣੇ ਉੱਪਰ ਕਿਸੇ ਬਾਹਰੀ ਛਾਇਆ ਨੂੰ ਹਾਵੀ ਕਰ ਲੈਣਾ, ਦਾ ਨਾਮ ਦਿੱਤਾ ਜਾਂਦਾ ਹੈ. ਇਹ ਰੋਗੀ ਆਪਣੇ ਅੰਦਰ ਹਵਾ-ਵਗੈਰਾ ਦਾ ਪ੍ਰਵੇਸ਼ ਦਿਖਾਕੇ ਦੱਬੀਆਂ ਇਛਾਵਾਂ ਦੀ ਪੂਰਤੀ ਕਰਦਾ ਹੈ ਕਿਉਂਕਿ ਸਾਡੇ ਸਮਾਜ ਵਿੱਚ ਭੂਤਾਂ-ਪ੍ਰੇਤਾਂ ਆਦਿ ਨੂੰ ਧਾਰਮਿਕ ਮਾਨਤਾ ਮਿਲੀ ਹੋਣ ਕਰਕੇ ਇਨ੍ਹਾਂ ਦੇ ਬਹਾਨੇ (ਸਹਾਰੇ) ਆਪਣੇ ਅੰਦਰ ਕਿਸੇ ਸ਼ੈਅ ਦਾ ਬਹਾਨਾ ਕਰਦਾ, ਗਾਲੀ-ਗਲੋਚ ਤੇ ਉਤਰਦਾ ਤੇ ਕਈ ਵਾਰ ਅਸ਼ਲੀਲ ਹਰਕਤਾਂ ਕਰਦਾ ਹੈ. ਇਸ ਨਾਲ ਰੋਗੀ ਵਿਅਕਤੀ ਦੇ ਦੋ ਮਸਲੇ ਹੱਲ ਹੁੰਦੇ ਹਨ: ਇੱਕ ਉਸ ਦੀਆਂ ਦੱਬੀਆਂ ਇਛਾਵਾਂ ਦੀ ਪੂਰਤੀ ਹੁੰਦੀ ਹੈ ਅਤੇ ਦੂਜਾ ਦੂਸਰਿਆਂ ਤੋਂ ਹਮਦਰਦੀ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦਾ ਹੈ. ਇੱਥੋ ਤੱਕ ਕਈ ਇਸ ਤਰ੍ਹਾਂ ਦੇ ਸਾਧਨਾਂ ਜ਼ਰੀਏ ਦੂਸਰਿਆਂ ਅੰਦਰੋਂ ਪਰਾ-ਭੌਤਿਕ ਵਸਤੂ ਕੱਢਣ ਲਈ ਸਿਆਣੇ ਬਣ ਬਹਿੰਦੇ ਹਨ. ਵੱਖ-ਵੱਖ ਕਿਸਮ ਦੇ ਪੱਜਾਂ ਰਾਹੀਂ ਦੂਸਰਿਆ ਨੂੰ ਪ੍ਰਭਾਵਿਤ ਕਰਕੇ ਉੱਲੂ ਸਿੱਧਾ ਕਰਦੇ ਹਨ. ਕਈ ਤਾਂ ਆਪਣੇ ਅੰਦਰ ਦੇਵੀ, ਸੰਤ ਆਦਿ ਦੀ ਪ੍ਰਵੇਸ਼ੀ ਦੱਸ ਕੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਝਾਂਸਿਆਂ ਵਿੱਚ ਫਸਾਕੇ ਲੁੱਟਣ ਵਿੱਚ ਵੀ ਸਫਲ ਹੋ ਜਾਂਦੇ ਹਨ.

**ਸਵਾਲ:** ਸਾਡੇ ਇਲਾਕੇ ਵਿੱਚ ਇੱਕ ਅਜਿਹਾ ਬੱਚਾ ਪੈਦਾ ਹੋਇਆ ਹੈ ਜਿਸਦੇ ਇੱਕ ਛੋਟੀ ਜਿਹੀ ਪੂਛ ਹੈ. ਕੁਝ ਲੋਕਾਂ ਵੱਲੋਂ ਇਸਨੂੰ ਹਨੂੰਮਾਨ ਦਾ ਅਵਤਾਰ ਮੰਨਿਆ ਜਾ ਰਿਹਾ ਹੈ. ਇਹ ਵਰਤਾਰਾ ਕੀ ਹੈ ?

**ਜਵਾਬ:** ਇਸ ਵਰਤਾਰੇ ਨੂੰ ਸਰੀਰ-ਵਿਗਿਆਨ ਦੀ ਭਾਸ਼ਾ ਵਿੱਚ ਪਿਤਰੀ-ਸਮਾਨਤਾ (Atavism) ਵਜੋਂ ਜਾਣਿਆ ਜਾਂਦਾ ਹੈ. ਸਾਡੇ ਵੱਡ-ਵਡੇਰਿਆਂ ਦੇ ਕਈ ਲੱਛਣ ਜੋ ਲੁਪਤ ਹੋ ਚੁੱਕੇ ਹਨ ਜਾਂ ਛੋਟੇ ਹੋ ਗਏ ਹਨ ਕਈ ਵਾਰ ਮੁੜ ਪ੍ਰਗਟ ਹੋ ਜਾਂਦੇ ਹਨ.

**ਸਵਾਲ:** ਸਿਆਣੇ ਸਾਰੀ ਰਾਤ ਸਿਰ ਘੁੰਮਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਸਿਰ ਜਾਂ ਗਰਦਨ ਦੀਆਂ ਨਾੜਾਂ ਕਿਉਂ ਨਹੀਂ ਦੁਖਦੀਆਂ ਜਦ ਕਿ ਆਮ ਆਦਮੀ ਸਿਰ ਘੁਮਾਵੇ ਤਾਂ ਇਹ ਦੁਖਣ ਲੱਗ ਪੈਂਦੀਆਂ ਹਨ ?

**ਜਵਾਬ:** ਸਿਆਣੇ ਜਾਂ ਮਰੀਜ਼ ਚੇਤਨ ਜਾਂ ਅਚੇਤ ਦੋ ਹਾਲਤਾਂ ਵਿੱਚ ਸਿਰ ਘੁਮਾਓਂਦੇ ਹਨ. ਚੇਤਨ ਅਵਸਥਾ ਵਿੱਚ ਉਹ ਨਸ਼ਿਆਂ ਦੀ ਵਰਤੋਂ ਕਰਦੇ ਹਨ ਜਿਸ ਨਾਲ ਥਕਾਵਟ ਦਾ ਅਹਿਸਾਸ ਹੀ ਘੱਟ ਹੁੰਦਾ ਹੈ. ਦੂਸਰਾ ਜਦੋਂ ਉਹ ਸਿਰ ਘੁਮਾਉਂਦੇ ਹਨ ਤਾਂ ਆਪਣੇ ਵਾਲਾਂ ਨੂੰ ਖੋਲ੍ਹ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਦੇ ਸਿਰ ਘੁੰਮਾਉਣ ਦਾ ਘੇਰਾ ਵੱਧ ਜਾਂਦਾ ਹੈ ਅਤੇ ਥੋੜ੍ਹੀ ਗਤੀ ਹੀ ਜ਼ਿਆਦਾ ਲਗਦੀ ਹੈ. ਤੀਸਰਾ ਉਨ੍ਹਾਂ ਦੇ ਨਿੱਤ ਦੇ ਅਭਿਆਸ ਕਾਰਨ ਵੀ ਉਨ੍ਹਾਂ ਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ.

**ਸਵਾਲ:** ਜਦੋਂ ਅਸੀਂ ਜੋਤਿਸ਼ ਦੀ ਗੱਲ ਕਰਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਕਿ ਜੋਤਿਸ਼ ਦਾ ਜਨਮ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਹੋਇਆ. ਉਸ ਵੇਲੇ ਮਨੁੱਖ ਨੇ ਬਿਨਾਂ ਕਿਸੇ ਵਿਗਿਆਨਕ ਯੰਤਰ ਦੀ ਸਹਾਇਤਾ ਦੇ ਤਾਰਿਆਂ ਅਤੇ ਗ੍ਰਹਿਆਂ ਦਾ ਫ਼ਰਕ ਕਿਵੇਂ ਪਤਾ ਕੀਤਾ ਜਦੋਂ ਕਿ ਅੱਜ ਵੀ ਨੰਗੀ ਅੱਖ ਨਾਲ ਵੇਖਣ ਤੇ ਇਹ ਇੱਕੋ ਜਿਹੇ ਹੀ ਲੱਗਦੇ ਹਨ ?

**ਜਵਾਬ:** ਮਨੁੱਖੀ ਸੱਭਿਅਤਾ ਦੇ ਜਨਮ ਤੋਂ ਹੀ ਜੋਤਿਸ਼ ਜਾਂ ਤਾਰਾ-ਵਿਗਿਆਨ ਦਾ ਜਨਮ ਮੰਨਿਆ ਜਾ ਸਕਦਾ ਹੈ. ਪਹਿਲੇ ਪਹਿਲੇ ਚੰਦ ਅਤੇ ਸੂਰਜ ਦੀ ਗਤੀ ਨੇ ਮਨੁੱਖੀ ਮਨ ਨੂੰ ਪ੍ਰਭਾਵਿਤ ਕੀਤਾ. ਚੰਦ ਦੇ ਵਧਣ-ਘਟਣ ਨੇ ਮਨੁੱਖ ਦੇ ਮਨ ਵਿੱਚ ਆਕਾਸ਼ੀ ਪਿੰਡਾਂ ਨੂੰ ਜਾਣਨ ਦੀ ਜਗਿਆਸਾ ਪੈਦਾ ਕੀਤੀ ਤੇ ਮਨੁੱਖ ਨੇ ਆਕਾਸ਼ੀ ਪਿੰਡਾਂ ਨੂੰ ਬੜੇ ਗਹੁ ਨਾਲ ਵੇਖਿਆ. ਉਸਨੇ ਉਹਨਾਂ ਦੀ ਰੋਸ਼ਨੀ, ਆਕਾਰ ਅਤੇ ਚਾਲਾਂ ਦੇਖ ਗ੍ਰਹਿਆਂ ਤੇ ਤਰਿਆਂ ਦਾ ਫ਼ਰਕ ਅਨੁਭਵ ਕੀਤਾ. ਇਹ ਸਭ ਕੁਝ ਮਨੁੱਖ ਨੇ

ਸਦੀਆਂ ਦੇ ਤਜਰਬੇ ਤੋਂ ਜਾਣਿਆ ਜੋ ਕਿ ਉਸ ਦੇ ਵਾਚਣ (Observation) ਤੇ ਅਧਾਰਤ ਸੀ. ਸਾਧਨਾਂ ਦੀ ਘਾਟ ਕਰਕੇ ਉਸਨੇ ਕਈ ਗਲਤ ਧਾਰਨਾਵਾਂ ਬਣਾ ਲਈਆਂ ਜਿਵੇਂ ਸੂਰਜ ਅਤੇ ਚੰਦ ਨੂੰ ਗ੍ਰਹਿ ਮੰਨ ਲਿਆ, ਜਦੋਂ ਕਿ ਸੂਰਜ ਇੱਕ ਤਾਰਾ ਹੈ ਅਤੇ ਚੰਦ ਇੱਕ ਉਪ-ਗ੍ਰਹਿ ਹੈ. ਇਸੇ ਤਰ੍ਹਾਂ ਰਾਹੂ ਅਤੇ ਕੇਤੂ ਦੀ ਕੋਈ ਹੋਂਦ ਹੀ ਨਹੀਂ ਹੈ. ਪਲੈਟੋ, ਵਰੁਣ (Naptune) ਅਤੇ ਵਰੁਣ (Uranus) ਦਾ ਪੁਰਾਤਨ ਤਾਰਾ-ਵਿਗਿਆਨ ਵਿੱਚ ਕੋਈ ਜ਼ਿਕਰ ਨਹੀਂ ਹੈ. ਸੋ ਅਸੀਂ ਇਹੀ ਕਹਿ ਸਕਦੇ ਹਾਂ ਕਿ ਗ੍ਰਹਿ ਅਤੇ ਤਾਰਿਆਂ ਬਾਰੇ ਪਹਿਲੀ ਜਾਣਕਾਰੀ ਕੇਵਲ ਅਨੁਮਾਨ ਤੇ ਹੀ ਆਧਾਰਤ ਸੀ.

**ਸਵਾਲ:** ਜਵਾਲਾ ਜੀ ਵਿਖੇ ਅਰਜਨ ਨਾਗੇ ਦੀ ਇੱਕ ਤੌੜੀ ਹੈ ਜਿਸਦੇ ਪਾਣੀ ਵਿੱਚੋਂ ਬੁਲਬਲੇ ਨਿਕਲਦੇ ਰਹਿੰਦੇ ਹਨ, ਹੱਥ ਪਾਇਆਂ ਪਾਣੀ ਠੰਢਾ ਲਗਦਾ ਹੈ, ਪਰ ਜੇਕਰ ਉਸ ਤੌੜੀ ਵਿੱਚ ਚਾਵਲ ਆਦਿ ਸੁੱਟ ਦਿੱਤੇ ਜਾਣ ਤਾਂ ਦੋ ਮਿੰਟ ਵਿੱਚ ਉਬਲ ਜਾਂਦੇ ਹਨ. ਇਹ ਕਿਉਂ ?

**ਜਵਾਬ:** ਇਸਦੀ ਪੜਤਾਲ ਲਈ ਹੁਸ਼ਿਆਰਪੁਰ ਜ਼ਿਲੇ ਵਿੱਚੋਂ ਤਰਕਸ਼ੀਲ ਸੁਸਾਇਟੀ ਦੇ ਤਿੰਨ ਮੈਂਬਰਾਂ- ਅਮਰਜੀਤ, ਮਾਸਟਰ ਹਰਦਿਆਲ ਸਿੰਘ ਅਤੇ ਅਵਤਾਰ ਸਿੰਘ ਤੇ ਅਧਾਰਿਤ ਟੀਮ ਇਸ ਸਥਾਨ ਤੇ ਗਈ. ਉਹਨਾਂ ਵੱਲੋਂ ਇਸ ਬਾਰੇ ਜੋ ਰਿਪੋਰਟ ਤਿਆਰ ਕਰਕੇ ਭੇਜੀ ਗਈ ਹੈ ਉਹ ਇਉਂ ਹੈ :-

"ਜਵਾਲਾ ਜੀ ਅਤੇ ਚਿੰਤਪੁਰਨੀ ਦੇ ਸ਼ਰਧਾਲੂਆਂ ਵਿੱਚ ਇਹ ਰੀਤ ਪ੍ਰਚਲਿਤ ਹੈ ਕਿ ਕਿਸੇ ਵੀ ਭਗਤ ਨੇ ਜੇ ਚਿੰਤਪੁਰਨੀ ਜਾਣਾ ਹੁੰਦਾ ਹੈ ਤਾਂ ਉਸਨੂੰ ਪਹਿਲਾਂ ਜਵਾਲਾ ਜੀ ਜਾਣਾ ਪੈਂਦਾ ਹੈ. ਉੱਥੋਂ ਦਾ ਪ੍ਰਸ਼ਾਦ ਹੀ ਚਿੰਤਪੁਰਨੀ ਮਨਜ਼ੂਰ ਕਰਦੀ ਹੈ. ਅਜਿਹਾ ਨਾ ਕਰਨ ਵਾਲੇ ਨੂੰ ਮਾਤਾ ਐਕਸੀਡੈਂਟ ਜਾਂ ਮੌਤ ਦੀ ਸਜ਼ਾ ਦੇ ਦਿੰਦੀ ਹੈ, ਪਰ ਤਰਕਸ਼ੀਲ ਟੀਮ ਇਸ ਰੀਤ ਦੇ ਉਲਟ ਪਹਿਲਾਂ ਚਿੰਤਪੁਰਨੀ ਗਈ ਅਤੇ ਫਿਰ ਜਾਵਾਲਾ ਜੀ ਅਤੇ ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਹੋਇਆ.

ਸਰਕਾਰੀ ਕਾਗਜ਼ਾਂ ਵਿੱਚ ਇਸ ਥਾਂ ਦਾ ਨਾਂ ਜਵਾਲਾਮੁੱਖੀ ਹੈ ਅਤੇ ਇਹ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਵਿੱਚ ਸਥਿਤ ਹੈ. ਧਰਤੀ ਹੇਠਲੀ ਬਲਣਸ਼ੀਲ ਗੈਸ ਦੇ ਇਸ ਸਥਾਨ ਤੇ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਰਿਸਦੇ ਰਹਿਣ ਕਾਰਨ ਅੱਗ ਦੀਆਂ ਲਾਟਾਂ ਪੈਦਾ ਹੁੰਦੀਆਂ ਹਨ. (ਨੋਟ ਕਰਨ ਵਾਲੀ ਗੱਲ ਹੈ ਕਿ ਅਸਾਮ ਵਿੱਚ ਪੈਟਰੋਲੀਅਮ ਪੈਦਾ ਕਰਨ ਵਾਲੇ ਖੇਤਰ ਵਿੱਚੋਂ ਇਸ ਤਰ੍ਹਾਂ ਦੀ ਗੈਸ ਬਹੁਤ ਵੱਡੀ ਮਾਤਰਾ ਵਿੱਚ ਨਿਕਲਦੀ ਹੈ, ਪਰ ਉੱਥੇ ਇਸਨੂੰ ਦੈਵੀ ਸ਼ਕਤੀ ਨਾਲ ਨਹੀਂ ਜੋੜਿਆ ਗਿਆ)

ਮੰਦਰ ਦੀ ਉਪਤੀ: ਇੱਕ ਗਵਾਲਾ ਜੰਗਲ ਵਿੱਚ ਡੰਗਰ ਚਾਰ ਰਿਹਾ ਸੀ. ਉਸਨੇ ਪਰਬਤ ਵਿੱਚੋਂ ਲਾਟਾਂ ਨਿਕਲਦੀਆਂ ਦੇਖੀਆਂ. ਉਸਨੇ ਦੈਵੀ-ਸ਼ਕਤੀ ਸਮਝਕੇ ਰਾਜੇ ਨੂੰ ਦੱਸ ਦਿੱਤਾ. ਰਾਜੇ ਨੇ ਇਸ ਥਾਂ ਮੰਦਰ ਬਣਵਾ ਦਿੱਤਾ. ਬਾਅਦ ਵਿੱਚ ਪੁਜਾਰੀਆਂ ਨੇ ਇਸ ਮੰਦਰ ਦੇ ਮਿਥਿਹਾਸ ਨਾਲ ਤਿੰਨ-ਚਾਰ ਕਹਾਣੀਆਂ ਜੋੜ ਦਿੱਤੀਆਂ ਅਤੇ ਕਹਾਣੀਆਂ ਨੂੰ ਸੱਚ ਤੇ ਮੰਦਰ ਨੂੰ ਵੱਧ ਤੋਂ ਵੱਧ ਅਲੋਕਿਕ ਬਣਾਉਣ ਦੀ ਕੋਈ ਕਸਰ ਨਹੀਂ ਛੱਡੀ.

ਇਤਿਹਾਸ: ਹਿੰਦੂ ਮਿਥਿਹਾਸ ਅਨੁਸਾਰ ਭਗਵਾਨ ਸ਼ਿਵ ਜੀ ਦੀ ਪਤਨੀ ਸਤੀ ਦੀ ਜੀਭ ਇੱਥੇ ਡਿੱਗੀ ਸੀ. ਜਿਹੜੀ ਕਿ ਹੁਣ ਜਵਾਲਾ ਦੇ ਰੂਪ ਵਿੱਚ ਤੁਹਾਡੇ ਸਾਹਮਣੇ ਹੈ. ਸਤਿਯੁਗ ਆਉਣ ਤੇ ਫਿਰ ਕੰਨਿਆ ਦਾ ਰੂਪ ਧਾਰਨ ਕਰਕੇ ਆਪਣੇ ਭਗਤਾਂ ਦੀਆਂ ਸੱਚੇ ਦਿਲੋਂ ਕੀਤੀਆਂ ਮਨੋ-ਕਾਮਨਾਵਾਂ ਪੂਰੀਆਂ ਕਰੇਗੀ.

ਦੰਦ-ਕਥਾ ਅਨੁਸਾਰ ਸਮਰਾਟ ਅਕਬਰ ਨੇ ਜਵਾਲਾ ਦੀ ਸ਼ਕਤੀ ਦੇਖਣ ਲਈ ਘੋੜੇ ਦੀ ਗਰਦਨ ਕਟਵਾ ਦਿੱਤੀ ਅਤੇ ਧਿਆਨੂੰ ਭਗਤ ਨੂੰ ਦੇਵੀ ਦੀ ਸ਼ਕਤੀ ਨਾਲ ਘੋੜੇ ਨੂੰ ਜ਼ਿੰਦਾ ਕਰਨ ਲਈ ਕਿਹਾ. ਧਿਆਨੂੰ ਨੇ ਮਾਤਾ ਨੂੰ ਬੇਨਤੀ ਕੀਤੀ ਅਤੇ ਆਪਣਾ ਸੀਸ ਕੱਟ ਕੇ ਮਾਤਾ ਦੇ ਭੇਂਟ ਕਰ ਦਿੱਤਾ. ਮਾਤਾ ਪ੍ਰਗਟ ਹੋ ਗਈ ਅਤੇ ਉਸਨੇ ਘੋੜੇ ਨੂੰ ਜ਼ਿੰਦਾ ਕਰ ਦਿੱਤਾ. ਅਕਬਰ ਹਿੰਦੂਆਂ ਦਾ ਮੰਦਰ ਖਤਮ ਕਰਵਾਉਣਾ ਚਾਹੁੰਦਾ ਸੀ. ਉਸਨੇ ਲੋਹੇ ਦੇ ਮੋਟੇ ਤਵੇ ਜਵਾਲਾ ਉੱਪਰ ਰੱਖ ਦਿੱਤੇ ਤਾਂ ਕਿ ਜਵਾਲਾ ਬੰਦ ਹੋ ਜਾਵੇ ਪਰ, ਜਵਾਲਾ ਦੀ ਦਿਵ-ਜੋਤੀ ਤਵੇ ਪਾੜ ਕੇ ਬਾਹਰ ਆ ਗਈ, ਫਿਰ ਅਕਬਰ ਨੇ ਨਹਿਰ ਦਾ ਪਾਣੀ ਉੱਪਰ ਗਿਰਾ ਦਿੱਤਾ, ਜੋਤੀ ਫਿਰ ਵੀ ਜਗਦੀ ਰਹੀ (ਸਾਡੇ ਸਾਹਮਣੇ ਉਦੋਂ ਸਾਰੀ ਕਹਾਣੀ ਝੂਠੀ ਹੋ ਗਈ ਜਦੋਂ ਮਮੂਲੀ ਜਿਹੀ ਹਵਾ ਨਾਲ ਜੋਤ ਬੁਝ ਗਈ. ਪੁਜਾਰੀ ਨੇ ਫਿਰ ਦੁਬਾਰਾ ਤੀਲੀ ਲਾਈ).

ਅਰਜਨ ਨਾਗਾ– ਸਿੱਧ ਅਰਜਨ ਨਾਗਾ ਗੋਰਖ ਦਾ ਚੇਲਾ ਸੀ. ਜਵਾਲਾ ਜੀ ਨੇ ਦੇਵਤਿਆਂ ਨੂੰ ਜੱਗ ਕਰਨਾ ਸੀ. ਉਸ ਨੇ ਗੋਰਖ ਨੂੰ ਚਾਵਲ ਲਿਆਉਣ ਲਈ ਕਿਹਾ. ਉਹ ਚਾਵਲ ਲੈਣ ਨਿਪਾਲ ਗਿਆ ਅਤੇ ਉਸ ਦੀ ਸਮਾਧੀ ਲੱਗ ਲਈ. ਇੰਨੇ ਨੂੰ ਕਲਯੁੱਗ ਆ ਗਿਆ. ਜੁਆਲਾ ਨੇ ਅਰਜਨ ਨੂੰ ਕਿਹਾ ਕਿ ਤੂੰ ਦੇਖ ਕਿ ਗੋਰਖ ਅਜੇ ਤੱਕ ਨਹੀਂ ਆਇਆ, ਸੈਂਕੜੇ ਵਰਸ਼ ਬੀਤ ਗਏ ਹਨ ਤਾਂ ਉਸਨੇ ਕਿਹਾ ਕਿ ਗੋਰਖ ਜੀ ਕਹਿੰਦੇ ਹਨ ਕਿ ਮੈਂ ਕਲਯੁੱਗ ਵਿੱਚ ਨਹੀਂ ਆ ਸਕਦਾ. ਉਸਨੇ ਉੱਥੇ ਪੱਥਰ ਦਾ ਰੂਪ ਧਾਰਨ ਕਰ ਲਿਆ ਹੈ. ਫਿਰ ਜੁਆਲਾ ਨੇ ਅਰਜਨ ਨੂੰ ਕਿਹਾ ਕਿ ਤੂੰ ਹੀ ਹੁਣ ਪੱਥਰ ਦਾ ਰੂਪ ਧਾਰਨ ਕਰ ਲੈ. ਉਸਨੇ ਪਾਣੀ ਦਾ ਛਿੱਟਾ ਦਿੱਤਾ ਅਤੇ ਅਰਜਨ ਨਾਗੇ ਨੇ ਵੀ ਪੱਥਰ ਦਾ ਰੂਪ ਧਾਰਨ ਕਰ ਲਿਆ. ਇਸ ਸੰਖੇਪ ਕਥਾ ਸਾਨੂੰ ਉੱਥੋਂ ਦੇ ਪੁਜਾਰੀ ਨੇ ਸੁਣਾਈ.

ਅਸੀਂ ਪੁਜਾਰੀ ਨੂੰ ਸਵਾਲ ਕੀਤਾ ਕਿ ਅਸੀਂ ਸੁਣਿਆ ਹੈ ਕਿ ਇੱਥੇ ਠੰਡੇ ਪਾਣੀ ਵਿੱਚ ਚਾਵਲ ਦੋ ਮਿੰਟ ਵਿੱਚ ਉਬਲ ਜਾਂਦੇ ਹਨ. ਪੁਜਾਰੀ ਨੇ ਕਿਹਾ ਕਿ ਜਦੋਂ ਸਤਯੁਗ ਆਵੇਗਾ, ਗੋਰਖ ਨਾਥ ਚਾਵਲ ਲੈ ਕੇ ਆਵੇਗਾ ਉਹ ਚਾਵਲ ਉਬਲਣਗੇ, ਤੁਹਾਡੇ ਚਾਵਲ ਨਹੀਂ ਉਬਲਣਗੇ.

ਫਿਰ ਉਹ ਸਾਨੂੰ ਅਰਜਨ ਨਾਗੇ ਦੀ ਕੁੰਡ ਦਿਖਾਉਣ ਲਈ ਹੇਠਾਂ ਲੈ ਗਿਆ. ਹੇਠਾਂ ਕੁੰਡ ਵਿੱਚ ਪਾਣੀ ਖੌਲਦਾ ਸੀ. ਪੁਜਾਰੀ ਨੇ ਮੰਤਰ ਪੜਿਆ ਅਤੇ ਸਾਨੂੰ ਦੱਸਿਆ ਕਿ ਜੁਆਲਾ ਦੀ ਦੀ ਸ਼ਕਤੀ ਨਾਲ ਪਾਣੀ ਉਬਲਦਾ ਹੈ, ਪਰ ਗੋਰਖ ਜੀ ਦੀ ਸ਼ਕਤੀ ਨਾਲ ਪਾਣੀ ਠੰਡਾ ਹੈ. ਉਸਨੇ ਪਾਣੀ ਦਾ ਛਿੱਟਾ ਦਿੱਤਾ, ਪਾਣੀ ਠੰਡਾ ਸੀ. ਫਿਰ ਉਸਨੇ ਮਾਤਾ ਦੀ ਦੂਜੀ ਸ਼ਕਤੀ ਦਿਖਾਈ. ਅਰਜਨ ਨਾਗੇ ਦੀ ਕੁੰਡ ਤੋਂ ਛੇ ਕੁ ਇੰਚ ਦੀ ਦੂਰੀ ਤੇ ਇਹ ਜੁਆਲਾ ਦੇ ਮੁੱਖ ਹੈ. ਇੱਥੇ ਪੁਜਾਰੀ ਨੇ ਇੱਕ ਮੰਤਰ ਪੜ੍ਹਿਆ ਅਤੇ ਇੱਕ ਤੀਲੀ ਜਲਾ ਕੇ ਉਸ ਖਾਲੀ ਥਾਂ ਨਜ਼ਦੀਕ ਲਿਜਾਣ ਤੇ ਅੱਗ ਦਾ ਭਬੂਕਾ ਨਿਕਲਿਆ. ਪੁਜਾਰੀ ਨੇ ਦੱਸਿਆ ਇਹ ਮਾਤਾ ਜੁਆਲਾ ਹੈ. ਇੱਥੇ ਆਪਣੇ ਭਗਤਾਂ ਨੂੰ ਦਰਸ਼ਨ ਦਿੰਦੀ ਹੈ."

# ਭਾਗ-ਦੂਜਾ

# ਮਨੁੱਖੀ ਸਰੀਰ ਅਤੇ ਬਿਮਾਰੀਆਂ ਪ੍ਰਤੀ ਅੰਧ-ਵਿਸ਼ਵਾਸ ਅਤੇ ਅਗਿਅਨਤਾ

**ਸਵਾਲ:** ਸਿਰ ਦੇ ਵਾਲਾਂ ਵਿੱਚ ਜਲਦੀ-ਜਲਦੀ ਕੰਘੀ ਕਰਨ ਪਿੱਛੋਂ, ਜਦੋਂ ਛੋਟੇ-ਛੋਟੇ ਕਾਗਜ਼ ਦੇ ਟੁਕੜਿਆਂ ਨੂੰ ਕੰਘੀ ਦੇ ਨੇੜੇ ਕੀਤਾ ਜਾਂਦਾ ਹੈ ਤਾਂ ਇਹ ਟੁਕੜੇ ਕੰਘੀ ਵੱਲ ਕਿਉਂ ਖਿੱਚੇ ਜਾਂਦੇ ਹਨ ?

**ਜਵਾਬ:** ਜਦੋਂ ਕੰਘੀ ਨੂੰ ਜਲਦੀ-ਜਲਦੀ ਸਿਰ ਦੇ ਵਾਲਾਂ ਵਿੱਚ ਫੇਰਦੇ ਹਾਂ ਤਾਂ ਇਸ ਵਿੱਚ ਕੁਝ ਸਮੇਂ ਲਈ ਬਿਜਲਈ ਚਾਰਜ ਪੈਦਾ ਹੋ ਜਾਂਦਾ ਹੈ. ਇਹ ਬਿਜਲੀ ਚਾਰਜ ਵਾਲਾਂ ਅਤੇ ਕੰਘੀ ਦੀ ਆਪਸੀ ਰਗੜ ਕਾਰਨ ਪੈਦਾ ਹੁੰਦਾ ਹੈ. ਇਸ ਤਰੀਕੇ ਨਾਲ ਚਾਰਜ ਹੋਈ ਕੰਘੀ ਓਨੀ ਦੇਰ ਤੱਕ ਕਾਗਜ਼ ਦੇ ਛੋਟੇ ਛੋਟੇ ਟੁਕੜਿਆਂ ਨੂੰ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀ ਹੈ ਜਿੰਨਾ ਚਿਰ ਕੰਘੀ ਤੋਂ ਬਿਜਲਈ ਚਾਰਜ ਦਾ ਪ੍ਰਭਾਵ ਖਤਮ ਨਹੀਂ ਹੋ ਜਾਂਦਾ.

ਚਿਕਨਾਈ ਵਾਲੇ ਵਾਲ ਰਗੜ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ. ਇਸ ਲਈ ਖੁਸ਼ਕ ਵਾਲਾਂ ਵਿੱਚ ਕੰਘੀ ਫੇਰ ਕੇ ਮੁਕਾਬਲਤਨ ਛੇਤੀ ਤੋਂ ਵੱਧ ਬਿਜਲਈ ਚਾਰਜ ਪੈਦਾ ਕੀਤਾ ਜਾ ਸਕਦਾ ਹੈ. ਇਹ ਪ੍ਰਯੋਗ ਪੈਨ ਰਗੜ ਕੇ ਵੀ ਕੀਤਾ ਜਾ ਸਕਦਾ ਹੈ. ਰਗੜ ਦੀ ਥਾਂ ਰੇਸ਼ਮੀ ਕੱਪੜੇ ਦੀ ਵਰਤੋਂ ਵੀ ਉਹੀ ਪ੍ਰਭਾਵ ਪੈਦਾ ਕਰਦੀ ਹੈ. ਇਸ ਤਰ੍ਹਾਂ ਰਗੜਣ ਨਾਲ ਇੱਕ ਪਦਾਰਥ ਤੋਂ ਕੁਝ ਇਲੈਕਟ੍ਰਾਨ ਦੂਸਰੇ ਪਦਾਰਥ ਤੇ ਚਲੇ ਜਾਂਦੇ ਹਨ, ਜਿਸ ਨਾਲ ਇਨ੍ਹਾਂ ਤੇ ਬਿਜਲਈ ਚਾਰਜ ਆ ਜਾਂਦਾ ਹੈ.

**ਸਵਾਲ:** ਜਦੋਂ ਕਿਸੇ ਮਨੁੱਖ ਦੇ ਜ਼ਖਮ ਜਾਂ ਫੋੜੇ-ਫਿਨਸੀਆਂ ਹੋਣ ਤਾਂ ਕੀ ਘਿਉ ਜਾਂ ਤੇਲ ਦ ਤੜਕਾ ਲਾਉਣ ਨਾਲ ਛਲ ਪੈ ਸਕਦਾ ਹੈ ? ਜੇ ਪੈਂਦਾ ਹੈ ਤਾਂ ਕਿਉਂ ? ਕੀ ਤੜਕੇ ਵਕਤ ਕੋਈ ਗੈਸ ਪੈਦਾ ਹੁੰਦੀ ਹੈ ਜੋ ਜ਼ਖਮ ਲਈ ਘਾਤਕ ਹੋਵੇ ?

**ਜਵਾਬ:** ਤੜਕੇ ਦਾ ਛਾਲਿਆਂ ਨਾਲ ਕੋਈ ਸੰਬੰਧ ਨਹੀਂ ਹੈ. ਇਸ ਬਾਰੇ ਸਿਹਤ ਵਿਗਿਆਨ ਵਿੱਚ ਕੋਈ ਤੱਥ ਨਹੀਂ ਮਿਲਦੇ. ਪੁਰਾਣੇ ਸਮਿਆਂ ਵਿੱਚ ਲੋਕ ਸਫਾਈ ਬਾਰੇ ਘੱਟ ਚੇਤੰਨ ਸਨ ਅਤੇ ਚਮੜੀ ਰੋਗ ਜਾਂ ਜ਼ਖਮ ਦੇ ਪੱਕਣ ਦਾ ਵਰਤਾਰਾ ਆਮ ਸੀ. ਉਨ੍ਹਾਂ ਵਿੱਚੋਂ ਰਿਸਦੀ ਮੁਆਦ ਵਿੱਚੋਂ ਜੀਵਾਣੂੰ ਨਿਕਲਣ ਨਾਲ ਜ਼ਖਮ ਦੇ ਆਸ-ਪਾਸ ਛਾਲਿਆਂ ਜਾਂ ਫਿਨਸੀਆਂ ਦੀ ਗਿਣਤੀ ਵੱਧ ਜਾਂਦੀ ਸੀ. ਤੜਕੇ ਦਾ ਮੌਕਾ-ਮੇਲ ਹੋ ਸਕਦਾ ਹੈ ਅਤੇ ਲੋਕਾਂ ਨੇ ਇਸ ਵਾਧੇ ਨੂੰ ਛਲ ਦਾ ਨਾਮ ਦੇ ਦਿੱਤਾ ਹੋ ਸਕਦਾ ਹੈ ਫੋੜਿਆਂ ਤੋਂ ਪੀੜਤ ਬੱਚਿਆਂ ਨੂੰ ਕਲਕਦੇ ਤੇਲ ਤੋਂ ਦੂਰ ਰੱਖਣ ਲਈ ਵੱਡਿਆਂ ਨੇ ਇਸ ਗੱਲ ਨੂੰ ਇੱਕ ਜੁਗਤ ਵਜੋਂ ਵਰਤਿਆ ਹੋਵੇ, ਜੋ ਬਾਅਦ ਵਿੱਚ ਇੱਕ ਵਹਿਮ ਦੇ ਰੂਪ ਵਿੱਚ ਪ੍ਰਚੱਲਿਤ ਹੋ ਗਈ.

**ਸਵਾਲ:** ਕੀ ਦਬਾਅ ਦਿਲ ਤੇ ਹੱਥ ਰੱਖਣ ਨਾਲ ਆਉਂਦਾ ਹੈ ? ਜਾਂ ਇਸ ਦਾ ਕੋਈ ਹੋਰ ਕਾਰਨ ਵੀ ਹੈ ?

**ਜਵਾਬ:** ਦਿਲ ਤੇ ਹੱਥ ਰੱਖੇ ਜਾਣ ਤੇ ਦਬਾਅ ਮਹਿਸੂਸ ਕਰਨਾ ਬਹੁਤੀ ਮਨੋਵਿਗਿਆਨਕ ਸਮੱਸਿਆ ਹੈ. ਜੋ ਕੁੱਝ ਹੱਦ ਤੱਕ, ਵਿਸ਼ੇਸ਼ ਹਾਲਤਾਂ ਵਿੱਚ ਸਰੀਰ ਦੀ ਸਰੀਰਕ ਕ੍ਰਿਆ ਨਾਲ ਸੰਬੰਧਿਤ ਹੋ ਸਕਦੀ ਹੈ. ਅੱਜ ਕੱਲ ਦੇ ਤਣਾਓ ਭਰੇ ਮਾਹੌਲ ਵਿੱਚ, ਅਧੇੜ ਉਮਰ ਦੇ ਬੰਦੇ ਨੂੰ ਸਾਹ ਦੀ ਬੀਮਾਰੀ, ਮਿਹਦੇ ਦੀ ਜਲਣ, ਪੇਟ ਗੈਸ ਆਦਿ ਦੀਆਂ ਬੀਮਾਰੀਆਂ ਘੱਟ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ. ਸਰੀਰਕ ਕ੍ਰਿਆ ਅਨੁਸਾਰ, ਕਿਸੇ ਵੀ ਅੰਗ ਦੀ ਤਕਲੀਫ ਸਮੇਂ, ਸੁੱਤਿਆਂ ਜਾਂ ਜਾਗਦਿਆਂ ਆਦਮੀਂ ਦੇ ਹੱਥ ਸੁਤੇ-ਸਿਧ ਬਚਾ ਲਈ ਉਸ ਥਾਂ ਤੇ ਪਹੁੰਚ ਜਾਂਦੇ ਹਨ. ਇਸ ਲਈ Autonomous Nervous System ਦਾ ਰੋਲ ਹੁੰਦਾ ਹੈ ਜਿਸ ਵਿੱਚ ਚੇਤਨ ਮਨ ਦਾ ਰੋਲ ਨਹੀਂ ਹੁੰਦਾ. ਸੁੱਤਿਆਂ ਪਿਆਂ, ਉਕਤ ਬਿਮਾਰੀਆਂ ਦੀ ਮਾਤਰਾ ਭਾਵੇਂ

ਘੱਟ ਵੀ ਹੋਵੇ, ਹੱਥ ਸੰਬੰਧਿਤ ਥਾਂ ਤੇ ਆਪ ਮੁਹਾਰੇ ਚਲੇ ਜਾਂਦੇ ਹਨ. ਇਸ ਲਈ ਦਬਾਅ ਆਉਣ ਸਮੇਂ, ਦਿਲ ਤੇ ਰੱਖੇ ਹੱਥ ਦਾ ਕੋਈ ਰੋਲ ਨਹੀਂ ਹੁੰਦਾ ਬਲਕਿ ਹੱਥ ਤਾਂ ਦਿਲ ਜਾਂ ਛਾਤੀ ਵਿਚਲੀ ਕਿਸੇ ਗੁੱਝੀ ਬੀਮਾਰੀ ਦਾ ਇੱਕ ਸੂਚਕ ਮਾਤਰ ਹੈ ਜੋ ਕਈ ਵਾਰ ਰੜਕਵੀਂ ਨਹੀਂ ਹੁੰਦੀ.

ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਜੇ ਹੱਥ ਰੱਖੇ ਤੋਂ ਬਗੈਰ ਵੀ ਛਾਤੀ ਤੇ ਬੋਝ ਮਹਿਸੂਸ ਹੋਵੇ ਤੇ ਸਾਹ ਖਿੱਚਵਾਂ ਆਵੇ ਜਾਂ ਸਾਹ ਦੀ ਤਕਲੀਫ ਹੋਵੇ ਤਾਂ ਇਸ ਬਾਰੇ ਦਿਲ ਦੇ ਡਾਕਟਰ ਦੀ ਸਲਾਹ ਲੈਣੀ ਜ਼ਰੂਰੀ ਹੈ. ਕਈ ਵਾਰ ਇਹ ਦਰਦ ਮੋਢਿਆਂ ਜਾਂ ਬਾਂਹ ਦੇ ਕਿਸੇ ਹਿੱਸੇ ਵਿੱਚ ਵੀ ਹੋ ਸਕਦਾ ਹੈ.

**ਸਵਾਲ:** ਮੈਨੂੰ ਕਿਸੇ ਦੇਸੀ ਡਾਕਟਰ ਨੇ ਸੁਝਾਅ ਦਿੱਤਾ ਕਿ ਸਫੈਦ ਵਾਲਾਂ ਨੂੰ ਕਾਲਾ ਰੱਖਣ ਲਈ ਸੇਜ (ਇੱਕ ਪ੍ਰਕਾਰ ਦਾ ਮਸਾਲੇਦਾਰ ਪੌਦਾ) ਦੇ ਰਸ ਦੀ ਮਾਲਸ਼ ਫਾਇਦੇਮੰਦ ਰਹੇਗੀ, ਕੀ ਇਹ ਠੀਕ ਹੈ ?

**ਜਵਾਬ:** ਸੇਜ (ਜੜੀ ਬੂਟੀ) ਦਾ ਰਸ ਰੋਗਾਣੂ-ਨਾਸ਼ਕ ਹੈ ਅਤੇ ਵਾਲਾਂ ਦੀਆਂ ਜੜਾਂ ਦੀ ਪਕੜ ਮਜਬੂਤ ਕਰਦਾ ਹੈ. ਪ੍ਰੰਤੂ ਇਹ ਅਜੇ ਸਾਇੰਸਦਾਨਾਂ ਰਾਹੀਂ ਸਾਬਤ ਨਹੀਂ ਹੋ ਸਕਿਆ ਕਿ ਇਹ ਸਫੈਦ ਵਾਲਾਂ ਨੂੰ ਕਾਲਿਆਂ ਵਿੱਚ ਬਦਲਣ ਵਿੱਚ ਮਦਦ ਕਰਦਾ ਹੋਵੇ.

**ਸਵਾਲ:** ਜਦ ਵੀ ਮੈਂ ਸੌਂ ਜਾਂਦਾ ਹਾਂ ਤਾਂ ਮੈਨੂੰ ਤੇਜ਼ ਭੱਜਦੀਆਂ ਕਾਰਾਂ, ਸਕੂਟਰਾਂ ਦੇ ਸੁਪਨੇ ਆਉਂਦੇ ਹਨ. ਇੱਥੋਂ ਤੱਕ ਕਈ ਵਾਰ ਮੈਂ ਖੁਦ ਹੀ ਸਕੂਟਰ ਚਲਾ ਰਿਹਾਂ ਹੁੰਦਾ ਹਾਂ ਜਿਸ ਦੇ ਬਰੇਕ ਫੇਲ ਹੋ ਜਾਂਦੇ ਹਨ ਆਦਿ. ਅਕਸਰ ਅਜਿਹਾ ਮੇਰੇ ਨਾਲ ਕਿਉਂ ਹੁੰਦਾ ਹੈ ?

**ਜਵਾਬ:** ਪ੍ਰਸਿੱਧ ਸਾਇਕਲੋਜਿਸਟ (ਮਨੋਵਿਗਿਆਨੀ) ਪੈਟਰੀਕੀਆਂ ਗੈਰੀਫੀਲਡ ਦਾ ਕਥਨ ਹੈ ਕਿ ਜਿੱਥੇ ਸੁਪਨੇ ਤੁਹਾਨੂੰ ਤੁਹਾਡੀ ਸਰੀਰਕ ਅਵਸਥਾ ਦੀ ਜਾਣਕਾਰੀ ਦਿੰਦੇ ਹਨ ਉੱਥੇ ਸੁਚੇਤ ਵੀ ਕਰਦੇ ਹਨ. ਸੁਪਨਿਆਂ ਦਾ ਸਾਡੇ ਸਰੀਰ ਦੀਆਂ ਗਤੀਵਿਧਿਆਂ ਨਾਲ ਪੂਰਨ ਸੰਬੰਧ ਹੈ. ਉਹ ਕਹਿੰਦੇ ਹਨ ਕਿ ਅਜਿਹੇ ਸੁਪਨਿਆਂ ਸਮੇਂ, ਜਿਨ੍ਹਾਂ ਦਾ ਸੰਬੰਧ ਕਿਸੇ ਦੁਰਘਟਨਾਵਾਂ, ਤੇਜ਼ੀ, ਦੌੜ-ਭੱਜ ਨਾਲ ਹੈ, ਤੁਹਾਨੂੰ ਆਪਣੇ ਦੋਸਤ ਨਾਲੋਂ ਕਿਸੇ ਮਨੋਵਿਗਿਆਨੀ ਡਾਕਟਰ ਪਾਸ ਜਾਣਾ ਜ਼ਰੂਰੀ ਹੈ. ਤੇਜ਼ ਰਫਤਾਰ ਕਾਰਾਂ, ਸਕੂਟਰਾਂ ਦੇ ਸੁਪਨਿਆਂ ਦਾ ਆਉਣਾ ਦਰਸਾਉਂਦਾ ਹੈ ਕਿ ਅਸੀਂ ਵਧੇਰੇ ਭੱਜ-ਨੱਠ ਕਰਦੇ ਹਾਂ ਅਤੇ ਹਰ ਸਮੱਸਿਆ ਦਾ ਹੱਲ ਤੁਰੰਤ ਚਾਹੁੰਦੇ ਹਾਂ, ਨਿੱਕੀ-ਨਿੱਕੀ ਗੱਲ ਦਾ ਅਸਰ ਵਧੇਰੇ ਕਬੂਲਦੇ ਹਾਂ ਅਤੇ ਕਈ ਵਾਰ ਤਾਂ ਐਵੇਂ ਘਬਰਾਈ ਜਾਂਦੇ ਹਾਂ ਅਤੇ ਜਜ਼ਬਾਤੀ ਹੋ ਜਾਂਦੇ ਹਾਂ. ਸੋ ਹਰ ਸਮੱਸਿਆ ਦੇ ਹੱਲ ਲਈ ਧੀਰਜ ਅਤੇ ਸਬਰ ਤੋਂ ਕੰਮ ਲੈਣਾ ਚਾਹੀਦਾ ਹੈ. ਮਨ ਤੇ ਬਿਨਾਂ ਦਬਾਅ ਪਾਇਆਂ ਜਿੱਥੇ ਅਸੀਂ ਠੀਕ ਫੈਸਲੇ ਲੈਣ ਦੇ ਸਮਰੱਥ ਹੁੰਦੇ ਹਾਂ ਉੱਤੇ ਸਰੀਰਕ ਸਿਹਤ ਵੀ ਬਣੀ ਰਹਿੰਦੀ ਹੈ. ਮਾਨਸਿਕ ਸਿਹਤ ਨੂੰ ਸਾਵਾਂ ਰੱਖਣ ਨਾਲ ਅਜਿਹੇ ਸੁਪਨੇ ਨਹੀਂ ਆਉਣਗੇ. ਇਹ ਸਾਨੂੰ ਚਿਤਾਵਨੀ ਹੈ ਕਿ ਅਸੀਂ ਸਰੀਰ ਤੋਂ ਵਧੇਰੇ ਕੰਮ ਲੈਂਦੇ ਹਾਂ ਜੋ ਉਸ ਦੀ ਸਮਰੱਥਾ ਤੋਂ ਵੱਧ ਹੈ. ਸੁਪਨਿਆਂ ਵਿੱਚ ਆਉਂਦੇ ਕਾਰਾਂ ਅਤੇ ਸਕੂਟਰ ਸਾਡੇ ਸਰੀਰ ਦੇ ਵੱਖ-ਵੱਖ ਰੂਪ ਹਨ ਜੋ ਉਹਨਾਂ ਰਾਹੀਂ ਆਪਣੀ ਹਾਲਤ ਪ੍ਰਗਟ ਕਰ ਰਿਹਾ ਹੈ.

**ਸਵਾਲ:** ਮਨੁੱਖ ਦੀ ਮੌਤ ਤੋਂ ਬਾਅਦ ਉਸਦੇ ਖ਼ੂਨ ਦਾ ਰੰਗ ਬਦਲ ਜਾਂਦਾ ਹੈ. ਕੀ ਮੌਤ ਤੋਂ ਇੱਕ ਪਲ ਪਹਿਲਾਂ ਤੱਕ ਖ਼ੂਨ ਲਾਲ ਰਹਿੰਦਾ ਹੈ. ਅਚਾਨਕ ਰੰਗ ਕਿਉਂ ਬਦਲ ਜਾਂਦਾ ਹੈ ਭਾਵ ਖ਼ੂਨ 'ਚ ਕੀ ਜੀਵ-ਰਸਾਇਣਕ ਤਬਦੀਲੀਆਂ ਆਉਂਦੀਆਂ ਹਨ ? ਹੀਮੋਗਲੋਬਨ ਕੀ ਹੁੰਦਾ ਹੈ ?

**ਜਵਾਬ:** ਖ਼ੂਨ ਇੱਕ ਅਜਿਹਾ ਤਰਲ ਪਦਾਰਥ ਹੈ ਜਿਸ ਵਿੱਚ ਤਿੰਨ ਤਰ੍ਹਾਂ ਦੇ ਜੀਵਤ ਕਣ ਹੁੰਦੇ ਹਨ- Red Blood Cell, White Blood Cell, Platelets .

**ਲਾਲ ਰਕਤ ਸੈਲ:** ਲਾਲ ਰਕਤ ਕਣਾਂ ਵਿੱਚ ਮੁੱਖ ਤੱਤ ਹੀਮੋਗਲੋਬਨ ਹੁੰਦਾ ਹੈ ਜੋ ਫੇਫੜਿਆਂ ਵਿੱਚ ਆਕਸੀਜਨ ਨਾਲ ਮਿਲਕੇ ਆਕਸੀ-ਹੀਮੋਗਲੋਬਨ ਵਿੱਚ ਤਬਦੀਲ ਹੋ ਜਾਂਦਾ ਹੈ. ਇਹ ਕ੍ਰਿਆ ਖ਼ੂਨ ਨੂੰ ਲਾਲ ਰੰਗ ਪ੍ਰਦਾਨ ਕਰਦੀ ਹੈ. ਆਕਸੀ-ਹੀਮੋਗਲੋਬਨ ਸਰੀਰ ਦੇ ਅੰਗਾਂ ਨੂੰ ਆਕਸੀਜਨ ਮੁਹੱਈਆ ਕਰਦਾ ਹੈ ਅਤੇ ਮੋੜਵੇਂ ਰੂਪ ਵਿੱਚ ਸੰਬੰਧਤ ਅੰਗ ਵੱਲੋਂ ਛੱਡੀ ਗਈ ਕਾਰਬਨ-ਡਾਈਆਕਸਾਈਡ ਉਸੇ ਹੀਮੋਗਲੋਬਨ ਵਿੱਚ ਤਬਦੀਲ ਕਰ ਦਿੰਦਾ ਹੈ ਜੋ ਖ਼ੂਨ ਦਾ ਰੰਗ ਲਾਲ ਨਹੀਂ ਰਹਿਣ ਦਿੰਦਾ. ਇਸ ਵਿੱਚ ਕਾਲਖ ਦੀ ਭਾਅ ਭਾਰੂ ਹੋ ਜਾਂਦੀ ਹੈ. ਜਿਸ ਨੂੰ ਅਸੀਂ ਗੰਦਾ ਖ਼ੂਨ ਕਹਿੰਦੇ ਹਾਂ. ਇਹ ਖ਼ੂਨ ਦਿਲ ਰਾਹੀਂ ਫੇਫੜਿਆਂ ਨੂੰ ਦੁਬਾਰਾ ਸਾਫ ਹੋਣ (ਆਕਸੀ-ਹੀਮੋਗਲੋਬਨ ਬਣਨ) ਲਈ ਆਉਂਦਾ ਹੈ.

ਮੌਤ ਤੋਂ ਬਾਅਦ ਦਿਲ ਅਤੇ ਫੇਫੜਿਆਂ ਦੀ ਹਰਕਤ ਬੰਦ ਹੋਣ ਨਾਲ ਖ਼ੂਨ ਦਾ ਦੌਰਾ ਰੁਕ ਜਾਂਦਾ ਹੈ ਅਤੇ ਹੀਮੋਗਲੋਬਨ ਦਾ ਆਕਸੀ-ਹੀਮੋਗਲੋਬਨ ਵਿੱਚ ਨਿਰੰਤਰ ਹੋ ਰਿਹਾ ਪਰੀਵਰਤਨ ਭੰਗ ਹੋ ਜਾਂਦਾ ਹੈ ਅਤੇ ਖ਼ੂਨ ਦਾ ਰੰਗ ਮੌਤ ਬਾਅਦ ਬਦਲ ਜਾਂਦਾ ਹੈ.

ਖ਼ੂਨ ਵਿਚਲੇ ਹੀਮੋਗਲੋਬਨ ਵਿੱਚ ਹੀਮ (Heam) ਅਤੇ ਗਲੋਬਿਨ (Globin) ਨਾਂ ਦੇ ਤੱਤ ਹੁੰਦੇ ਹਨ. ਹੀਮ ਲੋਹੇ ਦੇ ਕਣਾਂ ਦਾ ਬਣਿਆ ਹੁੰਦਾ ਹੈ ਜੋ ਮੂਲ ਰੂਪ ਵਿੱਚ ਆਕਸੀਜਨ ਨਾਲ ਜੁੜ ਕੇ ਰਸਾਇਣਕ ਕ੍ਰਿਆ ਕਰਦਾ ਹੈ. ਗਲੋਬਿਨ, ਪ੍ਰੋਟੀਨ ਹੈ ਜੋ ਇਸ ਰਸਾਇਣਕ ਕ੍ਰਿਆ ਵਿੱਚ ਸਹਾਈ ਹੁੰਦਾ ਹੈ.

**ਚਿੱਟੇ ਰਕਤ ਸੈਲ:** ਸਰੀਰ ਦੇ ਵੱਖ ਵੱਖ ਤਰੀਕਿਆਂ ਨਾਲ ਰੰਗਾਂ ਨਾਲ ਟਾਕਰਾ ਕਰਨ ਲਈ ਹਥਿਆਰ ਹਨ ਜੋ ਪੰਜ ਕਿਸਮ ਦੇ ਹਨ- Neutrophil, Eorinophil, Barophil, Lymphocites and Manocites.

**Platelets**- ਸੱਟ ਵੱਜਣ ਉਪਰੰਤ ਖ਼ੂਨ ਦੇ ਵਹਾਅ ਨੂੰ ਰੋਕਣ ਦਾ ਕੰਮ ਕਰਦੇ ਹਨ.

**ਸਵਾਲ:** ਕੀ ਕਾਰਨ ਹੈ ਮਨੁੱਖ ਬੋਲ ਸਕਦਾ ਹੈ ਪਰ ਪਸ਼ੂ-ਪੰਛੀ ਨਹੀਂ ?

**ਜਵਾਬ:** ਵੱਖ-ਵੱਖ ਕਿਸਮ ਦੀਆਂ ਆਵਾਜ਼ਾਂ, ਜਿਨ੍ਹਾਂ ਦੇ ਮੇਲ ਨਾਲ ਬੋਲੀ ਬਣਦੀ ਹੈ, ਆਵਾਜ਼ ਪੈਦਾ ਕਰਨ ਵਿੱਚ ਯੋਗਦਾਨ ਪਾਉਣ ਵਾਲੇ, ਕਈ ਅੰਗਾਂ ਦੇ ਸੁਮੇਲ ਦਾ ਨਤੀਜਾ ਹੁੰਦੀਆਂ ਹਨ. ਇਹ ਅੰਗ ਹਨ; ਗਲੇ ਦੇ ਅੰਦਰਲੇ ਲੇਰਿੰਕਸ (ਆਵਾਜ਼ ਬੋਕਸ), ਜੀਭ, ਮੂੰਹ, ਨੱਕ, ਬੁੱਲ ਅਤੇ ਗਲੇ ਦਾ ਪਿਛਲਾ ਭਾਗ. ਠੀਕ ਕਿਸਮ ਦਾ ਬੋਲ ਕੱਢਣ ਲਈ ਇਨ੍ਹਾਂ ਸਾਰਿਆਂ ਨੂੰ ਕਿਸੇ ਵਿਸ਼ੇਸ਼ ਹਾਲਤ ਵਿੱਚ ਲਿਆਉਣਾ ਜਰੂਰੀ ਹੈ. ਫੇਫੜਿਆਂ ਵਿੱਚੋਂ ਬਾਹਰ ਆਉਂਦੀ ਹਵਾ ਜਦੋਂ ਇਸ ਵਿਸ਼ੇਸ਼ ਕਿਸਮ ਦੇ ਬਣੇ ਰਾਹ ਵਿੱਚੋਂ ਲੰਘਦੀ ਹੈ ਤਾਂ ਖਾਸ ਕਿਸਮ ਦੀ ਆਵਾਜ਼ ਪੈਦਾ ਹੁੰਦੀ ਹੈ. ਮਨੁੱਖ ਦਾ ਦਿਮਾਗ ਇਨ੍ਹਾਂ ਸਾਰਿਆਂ ਅੰਗਾਂ ਨੂੰ

ਇੱਕੋ ਸਮੇਂ ਠੀਕ ਤਰ੍ਹਾਂ ਹਿਲਾਉਣ, ਖਿੱਚਣ ਜਾਂ ਢਿੱਲਾ ਕਰਨ ਲਈ ਸਹੀ ਸੁਨੇਹੇ ਸਹੀ ਤਰਤੀਬ ਵਿੱਚ ਭੇਜਦਾ ਹੈ. ਇਨ੍ਹਾਂ ਸਾਰੇ ਅੰਗਾਂ ਦੇ ਸੁਮੇਲ ਨਾਲ ਅੱਡ-ਅੱਡ ਆਵਾਜ਼ਾਂ ਪੈਦਾ ਕਰਨ ਦੇ ਸਮਰੱਥ ਸਿਰਫ ਮਨੁੱਖ ਦਾ ਵਿਕਸਤ ਦਿਮਾਗ ਹੀ ਹੈ. ਇਹ ਸਾਰਾ ਕੁੱਝ ਜਾਨਵਰਾਂ ਵਿੱਚ ਨਹੀਂ ਹੁੰਦਾ.

**ਸਵਾਲ:** ਮੋਹਕੇ ਕੀ ਹੁੰਦੇ ਹਨ ?

**ਜਵਾਬ:** ਮੋਹਕੇ ਸਰੀਰ ਦੀ ਚਮੜੀ ਦੀ ਉਪਰਲੀ ਪਰਤ ਤੇ ਹੋਣ ਵਾਲਾ ਬੇ-ਮਤਲਬ ਵਾਧਾ ਹੈ. ਇਸ ਦੇ ਅਸਲ ਕਾਰਨ ਅਜੇ ਤੱਕ ਅਗਿਆਤ ਹਨ. ਡਾਕਟਰੀ ਵਿਗਿਆਨ ਨੇ ਇਸਨੂੰ ਉਮਰ ਵਿੱਚ ਵਾਧੇ ਤੋਂ ਲੈ ਕੇ ਕੁੱਝ ਖਾਸ ਤੱਤਾਂ ਦੀ ਵਾਧ-ਘਾਟ ਨਾਲ ਸਬੰਧਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅਜੇ ਤੱਕ ਕੋਈ ਪ੍ਰਮਾਣਿਕ ਕਾਰਨ ਨਹੀਂ ਲੱਭਿਆ ਜਾ ਸਕਿਆ. ਆਮ ਕਰਕੇ ਮੋਹਕੇ, ਕਈ ਵਾਰ ਸਮੇਂ ਨਾਲ ਆਪਣੇ ਆਪ ਟੁੱਟ ਜਾਂਦੇ ਹਨ ਅਤੇ ਕਈ ਵਾਰ ਡਾਕਟਰ ਹਲਕੀ ਸਰਜਰੀ ਨਾਲ ਜਾਂ ਤੇਜ਼ਾਬ ਨਾਲ ਸਾੜ ਦਿੰਦੇ ਹਨ. ਐਲੋਪੈਥੀ ਵਿੱਚ ਖਾਣ ਲਈ ਕੋਈ ਦਵਾਈ ਨਹੀਂ ਵਰਤੀ ਜਾਂਦੀ. ਹੋਮੀਓਪੈਥੀ ਦੇ ਦਾਅਵਿਆਂ ਅਨੁਸਾਰ ਇਸਨੂੰ ਦਵਾਈਆਂ ਨਾਲ ਠੀਕ ਕੀਤਾ ਜਾ ਸਕਦਾ ਹੈ.

**ਸਵਾਲ:** ਕੁੱਝ ਵਿਅਕਤੀ ਰਾਤ ਨੂੰ ਸੁੱਤੇ ਪਏ ਬੋਲਦੇ ਕਿਉਂ ਹਨ ? ਕੀ ਇਹ ਕੋਈ ਬੀਮਾਰੀ ਹੈ ? ਇਸਦਾ ਕੀ ਇਲਾਜ ਹੈ ?

**ਜਵਾਬ:** ਰਾਤ ਨੂੰ ਸੁੱਤੇ ਪਏ ਬੋਲਣਾ ਜਾਂ ਤੁਰ ਪੈਣਾ ਇੱਕ ਬੀਮਾਰੀ ਹੈ ਜਿਸਨੂੰ ਅੰਗਰੇਜ਼ੀ ਵਿੱਚ Somna Bulism ਕਹਿੰਦੇ ਹਨ. ਇਸਦਾ ਕਾਰਨ ਕੋਈ ਮਾਨਸਿਕ ਪ੍ਰੇਸ਼ਾਨੀ ਵੀ ਹੋ ਸਕਦੀ ਹੈ ਜਾਂ ਫਿਰ ਇਹ ਕਿਸੇ ਸਰੀਰਕ ਬਿਮਾਰੀ ਦਾ ਹੀ ਇੱਕ ਲੱਛਣ ਹੋ ਸਕਦਾ ਹੈ. ਇਸਦਾ ਠੀਕ ਇਲਾਜ ਮਰੀਜ਼ ਨੂੰ ਦੇਖ ਕੇ ਯੋਗ ਡਾਕਟਰ ਹੀ ਕਰ ਸਕਦੇ ਹਨ. ਜੇ ਇਹ ਬਿਮਾਰੀ ਕਿਸੇ ਮਾਨਸਿਕ ਪ੍ਰੇਸ਼ਾਨੀ ਦਾ ਸਿੱਟਾ ਜਾਪਦੀ ਹੋਵੇ ਤਾਂ ਉਸਦਾ ਇਲਾਜ ਕਰਨਾ ਵੀ ਜ਼ਰੂਰੀ ਹੁੰਦਾ ਹੈ.

**ਸਵਾਲ:** ਕੁੱਝ ਬੱਚਿਆਂ ਜਾਂ ਸਾਧੂਆਂ ਦੇ ਸਿਰ ਤੇ ਵਾਲਾਂ ਦੀਆਂ ਜਟਾਂ ਕਿਵੇਂ ਬਣਦੀਆਂ ਹਨ ? ਕੀ ਇਹਨਾਂ ਨੂੰ ਮੱਥਾ ਟੇਕਣਾ ਜਾਇਜ਼ ਹੈ ?

**ਜਵਾਬ:** ਮਨੁੱਖੀ ਸਿਰ ਤੇ ਜਟਾਵਾਂ ਹੋਣ ਦੇ ਦੋ ਕਾਰਨ ਹੁੰਦੇ ਹਨ: ਪਹਿਲਾ ਕੁਦਰਤੀ ਅਤੇ ਦੂਸਰਾ ਬਣਾਉਟੀ. ਇਸ ਨੂੰ ਠੀਕ ਢੰਗ ਨਾਲ ਸਮਝਣ ਲਈ ਮਨੁੱਖੀ ਸਰੀਰ ਦੇ ਸਿਰ ਵਾਲੇ ਵਾਲਾਂ ਦੀ ਬਣਤਰ ਬਾਰੇ ਵਿਗਿਆਨਕ ਜਾਣਕਾਰੀ ਜ਼ਰੂਰੀ ਹੈ. ਮਨੁੱਖੀ ਸਿਰ ਦੇ ਵਾਲਾਂ ਵਿੱਚ ਇੱਕ ਖਾਸ ਕਿਸਮ ਦਾ ਤੇਲ ਜਾਂ ਰਸ ਨਿਕਲਦਾ ਹੈ, ਜਿਸਦਾ ਕੰਮ ਵਾਲਾਂ ਨੂੰ ਪੂਰੀ ਤਰ੍ਹਾਂ ਖੁਸ਼ਕ ਹੋਣ ਤੋਂ ਬਚਾਉਣਾ ਹੈ. ਇਸ ਤੇਲ ਦੀ ਮਾਤਰਾ ਵਿਅਕਤੀ ਤੋਂ ਵਿਅਕਤੀ ਅਨੁਸਾਰ ਵੰਸ਼ਿਕ ਜਾਂ ਖੁਰਾਕੀ ਕਾਰਨਾਂ ਕਰਕੇ ਵੱਖ-ਵੱਖ ਹੁੰਦੀ ਹੈ. ਇਸੇ ਕਾਰਨ ਕੁਝ ਵਿਅਕਤੀਆਂ ਦੇ ਵਾਲ ਰੁੱਖੇ ਅਤੇ ਕੁੱਝ ਦੇ ਹਮੇਸ਼ਾਂ ਥਿੰਦੇ ਰਹਿੰਦੇ ਹਨ. ਪਰ ਕੁਝ ਵਿਅਕਤੀਆਂ ਦੇ ਵਾਲਾਂ ਵਿੱਚੋਂ ਇਹ ਤੇਲ ਹੱਦੋਂ ਵੱਧ ਗਾੜ੍ਹਾ ਅਤੇ ਜ਼ਿਆਦਾ ਮਾਤਰਾ ਵਿੱਚ ਨਿਕਲਦਾ ਹੈ, ਜਿਸਦੇ ਸਿੱਟੇ ਵਜੋਂ ਵਾਲ ਆਪਸ ਵਿੱਚ ਜੁੜਕੇ ਅਤੇ ਮਿੱਟੀ ਘੱਟੇ ਨਾਲ ਲਿਬੜਕੇ ਜਟਾਂ ਦਾ ਰੂਪ ਧਾਰਨ ਕਰ ਲੈਂਦੇ ਹਨ. ਇਹ ਕੁਦਰਤੀ ਕਾਰਨ ਹੈ. ਕੁਝ ਵਿਅਕਤੀਆਂ ਦੇ ਅਜਿਹੀਆਂ ਜਮਾਂਦਰੂ ਜਟਾਂ ਹੁੰਦੀਆਂ ਹਨ, ਜੋ ਕਈ ਵਾਰ ਵੱਡੇ ਹੋਣ ਤੇ ਰਸ ਦਾ ਵਹਾਅ ਘਟਣ ਨਾਲ ਹਟ ਵੀ ਜਾਂਦੀਆਂ ਹਨ. ਅਜਿਹੇ ਵਾਲਾਂ ਨੂੰ ਕੱਟਕੇ ਛੋਟੇ ਰੱਖਣ ਜਾਂ ਖੁਸ਼ਕ ਸਾਬਣ ਜਾਂ ਸ਼ੈਂਪੂ ਨਾਲ ਕੁਝ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ. ਇਸ ਕਿਸਮ ਦੀਆਂ ਜਟਾਂ ਕੁਦਰਤੀ ਹੁੰਦੀਆਂ ਹਨ. ਆਧੁਨਿਕ ਸਮੇਂ ਵਿੱਚ ਹੇਅਰ ਗਰਾਫਿੰਗ ਵਗੈਰਾ ਵੀ ਇਸਦਾ ਇਲਾਜ ਹੈ.

ਦੂਸਰੇ ਪਾਸੇ ਜੇ ਅਸੀਂ ਵਾਲਾਂ ਨੂੰ ਲਗਾਤਾਰ ਨਾ ਧੋਈਏ, ਨਾ ਵਾਹੀਏ ਤਾਂ ਵੀ ਜਟਾਂ ਬਣ ਜਾਂਦੀਆਂ ਹਨ. ਪਖੰਡੀ ਸਾਧ ਵੈਸੇ ਹੀ ਸਿਰ ਵਿੱਚ ਸੁਆਹ ਪਾ ਲੈਂਦੇ ਹਨ. ਲੰਮਾ ਸਮਾਂ ਨਾ ਵਾਹੁਣ ਨਾਲ ਸਿਰ ਤੇ ਪਾਈ ਸੁਆਹ ਅਤੇ ਹੋਰ ਮਿੱਟੀ-ਘੱਟਾ ਵਾਲਾਂ ਦੇ ਕੁਦਰਤੀ ਤੇਲ ਨਾਲ ਮਿਲਕੇ ਵਾਲਾਂ ਨੂੰ ਲੇਸਦਾਰ ਮੈਲ ਦੇ ਰਾਹੀਂ ਆਪਸ ਵਿੱਚ ਜੋੜ ਦਿੰਦੀ ਹੈ. ਇਸ ਤਰ੍ਹਾਂ ਬਣਾਉਟੀ ਜਟਾਂ ਹੋਂਦ ਵਿੱਚ ਆਉਂਦੀਆਂ ਹਨ. ਕੁਦਰਤੀ ਜਾਂ ਬਣਾਉਟੀ ਜਟਾਂ ਵਾਲਿਆਂ ਨੂੰ ਮੱਥਾ ਟੇਕਣਾ ਅੰਧਵਿਸ਼ਵਾਸ ਹੀ ਕਿਹਾ ਜਾ ਸਕਦਾ ਹੈ.

**ਸਵਾਲ:** ਕੀ ਰੰਗ, ਸ਼ਕਲ, ਨੈਣ-ਨਕਸ਼, ਮੂੰਹ-ਮੁਹਾਂਦਰਾ ਜਾਤਾਂ ਦੇ ਅਧਾਰ ਤੇ ਹੁੰਦੇ ਹਨ. ਸਵਰਨ (ਉਚੀ) ਜਾਤੀ ਨਾਲ ਸੰਬੰਧ ਰੱਖਣ ਵਾਲੇ ਵਿਅਕਤੀਆਂ ਦਾ ਨੈਣ-ਨਕਸ਼ ਅਤੇ ਮੁਹਾਂਦਰਾ ਸੋਹਣਾ ਹੁੰਦਾ ਹੈ ਅਤੇ ਛੋਟੀ ਜਾਤ ਵਾਲਿਆਂ ਦੇ ਭੱਦੇ ਹੁੰਦੇ ਹਨ, ਕਿਉਂ ?

**ਜਵਾਬ:** ਮਨੁੱਖ ਦਾ ਰੰਗ-ਰੂਪ ਬੁਨਿਆਦੀ ਤੌਰ ਤੇ ਮਿਲਣ ਵਾਲੇ ਗੁਣ-ਵਾਹਕ ਸੂਤਰਾਂ ਤੇ ਨਿਰਭਰ ਕਰਦਾ ਹੈ. ਪ੍ਰੰਤੂ ਵੰਸ਼ ਦੇ ਨਾਲੋ-ਨਾਲ ਵਾਤਾਵਰਣ ਵੀ ਆਪਣਾ ਪ੍ਰਭਾਵ ਪਾਉਂਦਾ ਹੈ. ਭਾਰਤ ਵਿੱਚ ਜਾਤ-ਪ੍ਰਣਾਲੀ ਬਹੁਤ ਸਖਤ ਸੀ ਤੇ ਅੰਤਰ-ਜਾਤੀ ਵਿਆਹ ਸੌਖਿਆਂ ਸੰਭਵ ਨਹੀਂ ਸਨ. ਇਸ ਕਾਰਨ ਰੰਗ-ਰੂਪ ਕੁੱਝ ਹੱਦ ਤੱਕ ਜਾਤ ਅਧਾਰਤ ਹੀ ਹੋ ਗਿਆ. ਪਰ ਅਸੀਂ ਜਾਣਦੇ ਹਾਂ ਕਿ ਸਾਰੇ ਬੰਧਨਾ ਦੇ ਬਾਵਜੂਦ ਅੰਤਰ-ਜਾਤੀ ਵਿਆਹ ਜਾਂ ਮਿਲਾਪ ਵੀ ਹੁੰਦਾ ਰਹਿੰਦਾ ਹੈ ਅਤੇ ਵਾਤਾਵਰਣ ਵੀ ਆਪਣਾ ਅਸਰ ਪਾਉਂਦਾ ਹੈ ਇਸ ਕਰਕੇ ਰੰਗ ਰੂਪ ਨੂੰ ਸਿੱਧੇ ਰੂਪ ਵਿੱਚ ਜਾਤ ਨਾਲ ਨਹੀਂ ਜੋੜਿਆ ਜਾ ਸਕਦਾ. ਜਿੱਥੋਂ ਤੱਕ ਸਵਰਨ ਜਾਤੀਆਂ ਦੇ ਸੋਹਣੇ ਹੋਣ ਦੀ ਗੱਲ ਹੈ, ਇਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਸੁਹੱਪਣ ਦਾ ਸੰਕਲਪ ਹਰ ਭਾਈਚਾਰੇ ਦਾ ਆਪੋ-ਆਪਣਾ ਹੁੰਦਾ ਹੈ. ਜੇ ਭਾਰਤ ਦੀਆਂ ਜਾਤੀਆਂ ਆਪਣੇ ਕਣਕ-ਵੰਨੇ ਰੰਗ ਕਾਰਨ ਆਪਣੇ ਸੋਹਣੇ ਹੋਣ ਦਾ ਅਭਿਮਾਨ ਕਰਦੀਆਂ ਹਨ ਤਾਂ ਫਿਰ ਉਹਨਾਂ ਦਾ ਗੋਰਾ ਰੰਗ ਅੰਗਰੇਜ਼ਾਂ ਮੁਕਾਬਲੇ ਤਾਂ ਕੁਝ ਵੀ ਨਹੀਂ ਹੁੰਦਾ. ਕਿਸੇ ਨੂੰ ਛੋਟੀ ਜਾਤੀ ਜਾਂ ਭੱਦੇ ਕਹਿਣਾ ਅਸਲ ਵਿੱਚ ਜਾਤੀ ਹੰਕਾਰ ਤੋਂ ਪੈਦਾ ਹੁੰਦਾ ਹੈ. ਤਰਕਸ਼ੀਲ ਸੋਚ ਵਿੱਚ ਅਜਿਹੀ ਸੋਚ ਲਈ ਕੋਈ ਥਾਂ ਨਹੀਂ ਹੈ.

**ਸਵਾਲ:** ਕੱਦ ਕਿਵੇਂ ਵੱਧਦਾ ਹੈ ? ਕੀ ਅਖਬਾਰਾਂ ਵਿੱਚ ਛਪਦੇ ਇਸ਼ਤਿਹਾਰਾਂ ਵਾਲੀਆਂ ਦਵਾਈਆਂ ਨਾਲ ਕੱਦ ਵਧਾਇਆ ਜਾ ਸਕਦਾ ਹੈ ?

**ਜਵਾਬ:** ਸਰੀਰਕ ਵਿਕਾਸ ਦੀ ਪ੍ਰਕਿਰਿਆ ਅਤਿ-ਗੁੰਝਲਦਾਰ ਹੈ. ਇਸ ਵਿੱਚ ਤਰ੍ਹਾਂ-ਤਰ੍ਹਾਂ ਦੇ ਪ੍ਰੋਟੀਨ ਸਮੁੱਚੇ ਸਰੀਰਕ ਢਾਂਚੇ ਅਤੇ ਇਸ ਦੇ ਅੰਗਾਂ ਦੇ ਅਕਾਰ ਅਤੇ ਲੰਬਾਈ ਵਿੱਚ ਵਾਧਾ ਕਰਦੇ ਹਨ. ਦਰਅਸਲ ਸਮੁੱਚਾ ਸਰੀਰਕ ਢਾਂਚਾ ਪ੍ਰੋਟੀਨ ਹੀ ਹੁੰਦਾ ਹੈ, ਜੋ ਜੀਵਨ ਦੀ ਬੁਨਿਆਦ ਹੈ. ਕਾਰਬੋਹਾਈਡ੍ਰੇਟ, ਫੈਟਸ, ਵਿਟਾਮਿਨ, ਅਤੇ ਖਣਿਜ ਇਸ ਦੇ ਸਹਾਇਕ ਤੱਤ ਹਨ. ਵਿਕਾਸ ਅਤੇ ਵਾਧੇ ਦਾ ਭਾਵ ਮੁੱਖ ਅੰਗਾਂ ਦੇ ਅਕਾਰ ਅਤੇ ਲੰਬਾਈ ਵਿੱਚ ਵਾਧੇ ਤੋਂ ਹੀ ਹੈ.

ਸਰੀਰਕ ਵਾਧਾ ਮੁੱਖ ਤੌਰ ਤੇ ਤਿੰਨ ਚੀਜ਼ਾਂ ਤੋਂ ਪ੍ਰਭਾਵਿਤ ਹੁੰਦਾ ਹੈ :-

ਪਹਿਲਾ, ਹਾਮੋਨ: ਇਸ ਨੂੰ ਗਰੋਥ ਹਾਰਮੋਨਜ਼ ਕਹਿੰਦੇ ਹਨ. ਸਤੁੰਲਿਤ ਵਾਧੇ ਲਈ ਇਹ ਇਕੱਲਾ ਕਾਫੀ ਨਹੀਂ. ਇਸ ਦੇ ਸਹਾਇਕ ਹਾਰਮੋਨਜ਼ ਥਾਈਰੋਆਇਡ, ਐਡੋਜੀਨਜ਼, ਐਸਟ੍ਰੋਜੀਨਜ਼ ਆਦਿ ਵੱਖ ਵੱਖ ਗਿਲਟੀਆਂ ਵਿੱਚੋਂ ਰਿਸ ਕੇ ਵਧਣੇ ਪਏ ਸੈੱਲਾਂ ਤੇ ਅਸਰ ਕਰਦੇ ਹਨ.

ਦੂਸਰਾ, ਜੈਨੇਟਿਕ ਫੈਕਟਰ: ਇਹ ਸਰੀਰਕ ਵਾਧੇ ਸੰਚਾਲਿਤ ਕਰਦੇ ਹਨ. ਉਕਤ ਹਾਰਮੋਨਜ਼ ਵੀ ਇਸੇ ਦੀ ਦੇਖ ਰੇਖ ਵਿੱਚ ਕਾਰਜ ਕਰਦੇ ਹਨ.

ਤੀਸਰਾ, ਖੁਰਾਕ: ਪ੍ਰੋਟੀਨ-ਯੁਕਤ ਖੁਰਾਕ ਸਰੀਰਕ ਵਾਧੇ ਲਈ ਅਣਸਰਦੀ ਲੋੜ ਹੈ. ਵਾਧੇ ਪਈ ਸਰੀਰਕ ਸੰਰਚਨਾ ਦੀ ਪ੍ਰੋਟੀਨ ਹੀ ਵੱਖਰੇ ਵੱਖਰੇ ਰੂਪਾਂ ਵਿੱਚ ਜਮ੍ਹਾਂ ਹੁੰਦੀ ਹੈ. ਮਨੁੱਖ ਦੇ ਸਰੀਰ ਦੇ ਸਥੂਲ ਹਿੱਸੇ ਦਾ ਵੱਡਾ ਹਿੱਸਾ ਪ੍ਰੋਟੀਨ ਹੀ ਹੈ. ਕਿਸੇ ਬਿਮਾਰੀ ਕਾਰਨ ਸਰੀਰ ਦੇ ਭਾਰ ਵਿੱਚ ਵਾਧੇ ਨੂੰ ਵਿਕਾਸ ਨਹੀਂ ਆਖਿਆ ਜਾ ਸਕਦਾ.

ਵਾਧੇ ਦਾ ਸਮਾਂ: ਵੱਖ ਵੱਖ ਜਾਤੀਆਂ ਵਿੱਚ ਵਾਧੇ ਦੀ ਦਰ ਵੱਖ ਵੱਖ ਹੁੰਦੀ ਹੈ. ਜਿਵੇਂ ਚੂਹਾ ਉਮਰ ਭਰ ਮੰਦ ਚਾਲ ਵਾਧੇ ਪਿਆ ਹੁੰਦਾ ਹੈ. ਇਸ ਦੇ ਉਲਟ ਮਨੁੱਖ ਦੇ ਵਿਕਾਸ ਲਈ ਨਿਸ਼ਚਿਤ ਸਮਾਂ, ਬੱਚੇ ਦੇ ਜਨਮ ਦਾ ਪਹਿਲਾ ਸਾਲ ਹੈ. ਇਸ ਸਮੇਂ ਦਾ ਵਾਧਾ ਜਨਮ ਤੋਂ ਪਹਿਲਾ ਕੁੱਖ ਵਿਚਲੇ ਵਾਧੇ ਦੀ ਨਿਰੰਤਰਤਾ ਹੀ ਵਾਧੇ ਦੀ ਵੱਧ ਤੋਂ ਵੱਧ ਗਤੀ ਪਹਿਲੇ ਦੋ ਸਾਲ ਵਿੱਚ ਹੁੰਦੀ ਹੈ. ਇਸ ਦੇ ਵਾਧੇ ਵਿੱਚ ਹਾਰਮੋਨਜ਼ ਦਾ ਕੋਈ ਰੋਲ ਨਹੀਂ ਹੁੰਦਾ. ਇਹ ਵਿਕਾਸ ਕੁਦਰਤੀ ਆਪ-ਮੁਹਾਰੇ ਸ਼ਕਤੀ ਕਰਕੇ ਹੁੰਦਾ ਹੈ. ਹਾਰਮੋਨਜ਼ ਵੱਲੋਂ ਵਾਧੇ ਦੀ ਪ੍ਰਕਿਰਿਆ ਵਿੱਚ ਇਸ ਉਮਰ ਤੋਂ ਬਾਅਦ ਹੁੰਦਾ ਹੈ. ਦੋ ਸਾਲ ਬਾਅਦ ਵਾਧਾ ਹੁੰਦਾ ਰਹਿੰਦਾ ਹੈ, ਪਰ ਵਾਧੇ ਦੀ ਗਤੀ ਮੱਠੀ ਪੈ ਜਾਂਦੀ ਹੈ. ਦੂਸਰੀ ਵਾਧੇ ਦੇ ਤਿੱਖੇ ਉਭਾਰ ਦਾ ਸਮਾਂ ਗਭਰੇਟ ਅਵਸਥਾ ਹੈ, ਜੋ ਬਾਰਾਂ ਤੋਂ ਪੰਦਰਾਂ ਸਾਲ ਦੀ ਉਮਰ ਦਰਮਿਆਨ ਹੁੰਦੀ ਹੈ. ਇਹ ਲੜਕੀਆਂ ਵਿੱਚ ਪਹਿਲਾਂ ਅਤੇ ਲੜਕਿਆਂ ਵਿੱਚ ਬਾਅਦ ਵਿੱਚ ਆਉਂਦੀ ਹੈ. ਇਸ ਉਪਰੰਤ ਵਾਧੇ ਦੀ ਗਤੀ ਦਾ ਉਥਾਨ ਸ਼ੁਰੂ ਹੋ ਜਾਂਦਾ ਹੈ ਜੋ ਅਠਾਰਾਂ ਤੋਂ ਇੱਕੀ ਸਾਲ ਤੱਕ ਸਮਾਪਤ ਹੋ ਜਾਂਦਾ ਹੈ. ਇਸ ਉਮਰ ਤੋਂ ਬਾਅਦ ਸਰੀਰ ਵਿੱਚ ਵਾਧਾ ਗੈਰ-ਕੁਦਰਤੀ ਅਤੇ ਹਾਰਮੋਨਜ਼ ਵਿੱਚ ਆਏ ਵਿਗਾੜ ਕਰਕੇ ਹੁੰਦਾ ਹੈ.

ਕੱਦ, ਹੱਡੀਆਂ ਦੀ ਲੰਬਾਈ ਦੇ ਵਾਧੇ ਕਰਕੇ ਹੁੰਦਾ ਹੈ ਅਤੇ ਹੱਡੀਆਂ ਦੀ ਲੰਬਾਈ ਦਾ ਵਾਧਾ ਉਕਤ ਹਾਰਮੋਨਜ਼ ਦੇ ਅਸਰ ਥੱਲੇ ਹੱਡੀਆਂ ਦੇ ਸਿਰਿਆਂ ਉਪਰਲੇ ਗਰੋਇੰਗ ਸੈਲਾਂ ਕਰਕੇ ਹੁੰਦਾ ਹੈ. ਇੱਕੀ ਸਾਲਾਂ ਤੋਂ ਬਾਅਦ ਕੱਦ ਵਧਾਉਣ ਲਈ ਲਈਆਂ ਗਈਆਂ ਦਵਾਈਆਂ ਸਰੀਰ ਦੀ ਸੰਤੁਲਿਤ ਲੰਬਾਈ ਵਿੱਚ ਵਾਧਾ ਕਰਨ ਦੀ ਥਾਂ ਇਸ ਵਿੱਚ ਕੁਢੱਬਾਪਣ ਪੈਦਾ ਕਰਦੀਆਂ ਹਨ ਜਿਵੇਂ ਮਰਦ ਦੇ ਛਾਤੀਆਂ ਦਾ ਵਧਣਾ, ਔਰਤਾਂ ਦੇ ਦਾੜ੍ਹੀ ਆਉਣੀ, ਜਬਾੜ੍ਹਿਆਂ ਜਾਂ ਗੱਲ੍ਹ ਹੱਡੀਆਂ ਦਾ ਉਭਰਨਾ, ਰੀੜ੍ਹ ਦੇ ਮਣਕਿਆਂ ਦਾ ਸਖਤ ਤੇ ਮੋਟੇ ਹੋਣਾ, ਅੱਖਾਂ ਵਿਚਲੀ ਵਿੱਥ ਦਾ ਵਧਣਾ, ਹੱਥਾਂ ਜਾ ਪੈਰਾਂ ਦੀਆਂ ਹੱਡੀਆਂ ਦਾ ਵਧਣਾ ਆਦਿ.

*ਸਰੀਰਕ ਵਾਧੇ ਵਿੱਚ ਦਵਾਈਆਂ ਦਾ ਰੋਲ :* ਸਰੀਰ ਦੇ ਵਾਧੇ ਦੇ ਸਮੇਂ ਦੌਰਾਨ ਵਾਧੇ ਵਿੱਚ ਆਈ ਖੜੋਤ ਨੂੰ ਨੋਟ ਕਰਨਾ ਚਾਹੀਦਾ ਹੈ ਅਤੇ ਸੰਤੁਲਿਤ ਵਾਧੇ ਲਈ ਮਾਹਿਰ ਡਾਕਟਰ ਦੀ ਅਗਵਾਈ ਹੇਠ ਦਵਾਈ ਲਈ ਜਾਣੀ ਚਾਹੀਦੀ ਹੈ, ਜੋ ਵਾਧੇ ਵਿੱਚ ਆਈ ਖੜੋਤ ਨੂੰ ਤੋੜਨ ਵਿੱਚ ਕਾਰਗਰ ਸਾਬਤ ਹੋ ਸਕਦੀ ਹੈ. ਪ੍ਰੰਤੂ ਨੀਮ-ਹਕੀਮ ਤੋਂ ਲਈ ਇਹੀ ਦਵਾਈ ਸਰੀਰ ਨੂੰ ਕਰੂਪ ਬਣਾ ਸਕਦੀ ਹੈ. ਇੱਕੀ ਸਾਲ ਤੋਂ ਬਾਅਦ ਲਈ ਦਵਾਈ ਦਾ ਫਾਇਦਾ ਤਾ ਕੀ ਨੁਕਸਾਨ ਹੀ ਹੁੰਦਾ ਹੈ. ਜੇ ਦਸ-ਗਿਆਰਾਂ ਸਾਲ ਦੀ ਉਮਰ ਤੱਕ ਵਾਧੇ ਦੀ ਗਤੀ ਵਿੱਚ ਮੰਦ-ਪੁਣਾ ਹੈ ਤਾਂ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲਈ ਜਾਣੀ ਚਾਹੀਦੀ ਹੈ. ਵਾਧੇ ਦੀ ਉਮਰ ਦੌਰਾਨ ਸੰਤੁਲਿਤ ਖੁਰਾਕ ਅਤੇ ਕਸਰਤ ਬੜਾ ਵਧੀਆ ਰੋਲ ਅਦਾ ਕਰਦੀਆਂ ਹਨ.

**ਸਵਾਲ:** ਬੰਦਾ ਗੰਜਾ ਕਿਉਂ ਹੁੰਦਾ ਹੈ ?

**ਜਵਾਬ:** ਮਰਦਾਂ ਵਿੱਚ 90 ਫੀਸਦੀ ਗੰਜੇਪਣ ਦਾ ਸ਼ਿਕਾਰ ਹੁੰਦੇ ਹਨ. ਮਾਂਹਵਾਰੀ ਬੰਦ ਹੋਣ ਉਪਰੰਤ ਕੁੱਝ ਔਰਤਾਂ ਦੇ ਵੀ ਵਾਲ ਪਤਲੇ ਪੈ ਜਾਂਦੇ ਹਨ ਅਤੇ ਝੜਨ ਲਗਦੇ ਹਨ. ਇਹ ਸਾਰੀ ਸਮੱਸਿਆ ਅਨੁਵੰਸ਼ਿਕ (Gentic) ਹੈ. ਗੰਜੇ ਪਿਓ ਦੇ ਲੜਕੇ ਆਮ ਕਰਕੇ ਗੰਜੇ ਹੀ ਹੋਣਗੇ. ਇਸਦਾ ਅਸਰ ਕੇਵਲ ਮਨੁੱਖਾਂ ਵਿੱਚ ਹੀ ਨਹੀਂ, ਬਾਂਦਰਾਂ ਵਿੱਚ ਵੀ ਵੇਖਿਆ ਹੈ. ਇਸ ਬਾਰੇ ਖੋਜੀਆਂ ਨੂੰ ਵੀ ਨਹੀਂ ਪਤਾ ਕਿ ਕਿਹੜਾ ਅਨੁਵੰਸ਼ਿਕ ਸੰਕੇਤ (Code) ਹੈ, ਜੋ ਗੰਜਾਪਣ ਲਿਆਉਂਦਾ ਹੈ ਅਤੇ ਵਾਲਾਂ ਨੂੰ ਪਤਲੇ ਕਰਦਾ ਹੈ. ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਦਾ ਸੰਬੰਧ ਕਾਮ-ਉਤੇਜਕ ਰਸ (Sex Harmone Androgens) ਨਾਲ ਹੈ. ਇਹ ਰਸ ਖੋਪੜੀ ਵਿਚਲੇ ਵਿਸ਼ੇਸ਼ (Hair Folicle) ਦੀ ਪ੍ਰਕ੍ਰਿਆ ਨੂੰ ਦਬਾਉਂਦਾ ਹੈ, ਜਿਸ ਨਾਲ ਉਨ੍ਹਾਂ ਵਿੱਚੋਂ ਨਿਕਲੇ ਵਾਲਾਂ ਦੀ ਉਮਰ ਘਟ ਜਾਂਦੀ ਹੈ. ਆਮ ਤੌਰ ਤੇ, ਜੇ ਵਾਲ ਨਾ ਕੱਟੀਏ ਤਾਂ ਇਸ ਦੀ ਉਮਰ 2 ਤੋਂ 6 ਸਾਲ ਤੱਕ ਹੁੰਦੀ ਹੈ, ਪ੍ਰੰਤੂ ਗੰਜੇਪਣ ਦਾ ਹਮਲਾ ਹੋ ਜਾਵੇ ਤਾਂ ਸਿਰ ਦੇ ਕਈ ਹਿੱਸਿਆਂ ਵਿੱਚੋਂ ਵਾਲ ਝੜਣੇ ਸ਼ੁਰੂ ਹੋ ਜਾਂਦੇ ਹਨ ਤਾਂ ਗੰਜਾਪਣ ਦਿਸਣ ਲੱਗ ਜਾਂਦਾ ਹੈ. ਮਰਦਾਂ ਵਿੱਚ ਔਰਤਾਂ ਨਾਲੋਂ ਜ਼ਿਆਦਾ ਐਂਡਰੋਜੀਨ ਹੁੰਦਾ ਹੈ, ਇਸੇ ਲਈ ਮਰਦ ਗੰਜੇਪਣ ਦਾ ਵੱਧ ਸ਼ਿਕਾਰ ਹੁੰਦੇ ਹਨ. ਗੰਜੇਪਣ ਦਾ ਇਲਾਜ ਓਪਰੇਸ਼ਨ ਰਾਹੀਂ ਖਾਲੀ ਥਾਂ ਤੇ ਸਿਹਤਮੰਦ ਵਾਲਾਂ ਦੀਆਂ ਜੜਾਂ ਦੀ ਪਿਓਂਦ ਲਗਾ ਕੇ ਕੀਤਾ ਜਾ ਸਕਦਾ ਹੈ.

**ਸਵਾਲ:** ਮਨੁੱਖ ਖੁਸਰਾ ਕਿਉਂ ਪੈਦਾ ਹੁੰਦਾ ਹੈ ?

**ਜਵਾਬ:** ਜਦੋਂ ਬੱਚੇਦਾਨੀ ਵਿੱਚ ਭਰੂਣ ਬਣਦਾ ਹੈ ਤਾਂ ਪਹਿਲੇ ਪੰਜ-ਛੇ ਹਫਤਿਆਂ ਤੱਕ ਦੇਖਣ ਵਿੱਚ ਨਰ ਅਤੇ ਮਾਦਾ ਦਾ ਫ਼ਰਕ ਦਾ ਪਤਾ ਨਹੀਂ ਲਗਦਾ. ਬੇਸ਼ੱਕ ਉਨ੍ਹਾਂ ਦੀ ਅਨੁਵੰਸ਼ਿਕ (Genetic) ਬਣਤਰ ਅਲੱਗ ਅਲੱਗ ਹੁੰਦੀ ਹੈ. ਗਰਭ ਧਾਰਨ ਦੇ ਅੱਠ ਤੋਂ ਤੇਰਾਂ ਹਫਤੇ ਬਾਅਦ ਨਰ ਅਤੇ ਮਾਦਾ ਦੇ ਅੰਡਕੋਸ਼ ਅਤੇ ਬੱਚੇਦਾਨੀ ਬਾਅਦ ਜਣਨ-ਅੰਗ ਵਿਕਸਿਤ ਹੋ ਜਾਂਦੇ ਹਨ ਜਿਨ੍ਹਾਂ ਤੋਂ ਪੈਦਾ ਹੋਏ ਹਾਰਮੋਨਜ਼ ਨਾਲ ਨਰ ਅਤੇ ਮਾਦਾ ਦੇ ਪਛਾਣ ਚਿੰਨ੍ਹ ਵਿਕਸਿਤ ਹੋ ਜਾਂਦੇ ਹਨ. ਵਿਕਾਸ ਦੀ ਇਹ ਪ੍ਰਕ੍ਰਿਆ ਜਟਿਲ ਹੁੰਦੀ ਹੈ. ਕਿਸੇ ਵੀ ਕਿਸਮ ਦੀ ਮਾਮੂਲੀ ਰੁਕਾਵਟ ਵੀ ਇਸ ਵਿਕਾਸ ਵਿੱਚ ਵਿਘਨ ਪਾ ਸਕਦੀ ਹੈ. ਇਸ ਖੁਸਰਾਪਨ ਤਕਨੀਕੀ ਆਧਾਰ ਤੇ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ. ਡਾਕਟਰੀ ਭਾਸ਼ਾ ਵਿੱਚ Pseudo Hermopherodite ਸ਼ਬਦ ਖੁਸਰਿਆਂ ਲਈ ਵਰਤਿਆ ਜਾਂਦਾ ਹੈ ਜੋ ਦੋ ਕਿਸਮ ਦਾ ਹੁੰਦਾ ਹੈ. ਇੱਕ Male-Pseudo Hermpherodite ਜੋ ਅਨੁਵੰਸ਼ਿਕ ਤੌਰ ਤੇ ਨਰ, ਪਰ ਦਿੱਖ ਪੱਖੋ ਮਾਦਾ ਹੁੰਦਾ ਹੈ ਅਤੇ ਦੂਸਰਾ Female Psedo Hermopherdite ਜੋ ਅਨੁਵੰਸ਼ਿਕ ਤੌਰ ਤੇ ਮਾਦਾ, ਪਰ ਦਿੱਖ ਪੱਖੋ ਨਰ ਹੁੰਦਾ ਹੈ. ਵਿਕਾਸ ਦੇ 8 ਤੋਂ 13 ਹਫਤਿਆਂ ਦਰਮਿਆਨ ਜੇ ਮੁਢਲੇ ਜਣਨ-ਅੰਗ ਨਰ ਹਾਰਮੋਨਜ਼ ਪੈਦਾ ਨਾ ਕਰਨ ਜਾਂ ਘੱਟ ਪੈਦਾ ਕਰਨ ਤਾਂ ਬੱਚਾ ਨਰ ਬਣਨ ਦੀ ਬਜਾਏ ਮਾਦਾ ਦੇ ਅੱਧ-ਪਚੱਧ ਗੁਣ ਅਖਤਿਆਰ ਕਰ ਲਵੇਗਾ. ਕਿਸੇ ਤਰ੍ਹਾਂ ਜੇ ਮਾਦਾ ਹਾਰਮੋਨਜ਼ ਪੈਦਾ ਨਾ ਹੋਣ ਜਾਂ ਘੱਟ ਪੈਦਾ ਹੋਣ ਤਾਂ ਭਰੂਣ ਪੂਰੀ ਤਰ੍ਹਾਂ ਕੁੜੀ ਬਣਨ ਦੀ ਬਜਾਏ, ਉਸੇ ਤਰ੍ਹਾਂ ਕੁੱਝ ਲੱਛਣ ਮੁੰਡਿਆਂ ਵਾਲੇ ਅਖਤਿਆਰ ਕਰ ਲਵੇਗਾ. ਇਸ ਤੋਂ ਇਲਾਵਾ, ਭਰੂਣ ਦੀ ਇਸ ਵਿਕਾਸ ਪ੍ਰਕ੍ਰਿਆ ਵਿੱਚ ਮਾਂ ਦੀ ਬਿਮਾਰ ਸਿਹਤ ਜਾਂ ਉਸ ਦੁਆਰਾ ਲਈ ਦਵਾਈ ਦਾ ਦੁਰ-ਪ੍ਰਭਾਵ ਵੀ ਵਿਘਨ ਪਾ ਸਕਦਾ ਹੈ. ਜਣਨ-ਅੰਗਾਂ ਵਿੱਚ ਖੁਸਰਾਪਨ ਜਿਹੇ ਵਿਗਾੜ, ਜੇ ਗਰਭ ਦੇ ਅੱਠ ਜਾਂ ਤੇਰ੍ਹਾਂ ਹਫਤਿਆਂ ਦੌਰਾਨ ਵਿਕਸਿਤ ਹੋਣ ਤਾਂ ਉਹ ਜਨਮ ਉਪਰੰਤ ਕਿਸੇ ਵੀ ਤਰ੍ਹਾਂ ਠੀਕ ਨਹੀਂ ਕੀਤੇ ਜਾ ਸਕਦੇ.

ਹਾਰਮੋਨਜ਼ ਦੇ ਵਿਗਾੜ ਕਰਕੇ, ਜਨਮ ਤੋਂ ਥੋੜਾ ਚਿਰ ਪਹਿਲਾਂ ਜਣਨ-ਅੰਗਾਂ ਵਿੱਚ ਆਈ ਬਣਤਰੀ ਤਬਦੀਲੀ ਨੂੰ ਜਨਮ ਉਪਰੰਤ ਠੀਕ ਕੀਤਾ ਜਾ ਸਕਦਾ ਹੈ.

**ਸਵਾਲ:** ਵਿਅਕਤੀ ਸੌਣ ਉਪਰੰਤ ਘੁਰਾੜੇ ਕਿਉਂ ਮਾਰਦਾ ਹੈ ?

**ਜਵਾਬ:** ਇਸ ਬਿਮਾਰੀ ਨੂੰ ਅਸਥਾਈ ਸਾਹ-ਰੋਕੂ ਨੀਂਦ (Asleep Apnea) ਵੀ ਕਹਿੰਦੇ ਹਨ. ਸਾਹ ਨਲੀ ਦੇ ਮੂੰਹ ਅਤੇ ਸੰਘ ਦੇ ਪਿਛਲੇ ਪਾਸੇ, ਕਾਂ (Uvula) ਲਮਕਦਾ ਹੁੰਦਾ ਹੈ. ਇਸ ਦਾ ਆਕਾਰ, ਮੋਟਾਪੇ ਜਾਂ ਕਿਸੇ ਹੋਰ ਵਿਗਾੜ ਕਾਰਨ, ਵੱਡਾ ਅਤੇ ਭਾਰਾ ਹੋ ਸਕਦਾ ਹੈ. ਲੇਟਣ ਬਾਅਦ, ਇਹ ਸਾਹ ਨਲੀ ਦੇ ਮੂੰਹ ਤੇ ਲੱਗ ਕੇ ਸਾਹ ਰਾਹੀਂ ਹਵਾ ਦੇ ਆਉਣ ਜਾਣ ਵਿੱਚ ਵਿਘਨ ਪਾਉਣ ਲੱਗ ਪੈਂਦਾ ਹੈ. ਕਿਉਂਕਿ ਨੀਂਦ ਵਿੱਚ ਸਾਹ ਨਲੀ ਅਤੇ ਆਸੇ-ਪਾਸੇ ਦੇ ਪੱਠੇ ਨਿੱਸਲ ਹੋਏ ਹੁੰਦੇ ਹਨ. ਸੌਫੀ ਨਾਲੋਂ ਨਸ਼ੇ ਦੀ ਹਾਲਤ ਵਿੱਚ ਘੁਰਾੜੇ ਵੱਧ ਵੱਜਦੇ ਹਨ. ਮੋਟਾਪਾ ਵੀ ਘੁਰਾੜਿਆਂ ਦੇ ਵੱਜਣ ਲਈ ਆਧਾਰ ਪੈਦਾ ਕਰਦਾ ਹੈ. ਆਸਟ੍ਰੇਲੀਅਨ ਮਾਹਿਰਾਂ ਨੇ ਦਿਲ ਦੇ ਮਰੀਜ਼ਾਂ ਅਤੇ ਤੰਦਰੁਸਤ ਵਿਅਕਤੀਆਂ ਤੇ ਅਜਿਹੀਆਂ ਪੜਤਾਲਾਂ ਕੀਤੀਆਂ ਅਤੇ ਸੌਣ ਆਦਤਾਂ ਦਾ ਅਧਿਐਨ ਕੀਤਾ ਹੈ ਅਤੇ ਸਿੱਟਾ ਕੱਢਿਆ ਹੈ ਕਿ ਘੁਰਾੜੇ ਮਾਰਨ ਵਾਲੇ ਵਿਅਕਤੀ ਚੋਵੀ ਗੁਣਾਂ ਵਧੇਰੇ ਦਿਲ ਦੀਆਂ ਬਿਮਾਰੀਆਂ ਸੰਬੰਧੀ ਖਤਰਿਆਂ ਦੀ ਸੰਭਾਵਨਾ ਰੱਖਦੇ ਹਨ. ਨੀਂਦ ਵਿਚਾਰ ਕੇਂਦਰ, ਬਾਲਟੀਮੋਰ ਦੀ ਮੈਡੀਕਲ ਨਿਰਦੇਸ਼ਕਾ ਸਮਿਥ ਅਨੁਸਾਰ, ਘੁਰਾੜੇ ਮਾਰਨਾ ਖਤਰੇ ਦੀ ਘੰਟੀ ਹੈ.

ਘੁਰਾੜੇ ਮਾਰਨ ਅਤੇ ਸਾਹ ਵਿੱਚ ਆਉਂਦੀ ਰੁਕਾਵਟ ਨੂੰ ਰੋਕਣ ਲਈ ਕੁਝ ਉਪਰਾਲੇ ਕੀਤੇ ਜਾ ਸਕਦੇ ਹਨ. ਸੌਣ ਲੱਗਿਆਂ ਪਾਸੇ ਪਰਨੇ ਪੈਣਾ, ਉੱਚਾ ਸਿਰਹਾਣਾ ਲੈਣਾ, ਨਸ਼ਿਆਂ ਤੋਂ ਪ੍ਰਹੇਜ ਕਰਨਾ ਆਦਿ. ਸਨੋਅਰਲੈਸ ਸਪਰੇ ਨਾਮ ਦੀ ਇੱਕ ਦਵਾਈ ਵੀ ਆਉਂਦੀ ਹੈ. ਇਸ ਨਾਲ ਰਾਹਤ ਮਿਲਦੀ ਹੈ. ਹੈਦਰਾਬਾਦ ਦੇ ਇੱਕ ਡਾਕਟਰ ਸਰਜਨ ਨੇ ਇੱਕ ਯੰਤਰ ਈਜਾਦ ਕੀਤਾ ਹੈ ਜੋ ਮੂੰਹ ਵਿੱਚ ਰੱਖਣ ਨਾਲ ਘੁਰਾੜੇ ਬੰਦ ਹੋ ਜਾਂਦੇ ਹਨ. ਪਰ ਇੱਹ ਯੰਤਰ ਬਜ਼ਾਰ ਵਿੱਚ ਆਮ ਉਪਲਭਦ ਨਹੀਂ ਹੈ.

**ਸਵਾਲ:** ਮਨੁੱਖੀ ਸੈਲ ਵਿੱਚ 23 ਜੋੜੇ ਕਰੋਮੋਸੋਮ ਹੁੰਦੇ ਹਨ ਜੋ ਡੀ ਐਨ ਏ ਪਦਾਰਥ ਦਾ ਬਣਿਆ ਹੁੰਦਾ ਹੈ. ਹਰ ਡੀ ਐਨ ਏ ਦੀ ਲੰਬਾਈ ਦੋ ਮੀਟਰ ਦੀ ਹੁੰਦੀ ਹੈ. ਕੀ ਸਾਰੇ ਸੈਲਾਂ ਵਿੱਚ ਜੀਨਜ਼ ਦੀ ਗਿਣਤੀ ਇੱਕੋ-ਜਿੰਨੀ ਹੁੰਦੀ ਹੈ ?

**ਜਵਾਬ:** ਇੱਕ ਸੈਲ ਵਿੱਚ ਹਰ ਤਰ੍ਹਾਂ ਦੇ ਜੀਨਜ਼ ਜ਼ਰੂਰ ਹੁੰਦੇ ਹਨ, ਪਰ ਕੰਮ ਉਹੀ ਜੀਨਜ਼ ਕਰਦੇ ਹਨ ਜੋ ਸਬੰਧਤ ਸੈਲ ਦੇ ਕਾਰਜ ਵਿੱਚ ਸਹਾਈ ਹੁੰਦੇ ਹਨ, ਬਾਕੀ ਚੁੱਪ ਜਾਂ ਸੁੱਤੇ ਰਹਿੰਦੇ ਹਨ. ਇਹ ਵਰਤਾਰਾ ਕੰਮ ਦੀ ਲੋੜ ਅਨੁਸਾਰ ਹੋਰ ਸੈਲਾਂ ਵਿੱਚ ਉਲਟ ਵੀ ਹੋ ਸਕਦਾ ਹੈ. ਦਰਅਸਲ ਵੱਖਰੇ ਵੱਖਰੇ ਜੀਨਜ਼ ਦੀ ਕ੍ਰਿਆਸ਼ੀਲਤਾ ਕਰਕੇ ਹੀ ਸੈਲਾਂ ਦੇ ਕੰਮ ਅਲੱਗ ਹਨ, ਜਿਨ੍ਹਾਂ ਨਾਲ ਸੈਲਾਂ ਦਾ ਆਕਾਰ ਅਤੇ ਸ਼ਕਲ ਵੱਖ ਵੱਖ ਬਣ ਜਾਂਦੀ ਹੈ. ਹਰ ਜੀਨਜ਼ ਵਿੱਚ, ਮਨੁੱਖ ਦਾ ਸਮੁੱਚੀ ਹਸਤੀ ਦਾ ਕੋਡ ਲੁਕਿਆ ਹੁੰਦਾ ਹੈ, ਜਿਸਨੂੰ ਅੱਜ ਕੱਲ ਕਲੋਨ-ਵਿਧੀ ਨਾਲ ਉਸੇ ਮਨੁੱਖ ਨੂੰ ਦੁਬਾਰਾ ਸਿਰਜਣ ਲਈ ਵਰਤਿਆ ਜਾ ਸਕਦਾ ਹੈ. ਭਾਰ, ਆਕਾਰ ਅਤੇ ਕੰਮ ਦੇ ਹਿਸਾਬ ਨਾਲ ਮਨੁੱਖ ਦੇ ਸੈਲਾਂ ਦੀ ਗਿਣਤੀ ਨਿਰਧਾਰਿਤ ਹੁੰਦੀ ਹੈ, ਜੋ ਵੱਧ ਘੱਟ ਹੋ ਸਕਦੀ ਹੈ, ਪਰ ਹਰ ਸੈਲ ਵਿੱਚ ਜੀਨਾਂ ਦੀ ਗਿਣਤੀ ਇੱਕੋ ਜਿਹੀ ਹੁੰਦੀ ਹੈ.

**ਸਵਾਲ:** ਤੇਈਏ ਤਾਪ ਦੀ ਕਥਾ ਕੀ ਹੈ ? ਇਸ ਸੰਬੰਧੀ ਤਰਕਸ਼ੀਲ ਦ੍ਰਿਸ਼ਟੀਕੋਣ ਕੀ ਹੈ ?

**ਜਵਾਬ:** ਤੇਈਆ ਤਾਪ ਭਾਵ ਤੀਜੇ ਦਿਨ ਚੜ੍ਹਨ ਵਾਲਾ ਜਾਂ ਵਾਰੀ ਦਾ ਤਾਪ ਮੱਛਰਾਂ ਦੇ ਕੱਟਣ ਨਾਲ ਹੋਣ ਵਾਲਾ ਖਾਸ ਕਿਸਮ ਦਾ ਮਲੇਰੀਆ ਪਰਜੀਵੀਦਾ ਚੱਕਰ ਔਸਤਨ ਤੀਜੇ ਦਿਨ ਬਣਦਾ ਹੈ ਭਾਵ ਇੱਕ ਦਿਨ ਛੱਡ ਕੇ ਬੁਖਾਰ ਚੜ੍ਹਦਾ ਹੈ. ਬਿਮਾਰੀਆਂ ਦੇ ਵਿਗਿਆਨਕ ਗਿਆਨ ਤੋਂ ਪਹਿਲਾਂ ਲੋਕ ਇਨ੍ਹਾਂ ਦੇ ਅਸਲ ਕਾਰਨਾਂ ਤੋਂ ਅਣਜਾਣ ਹੁੰਦੇ ਸੀ, ਉਹ ਆਪਣੇ ਸੀਮਤ ਗਿਆਨ ਵਾਲੀ ਸੂਝ-ਬੂਝ ਅਨੁਸਾਰ ਹੀ ਬਿਮਾਰੀਆਂ ਦੇ ਕਾਰਨ ਮਿੱਥਦੇ ਅਤੇ ਅਨੁਭਵ ਨਾਲ ਇਲਾਜ ਕਰਦੇ ਸਨ, ਪਰ ਉਨ੍ਹਾਂ ਦੀਆਂ ਅਟਕਲਾਂ ਹਮੇਸ਼ਾ ਠੀਕ ਨਹੀਂ ਹੁੰਦੀਆਂ ਸਨ. ਬਹੁਤ ਸਾਰੀਆਂ ਬਿਮਾਰੀਆਂ ਕਿਸੇ ਵਿਸ਼ੇਸ਼ ਦੇਵੀ-ਦੇਵਤੇ ਜਾਂ ਚੀਜ਼ ਦੀ ਕਰੋਪੀ ਜਾਂ ਗੁੱਸੇ ਕਾਰਨ ਹੋਈਆਂ ਮੰਨੀਆਂ ਜਾਂਦੀਆਂ ਸਨ. ਜਿਵੇਂ ਚੇਚਕ ਲਈ ਮਾਤਾ ਦੀ ਕਰੋਪੀ ਮੰਨੀ ਜਾਂਦੀ ਸੀ ਅਤੇ ਉਸ ਕਾਲਪਨਿਕ ਮਾਤਾ ਨੂੰ ਪੂਜਕੇ ਚੇਚਕ ਦਾ ਉਪਰਾਲਾ ਕੀਤਾ ਜਾਂਦਾ ਸੀ. ਅੱਜ ਅਸੀਂ ਜਾਣਦੇ ਹਾਂ ਕਿ ਚੇਚਕ ਇੱਕ ਵਾਇਰਸ ਰੋਗ ਹੈ, ਜਿਸਨੂੰ ਵੈਕਸੀਨ ਦੁਆਰਾ ਰੋਕਿਆ ਜਾ ਸਕਦਾ ਹੈ. ਜੇ ਇਹ ਹੋ ਜਾਵੇ ਤਾਂ ਲੱਛਣਾਂ ਅਨੁਸਾਰ ਇਲਾਜ ਕੀਤਾ ਜਾ ਸਕਦਾ ਹੈ. ਮਨੁੱਖ ਦੀ ਰੋਗ ਨਿਵਾਰਕ ਸ਼ਕਤੀ ਵੀ ਬਹੁਤੀ ਵਾਰ ਬਿਮਾਰੀ ਤੇ ਕਾਬੂ ਪਾ ਲੈਂਦੀ ਹੈ.

ਇਸੇ ਪ੍ਰਕਾਰ ਮਲੇਰੀਏ ਭਾਵ ਤੇਈਏ ਤਾਪ ਬਾਰੇ ਇੱਕ ਕਥਾ ਪ੍ਰਸਿੱਧ ਹੈ ਕਿ ਇੱਕ ਵਾਰ ਤੇਈਏ ਤਾਪ ਨੂੰ ਗੁਰੂ ਸਾਹਿਬਾਨ ਨੇ ਫੜ੍ਹਕੇ ਪਿੰਜਰੇ ਵਿੱਚ ਪਾ ਲਿਆ ਸੀ, ਪਰ ਕਿਸੇ ਸ਼ਰਧਾਲੂ ਦੇ ਆਖੇ ਲੱਗਕੇ ਤੇਈਏ ਤਾਪ (ਬਾਲਕ ਰੂਪ-ਬਦਰੂਹ-ਤੇਈਏ ਤਾਪ ਦਾ ਮਾਨਵੀਕ੍ਰਿਤ ਕਾਲਪਨਿਕ ਰੂਪ) ਨੂੰ ਛੱਡ ਦਿੱਤਾ. ਪਰ ਤੇਈਏ ਤਾਪ ਨੇ ਜਦੋਂ ਸ਼ਰਧਾਲੂ ਸਾਹਮਣੇ ਕਿਸੇ ਵਿਅਕਤੀ ਦਾ ਖੂਨ ਪੀਤਾ ਤਾਂ ਸ਼ਰਧਾਲੂ ਵਾਪਸ ਉਸਨੂੰ ਗੁਰੂ ਸਾਹਿਬ ਪਾਸ ਲੈ ਗਿਆ. ਜਦੋਂ ਤੇਈਏ ਤਾਪ ਨੂੰ ਮੁੜ ਪਿੰਜਰੇ ਵਿੱਚ ਪਾਇਆ ਜਾਣ ਲੱਗਾ ਤਾਂ ਤੇਈਏ ਤਾਪ ਨੇ ਆਖਿਆ ਕਿ ਮੈਨੂੰ ਛੱਡ ਦਿਓ, ਮੈਂ ਖੂਨ ਪੀਤੇ ਬਗੈਰ ਰਹਿ ਨਹੀਂ ਸਕਦਾ ਪਰ ਜਿੱਥੇ ਵੀ ਇਹ ਕਥਾ ਸੁਣਾਈ ਜਾਵੇਗੀ ਮੈਂ ਭੱਜ ਜਾਇਆ ਕਰਾਂਗਾ. ਇਹ ਕਥਾ ਤੇਈਏ ਤਾਪ ਚੜ੍ਹੇ ਵਿਅਕਤੀ ਨੂੰ ਸੁਣਾਈ ਜਾਂਦੀ ਹੈ ਅਤੇ ਸਮਝਿਆ ਜਾਂਦਾ ਹੈ ਕਿ ਇੰਝ ਤੇਈਆ ਤਾਪ ਉੱਤਰ ਜਾਵੇਗਾ.

ਲੱਗਭੱਗ ਇਸ ਨਾਲ ਮਿਲਦੀਆਂ ਜੁਲਦੀਆਂ ਕਹਾਣੀਆਂ ਹੀ ਅੱਧ-ਸਿਰੇ (ਮਾਈਗਰੇਨ) ਅਤੇ ਭੂਤਾਂ ਕੱਢਣ ਵਾਲੇ ਬੀਰ ਨਾਹਰ ਸਿੰਘ (ਹਿਸਟੀਰੀਆ) ਨਾਲ ਜੁੜੀਆਂ ਹੋਈਆਂ ਹਨ. ਮਿੱਥ-ਵਿਗਿਆਨ ਦੇ ਪੱਖ ਤੋਂ ਇਹ ਕਥਾਵਾਂ ਦਰਸਾਉਂਦੀਆਂ ਹਨ ਕਿ ਗਿਆਨ ਨਾ ਹੋਣ ਦੀ ਹਾਲਤ ਵਿੱਚ ਮਨੁੱਖ ਬਿਮਾਰੀਆਂ ਨੂੰ ਵੀ ਮਾਨਵੀਕ੍ਰਿਤ ਕਰ ਲੈਂਦਾ ਸੀ ਅਤੇ ਫੇਰ ਅਖੌਤੀ ਬੁਰੀ ਰੂਹ ਨਾਲ ਸ਼ਰਤ-ਬੱਧ ਸਮਝੌਤਾ ਕਰ ਲੈਂਦਾ ਸੀ ਕਿ ਮੈਂ ਤੇਰੀ ਮਾਨਤਾ ਕਰਦਾ ਹਾਂ, ਤੂੰ ਮੈਨੂੰ ਤੰਗ ਨਾ ਕਰੀਂ. ਐਨ ਉਵੇਂ ਹੀ ਜਿਵੇਂ ਮਨੁੱਖ ਜਾਬਰ ਵਿਅਕਤੀਆਂ ਅੱਗੇ ਈਨ ਮੰਨ ਲੈਂਦਾ ਸੀ ਕਿ ਤੁਸੀਂ ਮੈਨੂੰ ਹਰ ਸਮੇਂ ਨਜ਼ਾਇਜ ਤੰਗ ਨਾ ਕਰਿਆ ਕਰੋ, ਮੈਂ ਆਪਣੇ ਆਪ ਤੁਹਾਨੂੰ ਨਜ਼ਰਾਨਾ ਪੇਸ਼ ਕਰ ਦਿਆ ਕਰਾਂਗਾ. ਇਹ ਸਾਰਾ ਵਿਵਹਾਰਕ ਪ੍ਰਬੰਧ ਵੀ ਇਸ ਤਰ੍ਹਾਂ ਦਾ ਸੀ. ਅਜਿਹੀਆਂ ਕਥਾ-ਕਹਾਣੀਆਂ ਮਨੁੱਖ ਨੂੰ ਮਾਨਸਿਕ ਤੌਰ ਤੇ ਠੁੰਮਣਾ ਦਿੰਦੀਆਂ ਸਨ. ਹੋਰ ਅਜਿਹੀਆਂ ਕਹਾਣੀਆਂ ਨਾਲ ਰੋਗ ਠੀਕ ਹੋਣ ਦਾ ਕੋਈ ਸਬੰਧ ਨਹੀਂ ਸੀ.

**ਸਵਾਲ:** ਜੌੜੇ ਬੱਚੇ ਕਿਵੇਂ ਪੈਦਾ ਹੁੰਦੇ ਹਨ ? ਕੀ ਨਿਸ਼ਚਿਤ ਸੈਲ ਦੋ ਭਾਗਾਂ ਵਿੱਚ ਟੁੱਟ ਜਾਂਦਾ ਹੈ ?

ਬੱਚੇ ਦੀ ਸਿਰਜਣਾ ਵਿੱਚ (ਕਲੋਨ ਆਦਿ ਵਿਧੀਆਂ ਤੋਂ ਇਲਾਵਾ) ਮਰਦ ਦੇ ਵੀਰਜ਼ ਵਿਚਲੇ (Spermotozoa) ਅਤੇ ਔਰਤ ਦੇ ਅੰਡਕੋਸ਼ (Ovary) ਵਿੱਚੋਂ ਪੈਦਾ ਹੋਏ ਅੰਡੇ (Ova) ਦੇ ਮਿਲਾਪ ਦਾ ਰੋਲ ਹੁੰਦਾ ਹੈ. ਇਹ ਸੁਮੇਲ ਫਿਲੋਪੀਅਨ ਨਾਲੀ ਵਿੱਚ ਹੁੰਦਾ ਹੈ ਅਤੇ ਇਸ ਨਵੇਂ ਬਣੇ ਸੈੱਲ ਨੂੰ ਭਰੂਣ (Zygote) ਕਹਿੰਦੇ ਹਨ ਜੋ ਬਾਅਦ ਵਿੱਚ ਬੱਚੇਦਾਨੀ ਵਿੱਚ ਆਕੇ ਵਿਕਸਤ ਹੋਣਾ ਸ਼ੁਰੂ ਕਰਦਾ ਹੈ. ਭਰੂਣ ਵਿੱਚ ਅੱਧੇ ਗੁਣ ਮਾਂ ਅਤੇ ਅੱਧੇ ਗੁਣ ਪਿਉ ਵਾਲੇ ਹੁੰਦੇ ਹਨ. ਇਹ ਸੈਲ, ਸੈਲ ਵਿੱਚ ਨਿਹਤ ਜੀਨਜ਼ ਦੀ ਹਦਾਇਤ ਅਨੁਸਾਰ ਵਿਕਸਤ ਹੋਵੇਗਾ ਅਤੇ ਛੇਕੜ ਨੂੰ ਵੱਖ ਵੱਖ ਹਾਲਤਾਂ ਵਿੱਚੋਂ ਲੰਘਦਾ ਹੋਇਆ ਇੱਕ ਬੱਚਾ ਬਣ ਜਾਵੇਗਾ.

ਕਦੇ ਕਦਾਈਂ ਉਕਤ ਭਰੂਣ ਸੈਲ ਟੁੱਟ ਕੇ ਇੱਕ ਤੋਂ ਦੋ ਬਣ ਜਾਂਦਾ ਹੈ. ਦੋਨਾਂ ਸੈਲਾਂ ਵਿੱਚ ਇੱਕੋ ਜਿਹੇ ਜੀਨਜ਼ ਹੁੰਦੇ ਹਨ ਜਿਨ੍ਹਾਂ ਦੇ ਪ੍ਰਭਾਵ ਹੇਠ ਵਿਕਸਤ ਹੋਏ ਬੱਚੇ ਇੱਕੋ-ਜਿਹੀ ਸ਼ਕਲ ਵਾਲੇ ਹੁੰਦੇ ਹਨ. ਇਨ੍ਹਾਂ ਨੂੰ Monozygottic Twin ਕਹਿੰਦੇ ਹਨ. ਇਹ ਦੋਨੋਂ ਬੱਚੇ ਇੱਕੋ ਲਿੰਗ ਦੇ ਹੋਣਗੇ ਭਾਵ ਮੁੰਡੇ ਜਾਂ ਕੁੜੀਆਂ. ਪਰ ਇਨ੍ਹਾਂ ਦੀ ਅਕਲ ਵੱਖ ਵੱਖ ਹੋਵੇਗੀ. ਭਰੂਣ ਨੂੰ ਇੱਕ ਤੋਂ ਦੋ ਵਿੱਚ ਵੰਡਣ ਦਾ ਵਰਤਾਰਾ ਜੀਨਜ਼ ਵਿੱਚ ਸੁੱਤੀ ਪਈ ਸਮਰੱਥਾ ਦੇ ਕਦੇ ਕਦਾਈਂ ਜਾਗਣ ਨਾਲ ਵਾਪਰਦਾ ਹੈ. ਇੱਕ ਮਾਹਵਾਰੀ ਦੌਰਾਨ, ਔਰਤ ਦੇ ਦੋਨਾਂ ਅੰਡਕੋਸ਼ਾਂ ਵਿੱਚੋਂ ਵਾਰੀ ਵਾਰੀ ਅੰਡਾ ਫਿਲੋਪੀਅਨ ਟਿਊਬ ਵਿੱਚ ਆਉਂਦਾ ਹੈ. ਪਰ ਕਈ ਵਾਰ ਕਿਸੇ ਕਾਰਨ ਵੱਸ ਦੋਨਾਂ ਅੰਡਕੋਸ਼ਾਂ ਵਿੱਚੋਂ ਦੋਨਾਂ ਪਾਸਿਆਂ ਤੋਂ ਇੱਕ ਜਾਂ ਜ਼ਿਆਦਾ ਅੰਡੇ ਦੋਨਾਂ ਫਿਲੋਪੀਅਨ ਨਾਲੀਆਂ ਵਿੱਚ ਆ ਜਾਂਦੇ ਹਨ. ਇਨ੍ਹਾਂ ਦਾ ਸੁਮੇਲ ਵੀਰਜ ਵਿਚਲੇ ਸ਼ੁਕਰਾਣੂਆਂ ਨਾਲ ਹੋ ਜਾਂਦਾ ਹੈ ਅਤੇ ਆਂਡਿਆਂ ਦੀ ਗਿਣਤੀ ਅਨੁਸਾਰ, ਭਰੂਣਾਂ ਦੀ ਸਿਰਜਣਾ ਹੋ ਜਾਂਦੀ ਹੈ. ਉਕਤ ਦੱਸੇ ਜੋੜਿਆਂ ਦੇ ਉਲਟ ਇਹ ਜੋੜੇ ਜਾਂ ਵੱਧ ਬੱਚੇ ਭਿੰਨ ਭਿੰਨ ਨੈਣ-ਨਕਸ਼ਾਂ ਵਾਲੇ ਅਤੇ ਵੱਖਰੇ ਵੱਖਰੇ ਲਿੰਗ ਵਾਲੇ ਹੋ ਸਕਦੇ ਹਨ. ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਵੀਰਜ ਦੇ ਇੱਕ-ਵਾਰਗੀ ਨਿਕਾਸ ਨਾਲ ਲਗਭਗ 5000 ਲੱਖ ਸ਼ੁਕਰਾਣੂ ਬਾਹਰ ਆਉਂਦੇ ਹਨ ਜੋ ਕਿ ਜਿਉਂਦੇ ਜਾਗਦੇ ਹੁੰਦੇ ਹਨ ਅਤੇ 24 ਘੰਟਿਆਂ ਤੱਕ ਹਰਕਤ ਵਿੱਚ ਰਹਿੰਦੇ ਹਨ.

**ਸਵਾਲ:** ਨਬਜ ਦੇਖਕੇ ਰੋਗ ਬਾਰੇ ਪਤਾ ਲਾਉਣ ਦੀ ਕੀ ਪ੍ਰਕਿਰਿਆ ਕੀ ਹੈ ?

**ਜਵਾਬ:** ਦਿਲ ਤੋਂ ਸਰੀਰ ਦੇ ਵੱਖ ਵੱਖ ਅੰਗਾਂ ਜਾਂ ਹਿੱਸਿਆਂ ਨੂੰ ਖੂਨ ਲਿਜਾਣ ਵਾਲੀ ਨਾੜੀ, ਜੇ ਬਹੁਤੀ ਡੂੰਘੀ ਨਾ ਹੋਵੇ, ਉਂਗਲਾਂ ਦੇ ਪੋਟਿਆਂ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ. ਇਹ ਨਾੜੀਆਂ (Arteries) ਅਕਸਰ ਡੂੰਘੀਆਂ ਹੁੰਦੀਆਂ ਹਨ. ਅੰਗਾਂ ਤੋਂ ਦਿਲ ਵੱਲ ਖੂਨ ਲਿਆਉਣ ਵਾਲੀਆਂ ਨਾੜੀਆਂ (Veins) ਸਤਹੀ ਹੁੰਦੀਆਂ ਹਨ ਅਤੇ ਚਮੜੀ ਦੇ ਰਤਾ ਕੁ ਥੱਲੇ ਹੁੰਦੀਆਂ ਹਨ. ਇਹ ਫਿੱਕੇ ਨੀਲੇ ਰੰਗ ਦੀਆਂ ਹੁੰਦੀਆਂ ਹਨ ਅਤੇ ਸੌਖਿਆਂ ਹੀ ਦੇਖੀਆਂ ਜਾ ਸਕਦੀਆਂ ਹਨ. ਦਿਲ ਇੱਕ ਪੰਪ ਦਾ ਕੰਮ ਕਰਦਾ ਹੈ ਅਤੇ ਖੂਨ ਸਪਲਾਈ ਕਰਨ ਵੇਲੇ ਇੱਕ ਦਬਾਉ ਦੀ ਲਹਿਰ (Pressure Wave) ਪੈਦਾ ਹੁੰਦੀ ਹੈ ਜੋ ਕਿ ਦਿਲ ਦੇ ਨੇੜੇ ਜ਼ੋਰਦਾਰ ਅਤੇ ਦੂਰ ਕਮਜ਼ੋਰ ਹੋ ਜਾਂਦੀ ਹੈ. ਸਰੀਰ ਦੇ ਕਈ ਥਾਵਾਂ ਤੇ ਇਹ ਉਪਰਲੀ ਸਤਹਿ ਤੇ ਹੁੰਦੀਆਂ ਹਨ. ਗੁੱਟ ਤੇ ਅੰਗੂਠੇ ਵਾਲੇ ਪਾਸੇ ਇਸਨੂੰ Radial Artery ਕਹਿੰਦੇ ਹਨ. ਜਿਸਨੂੰ ਡਾਕਟਰ ਉਂਗਲਾਂ ਦੇ ਪੋਟਿਆਂ ਨਾਲ ਮਹਿਸੂਸ ਕਰ ਲੈਂਦੇ ਹਨ. ਆਮ ਤੌਰ ਤੇ ਸਿਹਤਮੰਦ ਆਦਮੀ ਦਾ ਦਿਲ ਇੱਕ ਮਿੰਟ ਵਿੱਚ 72 ਵਾਰ ਧੜਕਦਾ ਹੈ.

ਅਥਲੀਟਾਂ ਅਤੇ ਪਹਿਲਵਾਨਾਂ ਵਿੱਚ ਇਹ ਗਤੀ 60 ਤੋਂ 65 ਦੇ ਵਿਚਕਾਰ ਹੁੰਦੀ ਹੈ. ਹਾਥੀ ਦਾ ਦਿਲ ਇੱਕ ਮਿੰਟ ਵਿੱਚ 8 ਤੋਂ 12 ਵਾਰ ਅਤੇ ਨਿੱਕੀ ਚਿੜੀ ਦਾ ਦਿਲ 1000 ਵਾਰ ਧੜਕਦਾ ਹੈ.

ਦਿਲ ਦੀ ਧੜਕਨ ਦੀ ਸੁਵੰਨਤਾ ਜੋ ਬਦਲਦੀਆਂ ਹਾਲਤਾਂ, ਜਿਵੇਂ ਬੁਖਾਰ, ਦਿਲ ਦੇ ਰੋਗ ਆਦਿ ਕਾਰਨ ਇਕਸਾਰ ਨਹੀਂ ਰਹਿੰਦੀ, ਉਸ ਤਰ੍ਹਾਂ ਦੀ ਤਬਦੀਲੀ ਨਬਜ਼ ਮਹਿਸੂਸ ਕੀਤੀ ਜਾ ਸਕਦੀ ਹੈ.

**ਰਫਤਾਰ :** ਕਸਰਤ ਕਰਨ ਸਮੇਂ, ਘਬਰਾਹਟ ਵਿੱਚ, ਲੜਾਈ ਕਰਨ ਸਮੇਂ ਤਣਾਉ, ਬੁਖਾਰ ਜਾਂ ਦਿਲ ਦੇ ਰੋਗਾਂ ਸਮੇਂ ਦਿਲ ਤੇਜ਼ ਧੜਕੇਗਾ ਅਤੇ ਨਬਜ਼ ਵੀ ਤੇਜ਼ ਚੱਲੇਗੀ.

**ਲਗਾਤਾਰਤਾ** : ਨਬਜ਼ ਦਾ ਹਰ ਵਾਰ ਇੱਕੋ-ਜਿੰਨੇ ਸਮੇਂ ਬਾਦ ਅਤੇ ਇਉਂ ਹਰ ਧੜਕਣ ਬਾਦ ਇੱਕ ਧੜਕਣ ਫਿੱਕੀ ਜਾਂ ਮਿਸ ਹੋ ਜਾਂਦੀ ਹੈ. ਇਸ ਦੇ ਉਲਟ ਕਈ ਵਾਰ ਇਹ ਵਾਰ-ਵਾਰਤਾ ਬੇਨਿਯਮਤ ਤੇ ਆਪਮੁਹਾਰੀ ਹੋ ਜਾਂਦੀ ਹੈ.

**ਕਮਜ਼ੋਰ ਨਬਜ਼** (Low Volume Pulse): ਅਜਿਹੀਆਂ ਹਾਲਤਾਂ ਵਿੱਚ ਨਬਜ਼ ਕਮਜ਼ੋਰ ਪੈ ਜਾਂਦੀ ਹੈ. ਜਦੋਂ ਸਦਮਾ, ਜਿਆਦਾ ਟੱਟੀਆਂ ਉਲਟੀਆਂ ਜਾਂ ਖੂਨ ਵਹਿ ਜਾਣ ਕਾਰਨ ਸਰੀਰ ਦਾ ਪਾਣੀ, ਖੂਨ ਯਕ-ਦਮ ਘੱਟ ਜਾਵੇ.

**ਅਧਿੱਕ ਨਬਜ਼ ਗਤੀ** (High Volume Pulse): ਬਲੱਡ ਪਰੈਸ਼ਰ, ਦਿਲ ਦੇ ਖੱਬੇ ਪੱਠੇ ਦੇ ਜਿਆਦਾ ਵਧੇ ਹੋਣ ਕਾਰਨ, ਦਿਲ ਦੀ ਧੜਕਣ ਜ਼ੋਰ ਦੀ ਹੁੰਦੀ ਹੈ ਜਿਸ ਵਿੱਚ ਨਬਜ਼ ਵੀ ਉਸੇ ਰੁੱਖ ਪ੍ਰਭਾਵਤ ਹੋਵੇਗੀ.

**ਨਬਜ਼ ਦਾ ਦਬਾਉ** (Pulse Pressure): ਜੇ ਨਬਜ਼ ਦੇ ਆਉਣ ਤੇ ਜਾਣ ਵਿਚਕਾਰ ਦਬਾਉ ਦਾ ਫਰਕ ਜਿਆਦਾ ਨਾ ਹੋਵਾ ਤਾਂ ਦਿਲ, ਆਮ ਤੌਰ ਤੇ ਫੇਲ ਹੋਣ ਵੱਲ ਜਾ ਰਿਹਾ ਹੁੰਦਾ ਹੈ.

ਆਮ ਤੌਰ ਤੇ ਦਿਲ ਦੀ ਧੜਕਣ, ਨਬਜ਼ ਦੀ ਗਤੀ ਈ ਸੀ ਜੀ ਦਾ ਇੰਦਰਾਜ ਬਰਾਬਰ ਦੀ ਰੀਡਿੰਗ ਦਿੰਦਾ ਹੈ. ਹਜ਼ਾਰਾਂ ਕਿਸਮ ਦੀਆਂ ਬਿਮਾਰੀਆਂ ਵਿੱਚ ਨਬਜ਼ ਦੀ ਗਤੀ ਮਹਿਸੂਸੀਅਤ ਓਨੀਆਂ ਕਿਸਮਾਂ ਦੀ ਨਹੀਂ ਹੋਵੇਗੀ, ਸਗੋਂ ਕਈ ਬਿਮਾਰੀਆਂ ਵਿੱਚ ਇਹ ਇੱਕੋ ਜਿਹੀ ਹੋਵੇਗੀ. ਸੋ ਇਕੱਲੀ ਨਬਜ਼ ਨਾਲ, ਸਹੀ ਬਿਮਾਰੀ ਦਾ ਪਤਾ ਲਾਉਣ ਦਾ ਦਾਅਵਾ ਕਰਨਾ ਵਿਗਿਆਨਕ ਨਹੀਂ ਬੇਤੁਕਾ ਹੈ. ਨਬਜ਼ ਦੇਖਣ ਦੇ ਨਾਲ ਨਾਲ ਬਿਮਾਰ ਦੇ ਜ਼ਾਹਰਾ ਲੱਛਣ, ਪੁੱਛ-ਪੜਤਾਲ ਜਾਂ ਮੌਸਮੀ ਬਿਮਾਰੀਆਂ ਦੇ ਹਿਸਾਬ ਨਾਲ ਜਮਾ-ਜੋੜ ਕਰਕੇ ਸਿੱਟਾ ਕੱਢਿਆ ਜਾ ਸਕਦਾ ਹੈ, ਪਰ ਜਿਸਦਾ ਠੀਕ ਹੋਣਾ ਯਕੀਨੀ ਨਹੀਂ ਹੁੰਦਾ. ਜੇ ਇਉਂ ਹੁੰਦਾ ਤਾਂ ਬਿਮਾਰੀਆਂ ਦੀ ਪੜਤਾਲ ਲਈ ਸੈਂਕੜੇ ਮਸ਼ੀਨਾਂ, ਔਜ਼ਾਰਾਂ ਤੇ ਖੁਰਦਬੀਨਾਂ ਦੀ ਲੋੜ ਨਾ ਪੈਂਦੀ. ਬੇਸ਼ੱਕ ਅਜੇ ਤੱਕ ਇਹ ਮਸ਼ੀਨਾਂ ਵੀ ਸਾਰੀਆਂ ਬਿਮਾਰੀਆਂ ਦੇ ਜਾਣਨ ਲਈ ਨਾਕਾਫੀ ਹਨ.

**ਸਵਾਲ:** "ਸੌ ਚਾਚਾ, ਇੱਕ ਪਿਓ, ਅਤੇ ਸੌ ਦਾਰੂ, ਇੱਕ ਘਿਓ ." ਇਸ ਕਹਾਵਤ ਦੇ ਪ੍ਰਸੰਗ ਵਿੱਚ ਹਰੀਸ਼ ਮਲਹੋਤਰਾ ਦੇ ਘਿਓ ਵਿੱਚ ਵਿਟਾਮਿਨ ਦੇ ਖਣਿਜ ਨਾ ਹੋਣ ਬਾਰੇ ਕੀਤੀ ਟਿੱਪਣੀ ਦਾ ਕੀ ਸਪੱਸ਼ਟੀਕਰਣ ਹੈ ?

**ਜਵਾਬ** : ਘਿਓ ਦਾ ਮਸਲਾ ਵਿਵਾਦ-ਗ੍ਰਸਤ ਹੈ. ਫਿਰ ਵੀ ਖੁਰਾਕ ਸਬੰਧੀ ਕੁਝ ਤੱਥ ਸਰਵ-ਪ੍ਰਵਾਣਿਤ ਹਨ. ਤੱਤਾਂ ਪੱਖੋਂ ਖੁਰਾਕ ਨੂੰ ਮੁੱਖ ਤੌਰ ਤੇ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :-

**ਪਹਿਲਾ ਪ੍ਰੋਟੀਨ** : ਇਹ ਸਰੀਰ ਦਾ ਨਿਰਮਾਣ ਕਰਦੇ ਹਨ. ਇਸ ਵਿੱਚ ਮੀਟ, ਅੰਡੇ, ਪਨੀਰ, ਦੁੱਧ ਆਦਿ ਪਹਿਲੇ ਦਰਜੇ ਵਿੱਚ ਆਉਂਦੇ ਹਨ ਅਤੇ ਮਟਰ, ਸੋਇਆਬੀਨ ਆਦਿ ਦੂਜੇ ਦਰਜੇ ਵਿੱਚ ਆਉਂਦੇ ਹਨ.

**ਦੂਸਰਾ ਕਾਰਬੋਹਾਈਡ੍ਰੇਟ ਅਤੇ ਚਿਕਨਾਈ (ਫੈਟ)** : ਸਰੀਰ ਦੀ ਕਾਰਜ ਵਿਧੀ ਲਈ ਊਰਜਾ ਪੈਦਾ ਕਰਨ ਦਾ ਸਾਧਨ ਹਨ. ਕਾਰਬੋਹਾਈਡ੍ਰੇਟਸ ਕਾਰਬਨ, ਹਾਈਡ੍ਰੋਜਨ ਅਤੇ ਆਕਸੀਜਨ ਤੋਂ ਮਿਲ ਕੇ ਬਣਦੇ ਹਨ ਅਤੇ ਇਸ ਵਿੱਚ ਆਟਾ, ਦਾਲਾਂ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ, ਜਦੋਂ ਕਿ ਚਿਕਨਾਈ ਵਿੱਚ ਸਾਰੇ ਘਿਓ ਅਤੇ ਤੇਲ ਆਉਂਦੇ ਹਨ.

**ਤੀਸਰਾ ਬਚਾਓ ਖੁਰਾਕ** (Protective Food) : ਇਨ੍ਹਾਂ ਵਿੱਚ ਵਿਟਾਮਿਨ ਅਤੇ ਖਣਿਜ ਆਉਂਦੇ ਹਨ. ਲੋਹਾ, ਤਾਂਬਾ ਆਦਿ ਖਣਿਜ ਪਦਾਰਥ ਹਨ, ਜੋ ਸਾਗ, ਹਰੀਆਂ ਸਬਜ਼ੀਆਂ, ਫਲਾਂ ਆਦਿ ਵਿੱਚ ਭਿੰਨ-ਭਿੰਨ ਮਾਤਰਾ ਵਿੱਚ ਮਿਲਦੇ ਹਨ.

ਉਕਤ ਵਰਗੀਕਰਨ ਤੋਂ ਸਪੱਸ਼ਟ ਹੈ ਕਿ ਘਿਓ, ਚਿਕਨਾਈ ਸਰੀਰ ਲਈ ਊਰਜਾ ਦਾ ਹੀ ਇੱਕ ਸੋਮਾ ਹਨ, ਫਿਰ ਵੀ ਕਾਰਬੋਹਾਈਡ੍ਰੇਟ ਅਤੇ ਚਿਕਨਾਈ ਵਿੱਚੋਂ ਉੱਤਮ ਸੋਮਾ ਕਾਰਬੋਹਾਈਡ੍ਰੇਟਸ ਨੂੰ ਮੰਨਿਆ ਜਾਂਦਾ ਹੈ, ਕਿਉਂਕਿ ਸਰੀਰ ਨੂੰ ਘੱਟ ਮਿਹਨਤ ਕਰਕੇ ਵੱਧ ਊਰਜਾ ਮਿਲ ਜਾਂਦੀ ਹੈ. ਭਾਵ ਘੱਟ ਘਿਓ ਖਾਧਿਆਂ ਸਰ ਸਕਦਾ ਹੈ ਪਰ ਕਾਰਬੋਹਾਈਡ੍ਰੇਟ ਬਿਨਾਂ ਨਹੀਂ ਸਰਦਾ. ਆਮ ਤੌਰ ਤੇ ਸੰਤੁਲਿਤ ਖੁਰਾਕ ਦਾ ਦੋ-ਤਿਹਾਈ ਹਿੱਸਾ ਕਾਰਬੋਹਾਈਡ੍ਰੇਟ ਅਤੇ ਚੌਥਾਈ ਹਿੱਸਾ ਚਿਕਨਾਈ ਹੋਣੀ ਚਾਹੀਦੀ ਹੈ. ਕਾਰਬੋਹਾਈਡ੍ਰੇਟ ਖੁਰਾਕ ਵਜੋਂ ਸਸਤੇ ਅਤੇ ਛੇਤੀ ਸੁਲੱਭ ਹੋਣ ਵਾਲੇ ਹੁੰਦੇ ਹਨ ਜੋ ਗਰੀਬ ਆਦਮੀ ਦੀ ਖੁਰਾਕ ਦਾ ਮੁੱਖ ਸੌਮਾ ਬਣਦੇ ਹਨ.

ਚਿਕਨਾਈ ਰਸਾਇਣਿਕ ਤੌਰ ਤੇ ਹਾਈਡਲਕਾਰਬਨ ਦੀ ਇੱਕ ਲੰਬੀ ਕੜੀ ਹੈ. ਜੋ ਵੱਖ-ਵੱਖ ਕਿਸਮਾਂ ਦੀ ਚਿਕਨਾਈ ਵਿੱਚ ਵੱਖ-ਵੱਖ ਰੂਪ ਵਿੱਚ ਹੁੰਦੀ ਹੈ. ਆਣਵਿਕ (Molecular) ਬਣਤਰ ਦੇ ਅਨੁਸਾਰ ਦੇਸੀ ਅਤੇ ਦਸੌਰੀ ਘਿਓ ਵਿੱਚ ਹਾਈਡ੍ਰੋਜਨ ਵੱਧ ਮਾਤਰਾ ਵਿੱਚ ਹੁੰਦੀ ਹੈ. ਇਸ ਲਈ ਉਸਨੂੰ Hydrogenated Fat ਜਾਂ ਪ੍ਰੀਖੁਰਾਕ (Saturated) ਢੰਗ ਕਹਿੰਦੇ ਹਨ. ਖੁਰਾਕ ਦੇ ਸੌਮੇ ਵਜੋਂ ਦੇਸੀ ਅਤੇ ਦਸੌਰੀ ਘਿਓ ਵਿੱਚ ਕੋਈ ਫਰਕ ਨਹੀਂ. ਕੌਮਾਂਤਰੀ ਤੌਰ ਤੇ ਚਕਿਤਸਕ ਭਾਈਚਾਰੇ ਵਿੱਚ ਵੀ ਫੈਟ ਦੇ ਹੱਕ ਅਤੇ ਵਿਰੋਧ ਵਿੱਚ ਦਲੀਲਾਂ ਦਿੱਤੀਆਂ ਜਾਦੀਆਂ ਹਨ.

ਆਮ ਤੌਰ ਤੇ ਸੰਤੁਲਿਤ ਖੁਰਾਕ ਵਿੱਚ ਤਿੰਨ ਤਰ੍ਹਾਂ ਦੀ ਚਿਕਨਾਈ ਦੀ ਜ਼ਰੂਰਤ ਹੈ: ਇੱਕ ਤਿਹਾਈ ਦੇਸੀ ਜਾਂ ਬਨਸਪਤੀ (Saturated) ਅਤੇ ਇੱਕ ਤਿਹਾਈ ਮੁਕਾਬਲਤਨ ਘੱਟ ਹਾਈਡ੍ਰੋਜਨ ਵਾਲੀ ਚਿਕਨਾਈ (Poly-unsaturated Fat) ਜਿਵੇਂ ਮੂੰਗਫਲੀ, ਸਰੋਂ ਦਾ ਤੇਲ, ਸੂਰਜਮੁਖੀ ਦਾ ਤੇਲ, ਵੜੇਵਿਆਂ ਦਾ ਤੇਲ ਆਦਿ. ਆਦਰਸ਼ਕ ਤੌਰ ਤੇ ਤਿੰਨ ਕਿਸਮ ਦੀਆਂ ਚਿਕਨਾਈਆਂ ਨਾਲੋਂ ਨਾਲ ਖੁਰਾਕ ਦਾ ਹਿੱਸਾ ਬਣਨੀਆਂ ਚਾਹੀਦੀਆਂ ਹਨ.

ਦਫਤਰੀ ਜਾਂ ਹਲਕਾ ਕੰਮ ਕਰਨ ਵਾਲੇ ਅਤੇ ਸਰੀਰਕ ਮੁਸ਼ੱਕਤ ਕਰਨ ਵਾਲੇ ਵਿਅਕਤੀਆਂ ਨੂੰ ਕ੍ਰਮਵਾਰ ਚਿਕਨਾਈ ਦੀ ਵੱਧ ਘੱਟ ਲੋੜ ਹੁੰਦੀ ਹੈ. ਹਲਕਾ ਕੰਮ ਕਰਨ ਵਾਲਿਆਂ ਲਈ ਕਾਰਬੋਹਾਈਡ੍ਰੇਟਸ ਕਾਫੀ ਹਨ, ਪਰ ਮੁਸ਼ੱਕਤ ਕਰਨ ਵਾਲਿਆਂ ਦਾ ਸਿਰਫ ਕਾਰਬੋਹਾਈਡ੍ਰੇਟਸ ਨਾਲ ਨਹੀਂ ਸਰਦਾ. ਪਰ ਸਾਡੇ ਸਮਾਜੀ ਪ੍ਰਬੰਧ ਦਾ ਦੁਖਾਂਤ ਇਹ ਹੈ ਕਿ ਵਿਹਲੜਾਂ ਦੇ ਘਰਾਂ ਵਿੱਚ ਘਿਓ-ਮੱਖਣ ਦੇ ਢੇਰ ਹੁੰਦੇ ਹਨ, ਜਿਨ੍ਹਾਂ ਦੇ ਖਾਧਿਆਂ ਉਹ ਅਮੀਰਾਂ ਵਾਲੀਆਂ ਬਿਮਾਰੀਆਂ ਦੇ

ਸ਼ਿਕਾਰ ਹੋ ਜਾਂਦੇ ਹਨ, ਪਰ ਮੁਸ਼ੱਕਤ ਕਰਨ ਵਾਲਿਆਂ ਨੂੰ ਚਾਹ ਲਈ ਦੁੱਧ ਮਸਾਂ ਹੀ ਮਿਲਦਾ ਹੈ, ਦੇਸੀ ਘਿਓ ਜਾਂ ਬਨਸਪਤੀ ਦੀ ਤਾਂ ਗੱਲ ਹੀ ਛੱਡੋ. ਇਸ ਲਈ ਚਿਕਨਾਈ ਖੁਣੋ ਅਜਿਹੇ ਮਿਹਨਤੀ ਲੋਕ ਪਿਚਕੇ ਹੋਏ ਮੂੰਹ ਵਾਲੇ ਦਿਖਾਈ ਦਿੰਦੇ ਹਨ. ਇਸ ਦੇ ਉਲਟ ਵੱਧ ਮਾਤਰਾ ਵਿੱਚ ਘਿਓ ਨਾਲ ਸਰੀਰਕ ਤੌਰ ਤੇ ਵਿਹਲੇ ਬੰਦਿਆਂ ਦੀਆਂ ਲਹੂ-ਨਾੜੀਆਂ ਵਿੱਚ ਜੰਮ ਜਾਂਦਾ ਹੈ ਅਤੇ ਉਹ ਪਿਲਪਿਲੇ ਦਿਖਾਈ ਦਿੰਦੇ ਹਨ. ਜਿਸ ਨਾਲ ਕਈ ਰੋਗ ਜਿਵੇਂ ਮੋਟਾਪਾ, ਦਿਲ ਦੇ ਰੋਗ, ਬਲੱਡ ਪ੍ਰੈਸ਼ਰ ਆਦਿ ਹੋ ਜਾਂਦੇ ਹਨ. ਸਹੀ ਅਤੇ ਲੋੜੀਂਦੀ ਮਾਤਰਾ ਵਿੱਚ, ਕੰਮ ਦੀ ਕਿਸਮ ਦੇ ਹਿਸਾਬ ਨਾਲ ਹਰ ਵਿਅਕਤੀ ਨੂੰ ਚਿਕਨਾਈ ਦੀ ਲੋੜ ਹੁੰਦੀ ਹੈ.

**ਸਵਾਲ:** ਅਲਰਜੀ ਕੀ ਹੁੰਦੀ ਹੈ ਅਤੇ ਕਿੰਨੇ ਕਿਸਮ ਦੀ ਹੁੰਦੀ ਹੈ ?

**ਜਵਾਬ:** ਇੱਕ ਵਿਸ਼ੇਸ਼ ਕਿਸਮ ਦੇ ਅਲਰਜੀ ਕਰਨ ਵਾਲੇ ਕਾਰਕ ਪ੍ਰਤਿ ਅਤਿ-ਅਧਿਕ ਸੰਵੇਦਨਸ਼ੀਲਤਾ ਦੀ ਸਥਿਤੀ ਨੂੰ ਅਲਰਜੀ ਕਹਿੰਦੇ ਹਨ. ਇਹ ਕੋਈ ਵੀ ਅਜਿਹਾ ਪਦਾਰਥ ਜੋ ਅਸਰ ਹੇਠ ਵਿਅਕਤੀ ਵਿੱਚ ਤੁਰੰਤ ਅਤਿ-ਅਧਿਕ ਪ੍ਰਤਿਕਰਮ ਪੈਦਾ ਕਰਦਾ ਹੋਵੇ, ਤੋਂ ਹੁੰਦੀ ਹੈ. ਅਲਰਜੀ ਹਰ ਵਿਅਕਤੀ ਦੀ ਬਚਾਓ ਪ੍ਰਣਾਲੀ ਦੀ ਸ਼ਕਤੀ ਤੇ ਸਮਰਥਾ ਤੇ ਨਿਰਭਰ ਕਰਦੀ ਹੈ. ਹਰ ਵਿਅਕਤੀ ਉੱਤੇ ਅਲਰਜੀ-ਕਾਰਕ ਅਸਰ-ਅੰਦਾਜ਼ ਨਹੀਂ ਹੁੰਦਾ. ਕਈ ਵਿਅਕਤੀ ਨਿੱਘੇ ਕਮਰੇ ਵਿੱਚੋਂ ਬਾਹਰ ਠੰਡ ਵਿੱਚ ਨਿਕਲਦਿਆਂ ਹੀ ਛਿੱਕਾਂ ਮਾਰਨ ਲੱਗ ਜਾਂਦੇ ਹਨ, ਪ੍ਰੰਤੂ ਕਈਆਂ ਨੂੰ ਕੋਈ ਫਰਕ ਨਹੀਂ ਪੈਂਦਾ. ਅਲਰਜੀ ਦੀਆਂ ਬੇ ਸ਼ੁਮਾਰ ਕਿਸਮਾਂ ਵਿੱਚੋਂ ਕੁੱਝ ਹੇਠ ਲਿਖੀਆਂ ਹਨ:-

**ਜੀਵਾਣੂ ਅਲਰਜੀ :** ਇਹ ਵਿਅਕਤੀਆਂ ਨੂੰ ਸੂਖਮ ਕਿਸਮ ਦੇ ਜੀਵਾਣੂਆਂ ਤੋਂ ਹੋਈ ਅਲਰਜੀ ਹੁੰਦੀ ਹੈ.

**ਠੰਢ ਨਾਲ ਅਲਰਜੀ :** ਠੰਢ ਲੱਗਣ ਨਾਲ ਸਰੀਰ ਦੀਆਂ ਕੋਸ਼ਕਾਵਾਂ ਵਿੱਚੋਂ ਹਿਸਟਾਮਿਨ ਨਾਮੀ ਰਸਾਇਣ ਰਿਸਦਾ ਹੈ ਜੋ ਇਸਦਾ ਕਾਰਨ ਬਣਦਾ ਹੈ.

**ਫੇਫੜਿਆਂ ਦੀ ਅਲਰਜੀ :** ਸਾਹ ਦੇ ਰੋਗ ਇਸ ਕਿਸਮ ਦੇ ਅਧੀਨ ਆਉਂਦੇ ਹਨ.

**ਦਵਾਈ ਤੋਂ ਅਲਰਜੀ :** ਕਿਸੇ ਖਾਸ ਕਿਸਮ ਦੀ ਦਵਾਈ ਨਾਲ ਹੋਣ ਵਾਲੀ ਅਲਰਜੀ, ਜਿਵੇਂ ਪੈਨਸਲੀਨ ਹਰ ਬੰਦੇ ਨੂੰ ਮਾਫਕ ਨਹੀਂ ਹੁੰਦੀ.

**ਖੁਰਾਕ-ਅਲਰਜੀ :** ਸਾਰੀਆਂ ਖਾਣ ਵਾਲੀਆਂ ਚੀਜ਼ਾਂ ਸਾਰਿਆਂ ਨੂੰ ਮਾਫਕ ਨਹੀਂ ਹੁੰਦੀਆਂ, ਜਿਵੇਂ ਕਈਆਂ ਨੂੰ ਆਂਡੇ ਅਤੇ ਕਈਆਂ ਨੂੰ ਅਰਬੀ ਜਿਹੀਆਂ ਸਬਜ਼ੀਆਂ ਅਲਰਜੀ ਕਰਦੀਆਂ ਹਨ ਅਤੇ ਖਾਣ ਉਪਰੰਤ ਉਨ੍ਹਾਂ ਦੇ ਸਰੀਰ ਤੇ ਧੱਫੜ ਹੋ ਜਾਂਦੇ ਹਨ.

**ਪੁਸ਼ਤੈਨੀ-ਅਲਰਜੀ :** ਇਹ ਪੀੜੀ-ਦਰ-ਪੀੜੀ ਚਲਿਆ ਆਉਂਦਾ ਰੋਗ ਹੈ. ਵੱਡ-ਵਡੇਰਿਆਂ ਨੂੰ ਜਿਸ ਵਸਤੂ ਤੋਂ ਅਲਰਜੀ ਹੁੰਦੀ ਹੈ, ਆਉਣ ਵਾਲੀਆਂ ਨਸਲਾਂ ਵਿੱਚ ਇਹ ਤੁਰਦੀ ਰਹਿੰਦੀ ਹੈ.

**ਲੁਕਵੀਂ ਅਲਰਜੀ :** ਇਹ ਅਲਰਜੀ ਇੱਕ-ਦਮ ਨਹੀਂ ਹੁੰਦੀ ਅਤੇ ਅਲਰਜੀ-ਕਾਰਕ ਦਾ ਪ੍ਰਭਾਵ ਪਛੜਕੇ ਹੁੰਦਾ ਹੈ.

**ਪਰਾਗਣ-ਅਲਰਜੀ :** ਫੁੱਲਾਂ ਵਿਚਲੇ ਪਰਾਗਣ ਹਵਾ ਵਿੱਚ ਉਡਦੇ ਫਿਰਦੇ ਹਨ. ਸਾਹ ਦੇ ਰੋਗਾਂ ਵਿੱਚ ਇਸਦਾ ਵੱਡਾ ਰੋਲ ਹੈ.

**ਧੂੜ-ਅਲਰਜੀ :** ਧੂੜ ਨਾਲ ਅਕਸਰ ਲੋਕਾਂ ਨੂੰ ਅਲਰਜੀ ਹੋ ਜਾਂਦੀ ਹੈ. ਕਈ ਵਾਰ ਪੁਰਾਣੀਆਂ ਕਿਤਾਬਾਂ ਨੂੰ ਖੋਲਦਿਆਂ ਅਤੇ ਪੜ੍ਹਦਿਆਂ ਇਨ੍ਹਾਂ ਵਿੱਚੋਂ ਨਿਕਲਦੀ ਬਰੀਕ ਧੂੜ ਬੜੀ ਖਤਰਨਾਕ ਹੁੰਦੀ ਹੈ.

ਇਨ੍ਹਾਂ ਦੀ ਸੂਚੀ ਹੋਰ ਵੀ ਲੰਬੀ ਹੋ ਸਕਦੀ ਹੈ. ਕਿਸੇ ਬੰਦੇ ਨੂੰ ਕਿਸ ਚੀਜ਼ ਤੋਂ ਅਲਰਜੀ ਹੁੰਦੀ ਹੈ, ਉਹ ਬੰਦਾ ਖੁਦ ਚੌਕਸੀ ਨਾਲ ਪਤਾ ਲਾ ਸਕਦਾ ਹੈ. ਇਸਦੇ ਮੈਡੀਕਲ ਟੈਸਟ ਵੀ ਹੋ ਸਕਦੇ ਹਨ ਪਰ ਉਹ ਲੰਮੇ ਅਤੇ ਗੁੰਝਲਦਾਰ ਹੁੰਦੇ ਹਨ. ਇੱਕੋ-ਇਕ ਅਲਰਜੀ ਅਜਿਹੀ ਹੈ ਜਿਸਤੋਂ ਸੌਖਿਆ ਬਚਿਆ ਜਾ ਸਕਦਾ ਹੈ ਅਤੇ ਖੁਸ਼ ਰਿਹਾ ਜਾ ਸਕਦਾ ਹੈ, ਉਹ ਹੈ ਦੂਸਰਿਆਂ ਕੁਝ ਵਿਸ਼ੇਸ਼ ਬੰਦਿਆਂ ਤੋਂ ਅਲਰਜੀ ਜਿਨ੍ਹਾਂ ਤੋਂ ਕਿਨਾਰਾ ਕਰਕੇ ਸਹਿਜੇ ਬਚਿਆ ਜਾ ਸਕਦਾ ਹੈ.

**ਸਵਾਲ:** ਕੀ ਛੇਵੀਂ ਗਿਆਨ ਇੰਦਰੀ ਵੀ ਹੁੰਦੀ ਹੈ ? ਜੇ ਹੁੰਦੀ ਹੈ ਤਾਂ ਇਸ ਬਾਰੇ ਦੱਸਿਆ ਜਾਵੇ ?

**ਜਵਾਬ:** ਸਵੇਰ ਤੋਂ ਲੈ ਕੇ ਰਾਤ ਤੱਕ ਸਾਡੇ ਦਿਮਾਗ ਤੱਕ ਅਨੇਕਾਂ ਸੰਚਾਰ-ਪ੍ਰਣਾਲੀਆਂ ਰਾਹੀਂ ਸੂਚਨਾ ਪਹੁੰਚਦੀ ਰਹਿੰਦੀ ਹੈ. ਧੁਨੀ ਸਬੰਧੀ ਰਗ ਲਗਭਗ 30000 ਰੇਸ਼ਿਆਂ ਦੀ ਬਣੀ ਹੁੰਦੀ ਹੈ. ਇਸੇ ਤਰ੍ਹਾਂ ਦ੍ਰਿਸ਼ਟੀ ਸਬੰਧੀ ਰਗ 900000 ਰੇਸ਼ਿਆਂ ਦੀ ਬਣੀ ਹੁੰਦੀ ਹੈ. ਇਕੱਲੀ ਸੁਣਨ ਵਾਲੀ ਇੰਦਰੀ ਇੱਕ ਸਕਿੰਟ ਵਿੱਚ ਹਜ਼ਾਰਾਂ ਸੁਨੇਹੇ ਲਿਆਉਂਦੀ ਰਹਿੰਦੀ ਹੈ. ਇੰਨੇ ਸੁਨੇਹਿਆਂ ਵਿੱਚੋਂ ਦਿਮਾਗ ਕੰਮ ਦੀ ਸੂਚਨਾ ਦੀ ਚੋਣ ਕਰਦਾ ਰਹਿੰਦਾ ਹੈ. ਕਿਉਂਕਿ ਮਨੁੱਖੀ ਦਿਮਾਗ ਇੱਕ ਸਕਿੰਟ ਵਿੱਚ ਪੰਜਾਹ ਤੋਂ ਵੱਧ ਸੁਨੇਹੇ ਗ੍ਰਹਿਣ ਕਰਨ ਦੀ ਸਮਰਥਾ ਨਹੀਂ ਰੱਖਦਾ, ਸਵੇਰੇ ਉਠਦੇ ਸਾਰ ਸਾਡਾ ਦਿਮਾਗ ਇਨ੍ਹਾਂ ਸਾਰੀਆਂ ਪ੍ਰਣਾਲੀਆਂ ਨੂੰ ਇਕਸੁਰ ਕਰਨ ਵਿੱਚ ਲੱਗ ਜਾਂਦਾ ਹੈ. ਕਿਉਂਕਿ ਹਰ ਪ੍ਰਣਾਲੀ ਦਾ ਸੁਨੇਹਾ ਲਿਆਉਣ ਦਾ ਆਪਣਾ ਵਿਸ਼ੇਸ਼ ਅੰਦਾਜ਼ ਹੁੰਦਾ ਹੈ. ਸਵਾਲ ਪੈਦਾ ਹੁੰਦਾ ਹੈ ਕਿ ਜਾਨਦਾਰ ਪ੍ਰਾਣੀ ਅਜਿਹੀਆਂ ਕਿੰਨੀਆਂ ਕੁ ਪ੍ਰਣਾਲੀਆਂ ਰੱਖਦੇ ਹਨ ਜਾਂ ਕਿੰਨੇ ਤਰੀਕਿਆਂ ਨਾਲ ਸੂਚਨਾਵਾਂ ਇਕੱਤਰ ਕਰਦੇ ਹਨ. ਸੂਚਨਾਵਾਂ ਇੱਕਤਰ ਕਰਨ ਵਾਲੀਆਂ ਇਨ੍ਹਾਂ ਪ੍ਰਣਾਲੀਆਂ ਨੂੰ ਅਸੀਂ ਗਿਆਨ ਇੰਦਰੀਆਂ ਕਹਿੰਦੇ ਹਾਂ. ਵਿਗਿਆਨੀਆਂ ਨੇ ਇਸ ਤਰ੍ਹਾਂ ਦੀਆਂ ਛੇ ਪ੍ਰਮੁੱਖ ਗਿਆਨ ਇੰਦਰੀਆਂ ਦੀ ਨਿਸ਼ਾਨਦੇਹੀ ਕੀਤੀ ਹੈ. ਇਨ੍ਹਾਂ ਵਿੱਚੋਂ ਪੰਜਾਂ ਬਾਰੇ ਅਸੀਂ ਸਾਰੇ ਜਾਣੂ ਹਾਂ, ਜਿਵੇਂ ਦੇਖਣਾ, ਸੁਣਨਾ, ਚੱਖਣਾ, ਸੁੰਘਣਾ ਅਤੇ ਛੂਹਣਾ. ਪ੍ਰੰਤੂ ਇੱਕ ਛੇਵੀਂ ਗਿਆਨ ਇੰਦਰੀ ਵੀ ਹੈ ਜਿਸਨੂੰ 'ਸਮਤੋਲ' ਵਜੋਂ ਜਾਣਿਆ ਜਾਂਦਾ ਹੈ. ਇਸ ਤੋਂ ਇਲਾਵਾ ਗੌਣ ਦਰਜੇ ਦੀਆਂ ਅਨੇਕਾਂ ਗਿਆਨ ਇੰਦਰੀਆਂ ਹਨ. ਮਿਸਾਲ ਵਜੋਂ ਇਕੱਲੀ ਛੋਹਣ ਸ਼ਕਤੀ ਵਿੱਚ ਹੀ ਬਹੁਤ ਘੱਟ ਛੋਹ ਮਹਿਸੂਸ ਕਰਨ, ਜਿਆਦਾ ਵੱਡੇ ਧੱਕੇ ਨੂੰ ਮਹਿਸੂਸ ਕਰਨ ਅਤੇ ਦਰਦ ਨੂੰ ਮਹਿਸੂਸ ਕਰਨ ਵਾਲੇ ਅਲੱਗ ਅਲੱਗ ਗ੍ਰਹਿਣ ਕਰਨ ਵਾਲੇ ਰੀਸੈਪਟਰ ਹਨ. ਇਸ ਤਰ੍ਹਾਂ ਜਿਸਮ ਦੇ ਅੰਦਰ ਮਿਹਦੇ ਵਿੱਚ ਆਉਣ ਵਾਲੀ ਖੁਰਾਕ ਦਾ ਮਿਆਰ, ਲਹੂ ਦਾ ਦਬਾਅ ਅਤੇ ਖੂਨ ਵਿੱਚ ਰਲੀ ਕਾਰਬਨ-ਡਾਈਆਕਸਾਈਡ ਦੀ ਮਾਤਰਾ ਨੂੰ ਮਹਿਸੂਸ ਕਰਨ ਵਾਲੀਆਂ ਅਲੱਗ ਅਲੱਗ ਗਿਆਨ ਇੰਦਰੀਆਂ ਲਗਾਤਾਰ ਕੰਮ ਕਰਦੀਆਂ ਰਹਿੰਦੀਆਂ ਹਨ. ਇਨ੍ਹਾਂ ਦੀ ਹੋਂਦ ਤੋਂ ਅਸੀਂ ਚੇਤੰਨ ਨਹੀਂ ਹੁੰਦੇ. ਇਨ੍ਹਾਂ ਗਿਆਨ ਇੰਦਰੀਆਂ ਰਾਹੀਂ ਸੂਚਨਾ ਦਿਮਾਗ ਤੱਕ ਲਗਾਤਾਰ ਜਾਂਦੀ ਰਹਿੰਦੀ ਹੈ ਜੋ ਸਾਡੀ ਚੇਤਨਾ ਦਾ ਹਿੱਸਾ ਨਹੀਂ ਬਣਦੀ. ਇੱਥੇ ਛੇਵੀਂ ਗਿਆਨ ਇੰਦਰੀ ਯਾਨੀ 'ਸਮਤੋਲ' ਬਾਰੇ ਗੱਲ ਕੀਤੀ ਜਾਵੇਗੀ.

ਛੇ ਗਿਆਨ ਇੰਦਰੀਆਂ ਵਿੱਚੋਂ ਤਿੰਨ ਪ੍ਰਮੁੱਖ ਗਿਆਨ ਇੰਦਰੀਆਂ ਅਜਿਹੀਆਂ ਹਨ ਜਿਹੜੀਆਂ ਮਨੁੱਖ ਦੇ ਜਿਉਂਦਾ ਰਹਿਣ ਲਈ ਅਹਿਮ ਹਨ. ਜਿੰਨ੍ਹਾਂ ਵਿੱਚ ਦੇਖਣਾ, ਸੁਣਨਾ ਅਤੇ 'ਸਮਤੋਲ' ਹਨ. 'ਸਮਤੋਲ' ਦੀ ਗਿਆਨ ਇੰਦਰੀ ਕੰਨ ਦੇ ਅੰਦਰਲੇ ਭਾਗ ਵਿੱਚ ਕੇਂਦਰਤ ਹੁੰਦੀ ਹੈ. ਇਹ ਇੰਨੀ ਮਹੱਤਵਪੂਰਨ ਹੈ ਕਿ ਇਹ ਸਾਰੇ ਬਹੁ-ਸੈਲੀ ਪ੍ਰਣਾਲੀਆਂ ਵਿੱਚ ਮੌਜੂਦ ਹੁੰਦੀ ਹੈ.

ਤਿੰਨੇ ਪ੍ਰਮੁੱਖ ਗਿਆਨ ਇੰਦਰੀਆਂ ਵਿੱਚ ਜੋ ਦਿਲਚਸਪ ਹੈ, ਉਹ ਇਹ ਹੈ ਕਿ ਵਿਕਾਸ ਦੇ ਸਿਲਸਿਲੇ ਵਿੱਚੋ ਨਜ਼ਰ ਅਤੇ 'ਸਮਤੋਲ' ਸਭ ਤੋਂ ਪਹਿਲਾਂ ਹੋਂਦ ਵਿੱਚ ਆਏ. ਇਹ ਧਰਤੀ ਦੀਆਂ ਮੁੱਢ-ਕਦੀਮ ਤੋਂ ਮੌਜੂਦ ਸ਼ਕਤੀਆਂ-ਰੌਸ਼ਨੀ ਅਤੇ ਗਰੂਤਾ ਖਿੱਚ ਦੇ ਪ੍ਰਭਾਵ ਵਜੋਂ ਵਿਕਸਤ ਹੋਏ. ਆਵਾਜ਼ ਵੀ ਉਸ ਤੋਂ ਬਾਅਦ ਵਿੱਚ ਅਸਰ-ਅੰਦਾਜ਼ ਹੋਈ. ਇਸੇ ਲਈ ਕੰਨ ਦਾ ਮੁਢਲਾ ਕੰਮ 'ਸਮਤੋਲ' ਬਣਾਈ ਰੱਖਣਾ ਹੁੰਦਾ ਹੈ ਅਤੇ ਸੁਣਨ ਦਾ ਕਾਰਜ ਬਾਅਦ ਵਿੱਚ ਆਉਂਦਾ ਹੈ. ਕੰਨ ਅੰਦਰ ਇੱਕ ਤਰਲ ਪਦਾਰਥ ਹੁੰਦਾ ਹੈ ਜਿਹੜਾ ਕਿ ਸਮਤੌਲ ਬਣਾਈ ਰੱਖਣ ਲਈ ਮਦਦਗਾਰ ਹੁੰਦਾ ਹੈ. ਜੇ ਇਸ ਵਿੱਚ ਕੋਈ ਵਿਗਾੜ ਆ ਜਾਵੇ ਤਾਂ ਚੱਕਰ ਆਉਣੇ ਅਤੇ ਜਿਸਮ ਦੇ ਲੜਖੜਾਉਣ ਦੀਆਂ ਅਲਾਮਤਾਂ ਸ਼ੁਰੂ ਹੋ ਜਾਂਦੀਆਂ ਹਨ. ਇਸ ਤਰ੍ਹਾਂ ਦੀਆਂ ਅਲਾਮਤਾਂ ਬਾਰੇ ਡਾਕਟਰ ਦੀ ਸਲਾਹ ਵੀ ਲੈ ਲਈ ਜਾਣੀ ਚਾਹੀਦੀ ਹੈ. ਸਮਤੋਲ ਸ਼ਕਤੀ ਦੀ ਗਿਆਨ ਇੰਦਰੀ ਵਿਚਲੇ ਵਿਗਾੜ ਦੀਆ ਅਲਾਮਤਾ ਕੰਨਾਂ ਵਿੱਚ ਟੀਂ ਟੀਂ ਦੀ ਆਵਾਜ਼ ਅਤੇ ਤੁਰਨ ਵੇਲੇ ਤੌਰ ਨੂੰ ਸਿੱਧੀ ਨਾ ਰੱਖ ਸਕਣਾ ਹੁੰਦੀਆਂ ਹਨ. ਛੇਵੀਂ ਗਿਆਨ ਇੰਦਰੀ ਜਿੰਨੀ ਮਹੱਤਵਪੂਰਨ ਹੈ ਉਨੀ ਹੀ ਇਸਦੀ ਮਹੱਤਤਾ ਬਾਰੇ ਘੱਟ ਜਾਣਕਾਰੀ ਹੈ.
(ਹਵਾਲਾ: ਫਿਜ਼ਿਆਲੋਜੀ ਫਾਰ ਐਵਰੀਵਨ, ਲੇਖਕ ਬੋਰਸ ਲਰਗੀਵ, ਮੀਰ ਪਬਲੀਕੇਸ਼ਨ, ਮਾਸਕੋ)

**ਸਵਾਲ:** ਹੰਝੂਆਂ ਅਤੇ ਮੁੜ੍ਹਕੇ ਦਾ ਸਵਾਦ ਸਲੂਣਾ ਕਿਉਂ ਹੁੰਦਾ ਹੈ ?

**ਜਵਾਬ:** ਮੁੜ੍ਹਕੇ ਅਤੇ ਹੰਝੂਆਂ ਵਿੱਚ ਸੋਡੀਅਮ ਕਲੋਰਾਈਡ ਭਾਵ ਲੂਣ ਹੁੰਦਾ ਹੈ. ਜਿਸ ਦੇ ਕਾਰਨ ਉਨ੍ਹਾਂ ਦਾ ਸਵਾਦ ਲੂਣਾ ਹੁੰਦਾ ਹੈ. ਹੰਝੂਆਂ ਅਤੇ ਪਸੀਨੇ ਵਿੱਚ ਹੋਰ ਖਣਿਜ ਪਦਾਰਥ ਵੀ ਹੁੰਦੇ ਹਨ. ਜਦੋਂ ਲੂਣ ਦੀ ਮਾਤਰਾ ਸਰੀਰ ਦੇ ਲਈ ਲੋੜੀਂਦੀ ਮਾਤਰਾ ਤੋਂ ਵੱਧ ਹੁੰਦੀ ਹੈ ਤਾਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ. ਬੇਸ਼ੱਕ ਮੁੱਖ ਰੂਪ ਵਿੱਚ ਤਾਂ ਇਹ ਕੰਮ ਮਨੁੱਖ ਦੇ ਗੁਰਦੇ ਹੀ ਕਰਦੇ ਹਨ ਪਰ ਵਾਧੂ ਲੂਣਾਂ ਦੀ ਕੁੱਝ ਮਾਤਰਾ ਪਸੀਨੇ ਰਾਹੀਂ ਵੀ ਬਾਹਰ ਨਿਕਲ ਜਾਂਦੀ ਹੈ ਅਤੇ ਇਸ ਤਰ੍ਹਾਂ ਹੀ ਕੁੱਝ ਮਾਤਰਾ ਹੰਝੂਆਂ ਰਾਹੀਂ ਬਾਹਰ ਵਹਿ ਤੁਰਦੀ ਹੈ, ਇਸੇ ਲਈ ਹੰਝੂਆਂ ਅਤੇ ਪਸੀਨੇ ਦਾ ਸੁਆਦ ਸਲੂਣਾ ਹੁੰਦਾ ਹੈ.

**ਸਵਾਲ:** ਅਸੀਂ ਆਮ ਸੁਣਦੇ ਹਾਂ ਕਿਸੇ ਕੱਟੇ ਹੋਏ ਥਾਂ ਜ਼ਖਮ ਆਦਿ ਤੇ ਪਿਸ਼ਾਬ ਲਾਉਣ ਨਾਲ ਜ਼ਖਮ ਪਕਦਾ ਨਹੀਂ. ਕੀ ਇਹ ਗੱਲ ਵਿਗਿਆਨਕ ਤੌਰ ਤੇ ਠੀਕ ਹੈ ?

**ਜਵਾਬ:** ਡਾਕਟਰੀ ਕਿੱਤੇ ਨਾਲ ਸਬੰਧਿਤ ਵਿਅਕਤੀਆਂ ਤੋਂ ਹੁਣ ਤੱਕ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿਸ਼ਾਬ ਵਿੱਚ ਕੋਈ ਜਰਮ-ਨਾਸ਼ਕ (Antiseptic) ਪਦਾਰਥ ਤਾਂ ਨਹੀਂ ਹਨ. ਪਰ ਇਸਨੂੰ ਮੌਕੇ ਤੇ ਜ਼ਖਮ ਧੋਣ ਲਈ ਸ਼ੁੱਧ ਕੀਤੇ ਹੋਏ ਪਾਣੀ (Distilled Water) ਦੀ ਜਗ੍ਹਾ ਤੇ ਵਰਤਿਆ ਜਾ ਸਕਦਾ ਹੈ ਕਿਉਂਕਿ ਤੰਦਰੁਸਤ ਆਦਮੀ ਦੇ ਪਿਸ਼ਾਬ ਵਿੱਚ ਕੋਈ ਹਾਨੀਕਾਰਕ ਰੋਗਾਣੂ ਨਹੀਂ ਹੁੰਦੇ. ਉਂਝ ਕਿਸੇ ਹੱਦ ਤੀਕ ਇਸਦਾ ਸੁਭਾਅ ਤੇਜ਼ਾਬੀ ਹੋਣ ਕਰਕੇ ਵੀ ਇਹ ਜਰਾਸੀਮਾਂ ਲਈ ਰੋਕ ਬਣ ਸਕਦਾ ਹੈ. ਪਰ ਜ਼ਖਮ ਦੇ ਪੱਕਣ ਤੋਂ ਬਚਾਅ ਲਈ ਕੇਵਲ ਪਿਸ਼ਾਬ ਤੇ ਨਿਰਭਰ ਨਹੀਂ ਰਹਿਣਾ ਚਾਹੀਦਾ.

**ਸਵਾਲ:** ਆਪਾਂ ਪਦਾਰਥਵਾਦ ਨੂੰ ਮੰਨਦੇ ਹਾਂ. ਦਿਮਾਗ ਹੀ ਸਰੀਰ ਦੀਆਂ ਸਾਰੀਆਂ ਕ੍ਰਿਆਵਾਂ ਤੇ ਕੰਟਰੋਲ ਰੱਖਦਾ ਤੇ ਚਲਾਉਂਦਾ ਹੈ. ਅਸੀਂ ਹਰ ਉਸ ਚੀਜ਼ ਦੀ ਹੋਂਦ ਨੂੰ ਮੰਨਦੇ ਹਾਂ ਜਿਸ ਨੂੰ ਅਸੀਂ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕਰਦੇ ਹਾਂ. ਮਨੁੱਖ ਦੇ ਪੋਸਟ-ਮਾਰਟਮ ਵਿੱਚ ਕਦੇ ਮਨ ਨਾਂ ਦੀ ਸ਼ੈਅ ਨਹੀਂ ਮਿਲੀ. ਫਿਰ ਸਾਡੇ ਵੱਲੋਂ ਅਚੇਤ ਮਨ ਅਤੇ ਸੁਚੇਤ ਮਨ ਵਾਲੀ ਕੀਤੀ ਗਈ ਵੰਡ ਕੀ ਮਨ ਦੀ ਹੋਂਦ ਨੂੰ ਜਾਇਜ ਨਹੀਂ ਠਹਿਰਾਉਂਦੀ ?

**ਜਵਾਬ**: ਇਹ ਠੀਕ ਹੈ ਕਿ ਦਿਮਾਗ ਹੀ ਸਰੀਰ ਦੀਆਂ ਸਾਰੀਆਂ ਕ੍ਰਿਆਵਾਂ ਤੇ ਕੰਟਰੋਲ ਰੱਖਦਾ ਤੇ ਚਲਾਉਂਦਾ ਹੈ. ਮਨੁੱਖ ਦੇ ਪੋਸਟ-ਮਾਰਟਮ ਵਿੱਚ ਕਦੇ ਮਨ ਨਾਂ ਦੀ ਸ਼ੈਅ ਨਹੀਂ ਮਿਲੀ ਪਰ ਇਸਤੋਂ ਅੱਗੇ ਤੁਹਾਡੇ ਮਨ ਵਿੱਚ (ਦਿਮਾਗ ਵਿੱਚ ਜਾਂ ਵਿਚਾਰਾਂ ਵਿੱਚ) ਇਹ ਸ਼ੰਕਾ ਖੜਾ ਹੋ ਗਿਆ ਕਿ ਫਿਰ ਮਨ ਦੀ ਹੋਂਦ ਨੂੰ ਅਸੀਂ ਕਿਸ ਤਰ੍ਹਾਂ ਮੰਨ ਸਕਦੇ ਹਾਂ? ਅਸਲ ਵਿੱਚ ਇਹ ਸ਼ੰਕਾ ਦਿਮਾਗ ਅਤੇ ਮਨ ਸ਼ਬਦਾਂ ਦੇ ਸੰਕਲਪ ਦੇ ਅਰਥਾਂ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਾ ਹੋਣ ਕਰਕੇ ਹੀ ਖੜਾ ਹੋਇਆ ਹੈ.

ਅੰਗਰੇਜ਼ੀ ਵਿੱਚ ਦਿਮਾਗ ਅਤੇ ਮਨ ਲਈ ਕ੍ਰਮਵਾਰ Brain and Mind ਦੋ ਸ਼ਬਦ ਹਨ. ਡਿਕਸ਼ਨਰੀ ਵਿੱਚ ਇਨ੍ਹਾਂ ਦੇ ਅਰਥ ਵੇਖਣ ਨਾਲ ਵੀ ਵਧੇਰੇ ਸਪਸ਼ਟਤਾ ਆ ਜਾਂਦੀ ਹੈ. ਸਾਡੀ ਸਮਝ ਅਨੁਸਾਰ ਸਰੀਰ ਦੇ ਸੋਚਣ-ਵਿਚਾਰਣ ਵਾਲੇ ਅੰਗ ਨੂੰ ਦਿਮਾਗ ਆਖਿਆ ਜਾਂਦਾ ਹੈ ਜਦ ਕਿ ਇਸ ਸੋਚਣ-ਵਿਚਾਰਣ ਦੀ ਪ੍ਰਕਿਰਿਆ ਨੂੰ ਮਨ ਕਿਹਾ ਜਾਂਦਾ ਹੈ. ਦਿਮਾਗ, ਸਰੀਰ-ਵਿਗਿਆਨ ਦੇ ਖੇਤਰ ਵਿੱਚ ਆਉਂਦਾ ਇੱਕ ਅੰਗ ਹੈ ਜਦ ਕਿ ਮਨ, ਮਨੋ-ਵਿਗਿਆਨ ਦੇ ਖੇਤਰ ਵਿੱਚ ਆਉਂਦਾ ਦਿਮਾਗ ਦਾ ਇੱਕ ਗੁਣ ਹੈ.  ਦਿਮਾਗ ਅਤੇ ਮਨ ਦੇ ਅਰਥਾਂ ਨੂੰ ਕੁਝ ਹੋਰ ਵਧੇਰੇ ਸਪਸ਼ਟ ਇਸ ਤਰ੍ਹਾਂ ਵੀ ਕੀਤਾ ਜਾ ਸਕਦਾ ਹੈ ਕਿ ਮੌਤ ਹੋ ਜਾਣ ਤੇ ਵਿਅਕਤੀ ਦਾ ਮਨ ਤਾਂ ਖਤਮ ਹੋ ਜਾਂਦਾ ਹੈ ਪਰ ਦਿਮਾਗ ਵਸਤੂ ਹਾਲਤ ਵਿੱਚ ਮੌਜੂਦ ਰਹਿੰਦਾ ਹੈ ਯਾਨੀ ਇਹ ਦੋਨੋਂ ਵੱਖੋ-ਵੱਖਰੇ ਅਰਥਾਂ ਦੇ ਧਾਰਨੀ ਹਨ.

ਪੰਜਾਬੀ ਵਿੱਚ ਅਸੀਂ ਮਨ ਨੂੰ ਕਦੇ ਦਿਮਾਗ ਦੇ ਤੇ ਕਦੇ ਚੇਤਨਤਾ ਦੇ ਸਮਾਨ-ਅਰਥੀ ਰੂਪ ਵਿੱਚ ਵਰਤ ਲੈਂਦੇ ਹਾਂ.  ਇਸੇ ਕਰਕੇ ਹੀ ਇਹ ਝਮੇਲਾ ਖੜਾ ਹੁੰਦਾ ਹੈ.  ਦੂਸਰਾ ਪਦਾਰਥਵਾਦੀ ਸੋਚ ਦੇ ਅਨੁਸਾਰ ਜਿੱਥੇ ਅਸੀਂ ਪਦਾਰਥ ਦੀ ਹੋਂਦ ਨੂੰ ਮੂਲ ਮੰਨਦੇ ਹਾਂ ਉੱਥੇ ਪਦਾਰਥ ਵੱਲੋਂ ਜੋ ਗੁਣ ਪ੍ਰਗਟਾਏ ਜਾਂਦੇ ਹਨ ਉਨ੍ਹਾਂ ਦੀ ਹੋਂਦ ਨੂੰ ਵੀ ਰੱਦ ਨਹੀਂ ਕਰਦੇ ਅਤੇ ਚੇਤਨਤਾ ਪਦਾਰਥ ਦਾ ਹੀ ਇੱਕ ਗੁਣ ਹੈ. ਸੋ ਅਸੀਂ ਜਦ ਮਨ ਨੂੰ ਚੇਤਨਤਾ ਦੇ ਸਮਾਨਅਰਥੀ ਰੂਪ ਵਿੱਚ ਵਰਤਦੇ ਹਾਂ ਤਾਂ ਇਸਨੂੰ ਪਦਾਰਥ (ਦਿਮਾਗ) ਦੇ ਇੱਕ ਗੁਣ ਵਜੋਂ ਲਵਾਂਗੇ ਅਤੇ ਜਦ ਮਨ ਨੂੰ ਦਿਮਾਗ ਦੇ ਸਮਾਨ-ਅਰਥੀ ਰੂਪ ਵਿੱਚ ਵਰਤਦੇ ਹਾਂ ਇਸਦਾ ਪਦਾਰਥਕ ਰੂਪ ਹੀ ਹੈ.

ਇਸਦੇ ਨਾਲ ਹੀ ਸੁਆਲ ਹੈ ਕਿ ਗਿਆਨ ਇੰਦਰੀਆਂ ਮਹਿਸੂਸ ਕਰਨ ਦਾ. ਇਹ ਗੱਲ ਵੀ ਪੂਰੀ ਤਰ੍ਹਾਂ ਠੀਕ ਹੈ ਕਿ ਅਸੀਂ ਕੇਵਲ ਉਸ ਚੀਜ਼ ਦੀ ਹੋਂਦ ਨੂੰ ਮੰਨਦੇ ਹਾਂ ਜੋ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕੀਤੀ ਜਾ ਸਕਦੀ ਹੋਵੇ. ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਪਦਾਰਥ ਦੇ ਨਿੱਕੇ ਤੋਂ ਨਿੱਕੇ ਕਣ ਪ੍ਰਮਾਣੂ ਹੁੰਦੇ ਹਨ ਅਤੇ ਇਹ ਪ੍ਰਮਾਣੂ ਅੱਗੋਂ ਹੋਰ ਸੂਖਮ ਕਣਾਂ ਜਿਵੇਂ ਪਰੋਟਾਨ, ਨਿਉਟ੍ਰਾਨ, ਇਲੈਕਟ੍ਰਾਨ ਆਦਿ ਤੋਂ ਬਣਿਆ ਹੁੰਦਾ ਹੈ. ਇਹਨਾਂ ਵਿੱਚੋਂ ਕਿਸੇ ਨੂੰ ਵੀ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਅਨੁਭਵ ਨਹੀਂ ਕੀਤਾ ਜਾ ਸਕਦਾ. ਇੱਥੋਂ ਤੱਕ ਕਿ ਅਤਿ-ਸ਼ਕਤੀਸ਼ਾਲੀ ਖੁਰਦਬੀਨ ਹੇਠਾਂ ਵੀ ਇਨਾਂ ਨੂੰ ਦੇਖਿਆ ਨਹੀਂ ਜਾ ਸਕਦਾ ਤਾਂ ਕਿ ਅਸੀਂ ਇਹਨਾਂ ਦੀ ਹੋਂਦ ਤੋਂ ਮੁਨਕਰ ਹੋ ਸਕਦੇ ਹਾਂ ? ਨਹੀਂ. ਅਸਲ ਵਿੱਚ ਅੱਜ ਸਾਡਾ ਪਦਾਰਥ ਸੰਬੰਧੀ ਗਿਆਨ ਕੇਵਲ ਸਾਡੀਆਂ ਗਿਆਨ ਇੰਦਰੀਆਂ ਦੁਆਰਾ ਸਿੱਧੇ ਤੌਰ ਤੇ ਪ੍ਰਾਪਤ ਗਿਆਨ ਇੰਦਰੀਆਂ ਤੱਕ ਹੀ ਸੀਮਿਤ ਨਹੀਂ ਹੈ. ਅੱਜ ਅਸੀਂ ਗਿਆਨ ਇੰਦਰੀਆਂ ਦੁਆਰਾ ਸਿੱਧੇ ਤੌਰ ਤੇ ਪ੍ਰਾਪਤ ਕੀਤੇ ਗਿਆਨ ਨੂੰ ਇਹਨਾਂ ਗਿਆਨ ਇੰਦਰੀਆਂ ਦੁਆਰਾ ਦੂਜੇ ਦਰਜੇ ਦੇ ਸੋਮਿਆਂ ਤੋਂ ਪ੍ਰਾਪਤ ਗਿਆਨ ਨਾਲ ਜੋੜਕੇ ਆਪਣੇ ਸਿੱਟੇ ਕੱਢਦੇ ਹਾਂ. ਪ੍ਰਮਾਣੂ ਦੀ ਬਣਤਰ ਬਾਰੇ ਜਾਣਕਾਰੀ ਵੀ ਇਸੇ ਤਰਾਂ ਅਸਿੱਧੇ ਢੰਗ ਨਾਲ ਪ੍ਰਾਪਤ ਕੀਤੇ ਗਿਆਨ ਤੇ ਅਧਾਰਤ ਹੀ ਹੈ.

ਇਸ ਤੋਂ ਅੱਗੇ ਮਸਲਾ ਹੈ ਮਨ ਨੂੰ ਸੁਚੇਤ, ਅਰਧ-ਚੇਤਨ ਅਤੇ ਅਚੇਤ ਭਾਗਾਂ ਵਿੱਚ ਵੰਡਣ ਦਾ. ਇਹ ਵੰਡ ਮਨੋ-ਵਿਗਿਆਨੀਆਂ ਵੱਲੋਂ ਕੀਤੀ ਗਈ ਹੈ. ਜੋ ਗੱਲਾਂ ਸਾਡੇ ਹਰ ਵਕਤ ਦਿਮਾਗ ਵਿੱਚ ਨਹੀਂ ਰਹਿੰਦੀਆਂ ਸਗੋਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਕੇ ਹੀ ਧਿਆਨ ਵਿੱਚ ਆਉਂਦੀਆਂ ਹਨ, ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਇਹ ਗੱਲਾਂ ਅਰਧ-ਚੇਤਨ (Sub-Conscious) ਵਿੱਚ ਮੌਜੂਦ ਹਨ. ਉਦਾਹਰਣ ਵਜੋਂ ਜਦ ਕਿਸੇ ਨੂੰ ਇਹ ਪੁੱਛਿਆ ਜਾਵੇ ਕਿ ਦੂਸਰੀ ਜਮਾਤ ਵਿੱਚ ਉਸ ਨਾਲ ਕੌਣ ਕੌਣ ਪੜ੍ਹਦੇ ਸਨ ਤਾਂ 5-7 ਨਾਵਾਂ ਨੂੰ ਛੱਡ ਕੇ ਉਹ ਸਾਰਿਆਂ ਦੇ ਨਾਮ ਨਹੀਂ ਗਿਣ ਸਕੇਗਾ, ਪਰ ਜਦ ਉਸ ਸਮੇਂ ਦੀ ਫੋਟੋ ਲਿਆਂਦੀ ਜਾਵੇ ਜਾਂ ਉਹ ਵਿਅਕਤੀ ਖੁਦ ਸਾਹਮਣੇ ਆ ਜਾਣ ਤਾਂ ਉਹ ਕਹਿ ਉਠੇਗਾ ਕਿ ਇਹ ਉਸਦਾ ਜਮਾਤੀ ਸੀ. ਸੋ ਇਹਨਾਂ ਯਾਦਾਂ ਨੂੰ ਅਰਧ-ਚੇਤਨ ਮਨ ਦਾ ਭਾਗ ਮੰਨਦੇ ਹਾਂ. ਜੋ ਯਾਦਾਂ ਬਿਲਕੁਲ ਭੁੱਲ ਜਾਂਦੇ ਹਾਂ ਉਹਨਾਂ ਨੂੰ ਅਚੇਤ ਮਨ ਵਿੱਚ ਚਲੀਆਂ ਗਈਆਂ ਕਿਹਾ ਹੈ ਅਤੇ ਜੋ ਗੱਲਾਂ ਹਰ ਵਕਤ ਦਿਮਾਗ ਵਿੱਚ ਰਹਿੰਦੀਆਂ ਹਨ ਉਹਨਾਂ ਨੂੰ ਸੁਚੇਤ-ਮਨ ਵਿੱਚ ਕਿਹਾ ਜਾਂਦਾ ਹੈ. ਇਹ ਤਿੰਨੇ ਤਰ੍ਹਾਂ ਦੀਆਂ ਸੂਚਨਾਵਾਂ ਕੀ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿੱਚ ਸਟੋਰ ਹੁੰਦੀਆਂ ਹਨ ? ਜਾਂ ਦਿਮਾਗ ਦੇ ਸਾਰੇ ਸੈਲਾਂ ਵਿੱਚ ਇਹਨਾਂ ਸੂਚਨਾਵਾਂ ਨੂੰ ਕਿੰਨਾ ਢੰਗਾਂ ਨਾਲ ਸਾਂਭਿਆ ਹੁੰਦਾ ਹੈ ? ਜੇ ਅੱਡ-ਅੱਡ ਭਾਗਾਂ ਵਿੱਚ ਹਨ ਤਾਂ ਦਿਮਾਗ ਦੇ ਕਿਹੜਾ ਭਾਗ ਸੁਚੇਤ ਤੇ ਕਿਹੜਾ ਅਚੇਤ ਨਾਲ ਸੰਬੰਧ ਰੱਖਦਾ ਹੈ ? ਇਹਨਾਂ ਸਾਰੀਆਂ ਗੱਲਾਂ ਤੇ ਕਾਫੀ ਖੋਜ ਹੋਈ ਹੈ ਅਤੇ ਹੋਰ ਹੋ ਰਹੀ ਹੈ ਅਤੇ ਸਾਈਬਰਨੈਟਿਕਸ (Cybernatics) ਮਾਨਵ-ਵਿਗਿਆਨ (Anthropology) ਅਤੇ ਮਨੋ-ਵਿਗਿਆਨ (Psychology) ਦੇ ਖੇਤਰਾਂ ਵਿੱਚ ਹੋਰ ਵਿਕਸਿਤ ਖੋਜ ਹੋਣ ਤੇ ਇਹ ਸਾਰੇ ਤੱਥ ਵਧੇਰੇ ਸਪੱਸ਼ਟ ਰੂਪ ਵਿੱਚ ਆ ਸਕਦੇ ਹਨ ਜਾਂ ਇਹ ਵੀ ਹੋ ਸਕਦਾ ਹੈ ਕਿ ਮਨ ਦੀ ਇਹ ਵੰਡ ਮਨੋ-ਵਿਗਿਆਨ ਦੇ ਇਤਿਹਾਸ ਦਾ ਹੀ ਅੰਗ ਬਣਕੇ ਰਹਿ ਜਾਵੇ.

**ਸਵਾਲ:** ਵਾਲ ਨਿਰਜੀਵ ਹਨ ਜਾਂ ਸਜੀਵ ?

**ਜਵਾਬ:** ਵਾਲਾਂ ਦੀਆਂ ਜੜਾਂ ਤਾਂ ਸਜੀਵ ਹਨ ਅਤੇ ਉਨ੍ਹਾਂ ਨੂੰ ਖੂਨ ਦੀ ਸਪਲਾਈ ਹੁੰਦੀ ਹੈ. ਉਹ ਸਰੀਰ ਵਿੱਚੋਂ ਖੁਰਾਕ ਲੈ ਕੇ ਵਾਲਾਂ ਨੂੰ ਵਧਾਉਂਦੀਆਂ ਹਨ ਪਰ ਵਾਲ ਨਿਰਜੀਵ ਹਨ ਕਿਉਂਕਿ ਉਨ੍ਹਾਂ ਵਿੱਚ ਖੂਨ ਦੀਆਂ ਕੋਸ਼ਿਕਾਵਾਂ ਨਹੀਂ ਹਨ. ਜਿਸ ਤਰਾਂ ਨਹੁੰ ਉਥੋਂ ਤੱਕ ਸਜੀਵ ਹਨ ਜਿੱਥੋਂ ਤੱਕ ਉਨ੍ਹਾਂ ਨੂੰ ਖੂਨ ਦੀ ਸਪਲਾਈ ਹੁੰਦੀ ਹੈ, ਪਰ ਉਸ ਤੋਂ ਅੱਗੇ ਨਿਰਜੀਵ ਹਨ.

**ਸਵਾਲ:** ਆਮ ਗੱਲ ਚਲਦੀ ਰਹਿੰਦੀ ਹੈ ਕਿ ਕਿਸੇ ਦੇਸ਼ ਵਿੱਚ ਸ਼ੀਸ਼ੇ ਦੇ ਬੰਦ ਕਮਰੇ ਵਿੱਚ ਆਦਮੀ ਨੂੰ ਮਾਰਿਆ ਗਿਆ ਅਤੇ ਉਸਦੀ ਆਤਮਾ ਸ਼ੀਸ਼ਾ ਤੋੜ ਕੇ ਬਾਹਰ ਨਿਕਲ ਆਈ. ਕੀ ਇਹ ਠੀਕ ਹੈ ? ਤਾਂ ਕਿਵੇਂ ਅਤੇ ਕਿਸ ਦੇਸ਼ ਵਿੱਚ ਇਹ ਪ੍ਰਯੋਗ ਕੀਤਾ ਗਿਆ ਸੀ ?

**ਜਵਾਬ:** ਸਾਡੀ ਜਾਣਕਾਰੀ ਅਨੁਸਾਰ ਕੋਈ ਵੀ ਆਦਮੀ ਇਹ ਨਹੀਂ ਦੱਸ ਸਕਿਆ ਕਿ ਇਹ ਤਜਰਬਾ ਕਦੋਂ ਅਤੇ ਕਿੱਥੇ ਹੋਇਆ, ਕਿਸ ਨੇ ਕੀਤਾ ਅਤੇ ਕਿਹੜੇ ਅਖ਼ਬਾਰ, ਰਸਾਲੇ ਜਾਂ ਕਿਤਾਬ ਵਿੱਚ ਦਰਜ ਹੈ. ਇਸ ਲਈ ਇਹ ਨਿਰਾ ਗਪੌੜ ਹੀ ਹੈ. ਜੇ ਕਰ ਆਤਮਾ ਹਰ ਜੀਵ ਵਿੱਚ ਹੁੰਦੀ ਹੈ ਤਾਂ ਕਿਸੇ ਨਿੱਕੇ ਜੀਵ ਨੂੰ ਸ਼ੀਸ਼ੇ ਦੇ ਬਰਤਨ ਵਿੱਚ ਬੰਦ ਕਰਕੇ ਮਾਰਨ ਨਾਲ ਉਹ ਸ਼ੀਸ਼ਾ ਤੋੜ ਕੇ ਬਾਹਰ ਨਿੱਕਲ ਆਵੇਗੀ. ਇਹ ਤੁਸੀਂ ਆਪ ਵੀ ਕਿਸੇ ਜੀਵ ਵਗੈਰਾ ਨੂੰ ਬੋਤਲ ਵਿੱਚ ਬੰਦ ਕਰਕੇ ਦੇਖ ਸਕਦੇ ਹੋ, ਭਾਵੇਂ ਮੱਖੀ ਨੂੰ ਹੀ ਬੰਦ ਕਰਕੇ ਦੇਖ ਲਵੋ.

**ਸਵਾਲ:** ਅਸੀਂ ਮਸ਼ੀਨਰੀ ਨੂੰ ਦੁਬਾਰਾ ਠੀਕ ਕਰਕੇ ਚਲਾ ਸਕਦੇ ਹਾਂ ਪ੍ਰੰਤੂ ਮਰੇ ਹੋਏ ਜੀਵ ਨੂੰ ਦੁਬਾਰਾ ਜਿਉਂਦਾ ਕਿਉਂ ਨਹੀਂ ਕਰ ਸਕਦੇ ?

**ਜਵਾਬ:** ਮਸ਼ੀਨਰੀ ਮਨੁੱਖ ਦੁਆਰਾ ਬਣਾਈ ਜਾਂਦੀ ਹੈ ਅਤੇ ਉਸ ਵਿੱਚ ਪਏ ਨੁਕਸ ਨੂੰ ਮਨੁੱਖ ਹੀ ਠੀਕ ਕਰ ਸਕਦਾ ਹੈ. ਜੇਕਰ ਖਰਾਬ ਮਸ਼ੀਨ ਨੂੰ ਅਸੀਂ ਉਵੇਂ ਹੀ ਪਿਆ ਰਹਿਣ ਦੇਈਏ ਤਾਂ ਉਸ ਵਿੱਚ ਕੋਈ ਪਰੀਵਰਤਨ ਨਹੀਂ ਹੁੰਦਾ. ਜਿਉਂ ਹੀ ਕਿਸੇ ਜੀਵ ਦੀ ਸਾਹ ਕਿਰਿਆ ਰੁਕ ਜਾਂਦੀ ਹੈ ਤਾਂ ਉਸ ਵਿੱਚ ਆਕਸੀਜਨ ਦੀ ਕ੍ਰਿਆ ਬੰਦ ਹੋ ਜਾਂਦੀ ਹੈ ਅਤੇ ਉਸ ਦੇ ਸੈੱਲਾਂ ਵਿੱਚ ਨਾ ਮੁੜਨਯੋਗ ਰਸਾਇਣਕ ਕ੍ਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ, ਜਿਨਾਂ ਨਾਲ ਉਸਦੇ ਸਾਰੇ ਸੈਲ ਮਰ ਜਾਂਦੇ ਹਨ. ਜੇਕਰ ਕਿਸੇ ਜੀਵ ਦੇ ਸਰੀਰ ਨੂੰ ਮਰਨ ਉਪਰੰਤ ਫੌਰਨ ਹੀ ਅਜਿਹੀਆਂ ਹਾਲਤਾਂ ਵਿੱਚ ਰੱਖਿਆ ਜਾਵੇ ਕਿ ਉਸ ਦੇ ਸੈਲਾਂ ਵਿੱਚ ਕੋਈ ਨਾ-ਮੁੜਨਯੋਗ (ਰਸਾਇਣਕ) ਪਰਿਵਰਤਨ ਨਾ ਹੋਵੇ ਤਾਂ ਉਸ ਜੀਵ ਨੂੰ ਮੁੜ ਜਿਉਂਦਾ ਕੀਤਾ ਜਾ ਸਕਦਾ ਹੈ. ਜਿਸ ਤਰਾਂ ਨਕਲੀ ਗਰਭਦਾਨ ਲਈ ਵੀਰਜ ਤਰਲ ਨਾਈਟਰੋਜਨ ਵਿੱਚ ਰੱਖਿਆ ਜਾਂਦਾ ਹੈ ਜਿਸ ਵਿੱਚ ਉਸ ਵਿਚਲੇ ਸਾਰੇ ਨਰ ਅੰਸ਼ ਮਰ ਜਾਂਦੇ ਹਨ ਪਰ ਜਦੋਂ ਉਨਾਂ ਨੂੰ ਸਧਾਰਨ ਤਾਪਮਾਨ ਤੇ ਲਿਆਂਦਾ ਜਾਂਦਾ ਹੈ ਤਾਂ ਉਹ ਫਿਰ ਜਿਉਂਦੇ ਹੋ ਜਾਂਦੇ ਹਨ.

**ਸਵਾਲ:** ਔਰਤ ਦੇ ਬੱਚਾ ਹੋਣ ਤੋਂ ਪਹਿਲਾਂ ਦੁੱਧ ਕਿਉਂ ਨਹੀਂ ਉਤਰਦਾ ਤੇ ਬੱਚਾ ਪੈਦਾ ਹੋਣ ਤੇ ਹੀ ਕਿਉਂ ਉਤਰਦਾ ਹੈ ?

**ਜਵਾਬ:** ਔਰਤ ਦੀ ਛਾਤੀ ਅੰਦਰ ਰਸ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਦੇ 20 ਲੋਵਜ ਯਾਨੀ ਗੁੱਛੇ ਹੁੰਦੇ ਹਨ ਜੋ ਅਗਾਂਹ ਛੋਟੇ ਛੋਟੇ ਹਿੱਸਿਆਂ ਅੰਦਰ ਉਪ-ਵੰਡ ਦੇ ਤੌਰ ਤੇ ਵੰਡੇ ਹੋਏ ਹੁੰਦੇ ਹਨ. ਇਹ ਗ੍ਰੰਥੀਆਂ ਅੱਗੇ ਛੋਟੇ ਗੁੱਛਿਆਂ ਵਿੱਚ ਵੰਡੀਆਂ ਹੁੰਦੀਆਂ ਹਨ, ਜਿੰਨ੍ਹਾਂ ਵਿੱਚ ਸੈੱਲ ਹੁੰਦੇ ਹਨ ਹੋ ਦੁੱਧ ਪੈਦਾ ਕਰਦੇ ਹਨ. ਇਹ ਅੱਗੇ ਐਕਨਿਕ (Acnic) ਸੈਲਾਂ ਨਾਲ ਢਕੇ ਹੁੰਦੇ ਹਨ, ਜਿਹੜੇ ਕਿ ਸੁੰਘੜਕੇ ਦੁੱਧ ਨੂੰ ਛਾਤੀ ਵਿੱਚੋਂ ਬਾਹਰ ਕੱਢਦੇ ਹਨ. ਗਰਭ ਦੌਰਾਨ ਐਸਟਰੋਜਨ ਅਤੇ ਪਰਲੈਕਟਿਨ ਨਾਮੀ ਉਤੇਜਕ ਰਸ ਕਾਫੀ ਮਾਤਰਾ ਵਿੱਚ ਪੈਦਾ ਹੁੰਦੇ ਹਨ ਜੋ ਛਾਤੀ ਦੇ ਆਕਾਰ ਅਤੇ ਸ਼ਕਲ ਵਿੱਚ ਤਬਦੀਲੀਆਂ ਲਿਆਉਂਦੇ ਹਨ. ਪਰੋਲੈਕਟਿਕ ਉਤੇਜਕ ਰਸ ਦੁੱਧ ਪੈਦਾ ਕਰਨ ਵਿੱਚ ਰੋਲ ਅਦਾ ਕਰਦਾ ਹੈ. ਬੱਚਾ ਪੈਦਾ ਹੋਣ ਤੋਂ ਪਹਿਲਾਂ ਆਉਲ ਦੇ ਉਤੇਜਕ ਰਸ ਦੁੱਧ ਨੂੰ ਬਾਹਰ ਆਉਣ ਤੋਂ ਰੋਕੀ ਰੱਖਦੇ ਹਨ. ਜਿਉਂ ਹੀ ਬੱਚਾ ਪੈਦਾ ਹੁੰਦਾ ਹੈ, ਇਨ੍ਹਾਂ ਦਾ ਪੱਧਰ ਘਟ ਜਾਂਦਾ ਹੈ ਅਤੇ ਪਰੋਲੈਕਟਿਕ ਉਤੇਜਕ ਰਸ ਦਾ ਵਧਿਆ ਹੋਇਆ ਪੱਧਰ ਦੁੱਧ ਪੈਦਾ ਕਰਨ ਦਾ ਆਪਣਾ ਕੰਮ ਸੰਭਾਲ ਲੈਂਦਾ ਹੈ. ਇਹ ਉਤੇਜਕ ਰਸ ਬੱਚੇ ਦੀ ਚੁੰਘਣ ਕ੍ਰਿਆ ਨਾਲ ਹੋਰ ਵੀ ਉਤੇਜਕ ਹੋ ਜਾਂਦਾ ਹੈ, ਜਿਸ ਨਾਲ ਵੱਧ ਦੁੱਧ ਪੈਦਾ ਹੁੰਦਾ ਹੈ. ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜਿੰਨੀ ਦੇਰ ਤੱਕ ਮਾਂ ਆਪਣੇ ਬੱਚੇ ਨੂੰ ਦੁੱਧ ਚੁੰਘਾਉਂਦੀ ਰਹਿੰਦੀ ਹੈ ਉਸ ਨੂੰ ਦੁਬਾਰਾ ਗਰਭ ਨਹੀਂ ਠਹਿਰਦਾ ਕਿਉਂਕਿ ਪਰੋਲੈਕਟਿਕ ਉਤੇਜਕ ਰਸ ਬੱਚਾ ਬਨਣ ਵਾਲੇ ਅੰਡਿਆਂ ਨੂੰ ਪੈਦਾ ਕਰਨ ਵਿੱਚ ਰੁਕਾਵਟ ਪਾਉਂਦਾ ਰਹਿੰਦਾ ਹੈ. ਬੇਸ਼ੱਕ ਇਹ ਸਾਰੀਆਂ ਔਰਤਾਂ ਉਪਰ ਲਾਗੂ ਨਹੀਂ ਹੁੰਦਾ.

# ਭਾਗ-ਤੀਜਾ

# ਕੁਦਰਤੀ ਵਰਤਾਰਿਆਂ ਸਬੰਧੀ ਗਲਤ ਧਾਰਨਾਵਾਂ ਬਾਰੇ

**ਸਵਾਲ:** ਕੀ ਛੋਲਿਆਂ ਨੂੰ ਚਾਨਣੀ ਮਾਰ ਜਾਂਦੀ ਹੈ ?

**ਜਵਾਬ:** ਛੋਲਿਆਂ ਨੂੰ ਚਾਨਣੀ ਕਦੇ ਨਹੀਂ ਮਾਰਦੀ. ਅਸਲ ਵਿੱਚ ਇਹ ਇੱਕ ਉੱਲੀ ਦੀ ਬਿਮਾਰੀ ਹੈ, ਜੋ ਸਿੱਲ੍ਹੇ ਮੌਸਮ ਵਿੱਚ ਤੇਜ਼ੀ ਨਾਲ ਫੈਲਦੀ ਹੈ. ਇਸ ਬਿਮਾਰੀ ਦੇ ਫੈਲਣ ਨਾਲ ਇੱਕ-ਦੋ ਦਿਨਾਂ ਵਿੱਚ ਹੀ ਫਸਲ ਮਰ ਜਾਂਦੀ ਹੈ ਤੇ ਲਗਦਾ ਇਸ ਤਰ੍ਹਾਂ ਹੈ ਕਿ ਚਾਨਣੀ (ਅਸਮਾਨੀ ਬਿਜਲੀ ਦੀ ਲਿਸ਼ਕੋਰ) ਨਾਲ ਫਸਲ ਮਰੀ ਹੈ. ਅਸਲ ਵਿੱਚ ਬੱਦਲਵਾਈ ਤੇ ਮੀਂਹ ਵੇਲੇ ਸਿੱਲ੍ਹ ਵਧ ਜਾਂਦੀ ਹੈ, ਜੋ ਉੱਲੀ ਦੀ ਬਿਮਾਰੀ ਲਈ ਜਰਖੇਜ਼ ਵਾਤਾਵਰਣ ਸਿਰਜ ਦਿੰਦੀ ਹੈ. ਬਿਮਾਰੀ ਬਿਜਲੀ ਦੀ ਤੇਜ਼ੀ ਨਾਲ ਫੈਲਦੀ ਹੈ.

**ਸਵਾਲ:** ਕੁਦਰਤ ਤੋਂ ਕੀ ਭਾਵ ਹੈ ? ਕੁਦਰਤ ਨੂੰ ਮੰਨਣ ਅਤੇ ਰੱਬ ਨੂੰ ਮੰਨਣ ਵਿੱਚ ਕੀ ਫਰਕ ਹੈ ?

**ਜਵਾਬ:** ਬ੍ਰਹਿਮੰਡ ਵਿੱਚ ਸ਼ਾਮਲ ਕੁੱਲ ਨਿਰਜੀਵ ਤੇ ਸਜੀਵ ਵਾਲੇ ਪਸਾਰੇ ਨੂੰ ਕੁਦਰਤ ਕਹਿੰਦੇ ਹਨ. ਇਸ ਕੁਦਰਤੀ ਸੰਸਾਰ ਦੀਆਂ ਸਾਰੀਆਂ ਭੌਤਿਕ, ਜੀਵ-ਵਿਗਿਆਨਕ, ਰਸਾਇਣਕ ਕ੍ਰਿਆਵਾਂ ਕੁਝ ਖਾਸ ਨਿਯਮਾਂ ਅਧੀਨ ਚੱਲ ਰਹੀਆਂ ਹਨ. ਇਹ ਨਿਯਮ ਵਿਅਕਤੀ ਵਿਸ਼ੇਸ਼ (ਮਨੁੱਖ) ਅਤੇ ਕਿਸੇ ਅਖੌਤੀ ਦੈਵੀ-ਸ਼ਕਤੀ ਦੀ ਇੱਛਾ ਤੋਂ ਅਜ਼ਾਦ ਹਨ. ਇਹ ਤਾਂ ਮਨੁੱਖੀ ਚੇਤਨਾ ਤੋਂ ਅਜ਼ਾਦ ਬਾਹਰਮੁਖੀ ਤੌਰ ਤੇ ਹੋਂਦ ਹਨ. ਮਨੁੱਖ ਖੁਦ ਕੁਦਰਤ ਦਾ ਭਾਗ ਵੀ ਹੈ ਅਤੇ ਆਪਣੇ ਬਗੈਰ ਬਾਕੀ ਸਾਰੇ ਆਲੇ-ਦੁਆਲੇ ਨੂੰ ਕੁਦਰਤ ਵੀ ਆਖਦਾ ਹੈ. ਕਈ ਵਾਰ ਕੁਦਰਤ ਸ਼ਬਦ ਦੀ ਵਰਤੋਂ ਕੇਵਲ ਭੂਗੋਲਿਕ ਪਦਾਰਥਕ ਵਾਤਾਵਰਣ ਲਈ ਅਤੇ ਕਈ ਵਾਰ ਨਿਰੋਲ ਬਨਸਪਤੀ ਲਈ ਕੀਤੀ ਜਾਂਦੀ ਹੈ. ਮਨੁੱਖ ਆਪਣੇ ਜੀਵਨ ਜੀਉਣ ਲਈ ਕੁਦਰਤ ਦੇ ਨਿਯਮਾਂ ਨੂੰ ਜਾਣਦਾ ਹੈ ਤੇ ਉਨ੍ਹਾਂ ਅਨੁਸਾਰ ਆਪਣੀਆਂ ਪ੍ਰਕ੍ਰਿਆਵਾਂ ਨੂੰ ਢਾਲਦਾ ਹੈ. ਮਨੁੱਖ ਪੈਦਾਵਾਰੀ ਅਮਲ ਰਾਹੀਂ ਕੁਦਰਤੀ ਵਸਤਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਮੁੜ ਘੜਦਾ ਵੀ ਹੈ. ਕਈ ਵਾਰ ਇਉਂ ਕੁਦਰਤੀ ਅਤੇ ਮਨੁੱਖ ਦੁਆਰਾ ਸਿਰਜਤ ਚੀਜ਼ਾਂ ਵਿੱਚ ਭੇਦ ਵੀ ਕਰ ਲਿਆ ਜਾਂਦਾ ਹੈ. ਸੋ ਕੁਦਰਤ, ਮੂਲ ਰੂਪ ਵਿੱਚ ਪਦਾਰਥਕ ਹੈ, ਇਸਦੇ ਪੱਕੇ ਨਿਯਮ ਹਨ ਅਤੇ ਇਹ ਨਿਯਮ ਕਿਸੇ ਦੈਵੀ ਸੱਤਾ ਜਾਂ ਵਿਅਕਤੀ ਦੀ ਚੇਤਨਾ ਤੋਂ ਅਜ਼ਾਦ ਹਨ. ਸੋ ਕੁਦਰਤ ਸ਼ਬਦ ਤੋਂ ਸਹੀ ਭਾਵ ਹੈ ਕਿ ਜੋ ਕੁੱਝ ਵਾਪਰ ਰਿਹਾ ਹੈ ਉਹ ਕੁਦਰਤ ਦੇ ਨਿਯਮਾਂ ਅਨੁਸਾਰ ਆਪਣੇ ਆਪ ਚੱਲ ਰਿਹਾ ਹੈ. ਮਨੁੱਖ ਇਹਨਾਂ ਨਿਯਮਾਂ ਨੂੰ ਜਾਣ ਕੇ ਇਨਾਂ ਵਿੱਚ ਦਖਲ ਦੇ ਕੇ ਫਾਇਦਾ ਤਾਂ ਉਠਾ ਸਕਦਾ ਹੈ ਪਰ ਬਦਲ ਨਹੀਂ ਸਕਦਾ.

ਦੂਜੇ ਪਾਸੇ ਰੱਬ ਤੋਂ ਭਾਵ ਇੱਕ ਅਜਿਹੀ ਸ਼ਕਤੀ ਤੋਂ ਲਿਆ ਜਾਂਦਾ ਹੈ ਜੋ ਇਸ ਪਦਾਰਥਕ ਸੰਸਾਰ ਤੋਂ ਉੱਪਰ ਹੈ ਅਤੇ ਜਿਸ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਸਨੇ ਇਹ ਪਦਾਰਥਕ ਸੰਸਾਰ ਪੈਦਾ ਕੀਤਾ ਅਤੇ ਉਹੀ ਇਸ ਸੰਸਾਰ ਨੂੰ ਚਲਾਉਂਦਾ ਹੈ.

ਸੋ ਇਹ ਦੋ ਬਿਲਕੁਲ ਵੱਖੋ-ਵੱਖਰੇ ਦ੍ਰਿਸ਼ਟੀਕੋਣ ਹਨ. ਪਹਿਲੇ ਮੁਤਾਬਿਕ ਜੋ ਕੁਝ ਵੀ ਸਾਡੇ ਆਲੇ-ਦੁਆਲੇ ਵਾਪਰਦਾ ਹੈ ਇਸਦੀ ਮੂਲ ਸ਼ਕਤੀ ਪਦਾਰਥ ਦੇ ਵਿੱਚ ਹੀ ਨਿਯਤ ਹੈ, ਕੁਦਰਤ (ਪਦਾਰਥ) ਦੇ ਗਤੀ ਤੇ ਤਬਦੀਲੀ ਦੇ ਨਿਯਮਾਂ ਨੂੰ ਜਾਣਿਆ ਜਾ ਸਕਦਾ ਹੈ ਅਤੇ ਇਸ ਜਾਣਕਾਰੀ ਨੂੰ ਮਨੁੱਖ ਦਾਜੀਵਨ ਵਧੀਆ ਬਨਾਉਣ ਲਈ ਵਰਤਿਆ ਜਾ ਸਕਦਾ ਹੈ. ਜਦ ਕਿ ਦੂਸਰੇ ਦ੍ਰਿਸ਼ਟੀਕੋਣ ਮੁਤਾਬਿਕ ਸੰਸਾਰ ਨੂੰ ਚਲਾਉਣ ਵਾਲੀ ਸ਼ਕਤੀ ਇਸ ਪਦਾਰਥਕ ਸੰਸਾਰ ਤੋਂ ਬਾਹਰ ਹੈ,

ਜਿਸ ਬਾਰੇ ਜਾਣਿਆ ਨਹੀਂ ਜਾ ਸਕਦਾ ਅਤੇ ਮਨੁੱਖ ਆਪਣਾ ਜੀਵਨ ਚੰਗੇਰਾ ਬਨਾਉਣ ਲਈ ਉਸ ਪਰਾ-ਕੁਦਰਤੀ ਸ਼ਕਤੀ ਅੱਗੇ ਪ੍ਰਾਰਥਨਾ ਹੀ ਕਰ ਸਕਦਾ ਹੈ.

**ਸਵਾਲ:** ਚੜ੍ਹਦੇ ਅਤੇ ਛਿਪਦੇ ਸਮੇਂ ਸੂਰਜ ਵੱਡਾ, ਲਾਲ ਅਤੇ ਘੱਟ ਚਮਕਦਾ ਕਿਉਂ ਲੱਗਦਾ ਹੈ ਜਦੋਂ ਕਿ ਕਿਸੇ ਖਾਸ ਰੁੱਤ ਸਮੇਂ ਸਾਰੇ ਖਿੱਤਿਆਂ ਤੋਂ ਸੂਰਜ ਦੀ ਧਰਤੀ ਤੋਂ ਵਿੱਥ ਲਗਭਗ ਨਿਸ਼ਿਚਤ ਜਿਹੀ ਹੁੰਦੀ ਹੈ ?

**ਜਵਾਬ:** ਅਸਲੀਅਤ ਇਹ ਹੈ ਕਿ ਚੜ੍ਹਦੇ ਅਤੇ ਛਿਪਦੇ ਸਮੇਂ ਸੂਰਜ ਦੇ ਆਕਾਰ ਅਤੇ ਚਮਕ ਵਿੱਚ ਕੋਈ ਅੰਤਰ ਨਹੀਂ ਹੁੰਦਾ. ਧਰਤੀ ਉਪਰਲੇ ਵਾਤਾਵਰਣ ਦੀ ਸਤਹਿ ਕਾਰਨ ਅਜਿਹਾ ਅੰਤਰ ਲੱਗਦਾ ਹੈ. ਚੜਦੇ ਅਤੇ ਛਿਪਦੇ ਸਮੇਂ ਧਰਤੀ ਉੱਪਰ ਖੜੇ ਵਿਅਕਤੀ ਨੂੰ ਧਰਤੀ ਉਪਰਲੇ ਸੰਘਣੇ ਵਾਤਾਵਰਣ ਦੀ ਮੋਟੀ ਤਹਿ ਵਿੱਚੋਂ ਸੂਰਜ ਦੀਆਂ ਕਿਰਨਾਂ ਦੇਖਣੀਆਂ ਪੈਂਦੀਆਂ ਹਨ ਜਾਂ ਇਹ ਕਹਿ ਲਵੋ ਕਿ ਸੂਰਜ ਦੇਖਣਾ ਪੈਂਦਾ ਹੈ ਜਿਸ ਕਾਰਨ ਉਸਦੀ ਰੋਸ਼ਨੀ ਮੱਧਮ ਲੱਗਦੀ ਹੈ ਅਤੇ ਸੂਰਜ ਦਾ ਆਕਾਰ ਵੱਡਾ ਲੱਗਦਾ ਹੈ. ਜਿਉਂ-ਜਿਉਂ ਸੂਰਜ ਉਪੱਰ ਉਠਦਾ ਹੈ ਤਿਉਂ-ਤਿਉਂ ਅਸੀਂ ਧਰਤੀ ਤੋਂ ਇਸ ਨੂੰ ਵਾਤਾਵਰਣ ਦੀ ਘੱਟ ਮੋਟੀ ਸਤਿਹ ਵਿੱਚੋਂ ਦੇਖਦੇ ਹਾਂ ਜਿਸ ਕਾਰਨ ਇਹ ਵਧੇਰੇ ਚਮਕਦਾ ਲੱਗਦਾ ਹੈ. ਗਰਮੀਆਂ ਦੀ ਰੁੱਤ ਵਿੱਚ ਦੁਪਹਿਰ ਵੇਲੇ ਅਸੀਂ ਸੂਰਜ ਨੂੰ ਲੰਬ ਕੋਣ ਤੋਂ ਖੜ ਕੇ ਦੇਖਦੇ ਹਾਂ ਭਾਵ ਸੂਰਜ ਸਾਡੇ ਸਿਰ ਉਪਰੋਂ ਦੀ ਲੰਘਦਾ ਹੈ ਜਿਸ ਕਾਰਨ ਇਸ ਸਮੇਂ ਇਹ ਸਾਨੂੰ ਸਭ ਤੋਂ ਵਧੇਰੇ ਚਮਕਦਾ ਲੱਗੇਗਾ ਕਿਉਂਕਿ ਅਸੀਂ ਇਸ ਨੂੰ ਬਹੁਤ ਹੀ ਘੱਟ ਮੋਟੀ ਸਤਹਿ ਵਿੱਚੋਂ ਦੇਖਦੇ ਹਾਂ.

**ਸਵਾਲ:** ਸੂਰਜ ਅਤੇ ਚੰਦ ਜਦ ਧਰਤੀ ਦੀ ਇੱਕ ਖਾਸ ਦਿਸ਼ਾ ਵਿੱਚ ਹੁੰਦੇ ਹਨ ਤਾਂ ਫਿਰ ਇਹਨਾਂ ਦਾ ਜਾਂ ਹੋਰ ਗ੍ਰਹਿਆਂ ਦਾ ਮਨੁੱਖੀ ਦਿਮਾਗ ਉੱਤੇ, ਜੋ ਬਹੁਤ ਸੰਵੇਦਨਸ਼ੀਲ ਹੁੰਦਾ ਹੈ, ਅਸਰ ਕਿਉਂ ਨਹੀਂ ਪੈਂਦਾ ?

**ਜਵਾਬ:** ਆਮ ਪ੍ਰਚਲਿਤ ਅੰਧ-ਵਿਸ਼ਵਾਸ ਨੂੰ ਵਿਗਿਆਨਕ ਤੌਰ ਤੇ ਠੀਕ ਸਿੱਧ ਕਰਨ ਲਈ ਦਲੀਲਾਂ ਦੇਣ ਦਾ ਰਿਵਾਜ ਅੱਜ ਕੱਲ ਕਾਫੀ ਚੱਲਿਆ ਹੋਇਆ ਹੈ. ਇਹ ਇੱਕ ਮਜਬੂਰੀ ਵੀ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਵਿਗਿਆਨ ਹੀ ਸੱਚ ਦੀ ਇੱਕੋ-ਇੱਕ ਕਸਵੱਟੀ ਬਣ ਚੁੱਕੀ ਹੈ. ਸੋ ਇਹ ਦਲੀਲ ਵੀ ਕਿਸੇ ਨੇ ਇਸੇ ਮਨਸ਼ੇ ਭਾਵ ਮਨੁੱਖ ਉੱਤੇ ਗ੍ਰਹਿਆਂ ਦੇ ਅਸਰ ਨੂੰ ਠੀਕ ਸਿੱਧ ਕਰਨ ਵਾਸਤੇ ਘੜੀ ਹੈ ਅਤੇ ਕਾਫੀ ਪ੍ਰਚਲਿਤ ਹੋਈ ਹੈ. ਤੁਸੀਂ ਚਾਹੇ ਆਪਣੇ ਸਵਾਲ ਵਿੱਚ ਸੂਰਜ ਤੇ ਚੰਦ ਦਾ ਮਨੁੱਖੀ ਦਿਮਾਗ ਉੱਪਰ ਅਸਰ ਬਾਰੇ ਹੀ ਪੁਛਿਆ ਹੈ ਪਰ ਬਹੁਤੇ ਹੋਰਨਾਂ ਲੋਕਾਂ ਦਾ ਇਸ ਅਸਰ ਤੋਂ ਭਾਵ ਜੋਤਿਸ਼ ਦੁਆਰਾ ਪ੍ਰਚਾਰਿਆ ਜਾਂਦਾ ਮਨੁੱਖ ਉੱਤੇ ਗ੍ਰਹਿਆਂ ਦਾ ਅਸਰ ਹੀ ਹੁੰਦਾ ਹੈ. ਸੋ ਇਸ ਸਵਾਲ ਨੂੰ ਕੁਝ ਵਿਸਥਾਰ ਨਾਲ ਵਿਚਾਰਨ ਦੀ ਕੋਸ਼ਿਸ਼ ਕਰਦੇ ਹਾਂ.

ਇਸ ਗੱਲ ਨੂੰ ਸਮਝਣ ਲਈ ਗੁਰੂਤਾ ਖਿੱਚ ਦੀ ਮਾਤਰਾ ਅਤੇ ਅਸਰ ਦੋਵਾਂ ਨੂੰ ਸਮਝਣ ਦੀ ਲੋੜ ਹੈ. ਧਿਆਨ ਦੇਣ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ, ਠੀਕ ਹੈ, ਸਮੁੰਦਰ ਵਿੱਚ ਚੰਦ-ਸੂਰਜ ਦੀ ਖਿੱਚ ਨਾਲ ਜਵਾਰ-ਭਾਟੇ ਆ ਜਾਂਦੇ ਹਨ ਪਰ ਪਿੰਡ ਦੇ ਛੱਪੜ ਵਿੱਚ ਕਿਉਂ ਨਹੀਂ ਆਉਂਦੇ ਜਾਂ ਘਰੇ ਬਾਲਟੀ ਵਿੱਚ ਪਿਆ ਪਾਣੀ ਕਿਉਂ ਨਹੀਂ ਹਿਲਦਾ ? ਅਸਲ ਵਿੱਚ ਬ੍ਰਹਿਮੰਡ ਦੀ ਹਰ ਸ਼ੈਅ ਦੂਸਰੀ ਸ਼ੈਅ ਨੂੰ ਆਪਣੇ ਵੱਲ ਖਿੱਚਦੀ ਹੈ. ਇਹ ਖਿੱਚ ਉਹਨਾਂ ਵਸਤੂਆਂ ਦੇ ਭਾਰ ਦੇ ਸਿੱਧੇ ਅਨੁਪਾਤ ਵਿੱਚ ਅਤੇ ਉਹਨਾਂ ਵਿਚਲੀ ਦੂਰੀ ਦੇ ਉਲਟ ਅਨੁਪਾਤ ਵਿੱਚ ਹੁੰਦੀ ਹੈ ਭਾਵ ਜਿੰਨਾਂ ਦੋਵਾਂ ਵਸਤੂਆਂ ਦਾ ਭਾਰ ਵੱਧ

ਹੋਵੇਗਾ ਓਨੀ ਉਨ੍ਹਾਂ ਵਿਚਕਾਰ ਆਪਸੀ ਖਿੱਚ ਵੱਧ ਹੋਵਾਗੀ ਪਰ ਜਿਵੇਂ ਉਨ੍ਹਾਂ ਵਿਚਕਾਰ ਦੂਰੀ ਵਧਦੀ ਹਾਵੇਗੀ, ਉਵੇਂ ਉਵੇਂ ਉਹਨਾਂ ਦੀ ਆਪਸੀ ਖਿੱਚ ਘਟਦੀ ਜਾਵੇਗੀ. ਧਰਤੀ ਸਾਡੇ ਬਹੁਤੇ ਨੇੜੇ ਹੋਣ ਕਰਕੇ ਇਸਦੀ ਖਿੱਚ ਤਾਂ ਹਰ ਛੋਟੀ-ਵੱਡੀ ਵਸਤੂ ਤੇ ਅਨੁਭਵ ਹੁੰਦੀ ਹੈ ਪ੍ਰੰਤੂ ਚੰਦ-ਸੂਰਜ ਦੂਰ ਹੋਣ ਕਰਕੇ ਇਨ੍ਹਾਂ ਦੀ ਖਿੱਚ ਤਾਂ ਸਮੁੰਦਰ ਵਰਗੇ ਵੱਡੇ ਆਕਾਰਾਂ ਦੇ ਵਿੱਚ ਹੀ ਅਸਰ-ਅੰਦਾਜ਼ ਹੁੰਦੀ ਹੈ. ਸਮੁੰਦਰ ਦਾ ਪਾਣੀ ਖਰਬਾਂ ਟਨ ਹੈ ਜਿਸ ਕਰਕੇ ਚੰਦ ਅਤੇ ਸਮੁੰਦਰ ਦੀ ਆਪਸੀ ਖਿੱਚ ਬਹੁਤ ਬਣ ਜਾਂਦੀ ਹੈ ਤੇ ਸਮੁੰਦਰ ਦੇ ਪਾਣੀ ਵਿੱਚ ਉਤਰਾਅ-ਚੜ੍ਹਾਅ ਆਉਂਦੇ ਹਨ ਜਿਸ ਨੂੰ ਜਵਾਰ-ਭਾਟਾ ਕਿਹਾ ਜਾਂਦਾ ਹੈ. ਇਸ ਦੇ ਮੁਕਾਬਲੇ ਛੱਪੜ ਵਿੱਚ ਜਾਂ ਬਾਲਟੀ ਵਿੱਚ ਪਏ ਪਾਣੀ ਵਿੱਚ ਜਵਾਰ-ਭਾਟਾ ਨਹੀਂ ਆਉਂਦਾ ਕਿਉਂਕਿ ਉਸਦੀ ਚੰਦ-ਸੂਰਜ ਨਾਲ ਖਿੱਚ ਦੀ ਮਾਤਰ ਬਹੁਤ ਨਿਗੂਣੀ ਹੁੰਦੀ ਹੈ. ਇਸ ਦੇ ਮੁਕਾਬਲੇ ਇੱਕ ਆਦਮੀ ਨੂੰ ਚੰਦ-ਸੂਰਜ ਜਾਂ ਹੋਰ ਗ੍ਰਹਿਆਂ ਦੀ ਖਿੱਚ ਐਨੀ ਥੋੜੀ ਹੈ ਕਿ ਇਸਨੂੰ ਲਗਭਗ ਸਿਫਰ ਹੀ ਕਿਹਾ ਜਾ ਸਕਦਾ ਹੈ.

ਦੂਸਰਾ, ਇਹ ਜੋ ਨਾ ਹੋਣ ਦੇ ਲਗਭਗ ਖਿੱਚ ਹੈ, ਇਸ ਦਾ ਕਿਸੇ ਵਿਅਕਤੀ ਦੀ ਸਰੀਰਕ, ਮਾਨਸਿਕ, ਪ੍ਰੀਵਾਰਕ, ਆਰਥਿਕ ਸਥਿਤੀ ਤੇ ਕੀ ਅਸਰ ਹੋ ਸਕਦਾ ਹੈ. ਇਸ ਦੀ ਤੁਲਨਾ ਵਿੱਚ ਜੇ ਤੁਸੀਂ ਕਿਸੇ ਵਿਅਕਤੀ ਦੇ ਸਿਰ ਨੂੰ ਹੱਥ ਨਾਲ ਫੜ੍ਹ ਕੇ ਥੋੜਾ ਜਿਹਾ ਖਿੱਚ ਦਿਓ ਤਾਂ ਤੁਹਾਡੀ ਉਹ ਖਿੱਚ ਇਨ੍ਹਾਂ ਗ੍ਰਹਿਆਂ ਜਾਂ ਚੰਦ-ਸੂਰਜ ਦੀ ਖਿੱਚ ਤੋਂ ਕਰੋੜਾਂ ਗੁਣਾਂ ਹੋਵੇਗੀ ਪਰ ਉਸ ਨਾਲ ਵਿਅਕਤੀ ਦੀ ਜ਼ਿੰਦਗੀ ਤੇ ਕਿੰਨਾਂ ਕੁ ਅਸਰ ਪਵੇਗਾ ?

ਤੀਸਰੀ ਗੱਲ, ਇਹ ਨਿਗੂਣੀ ਖਿੱਚ ਤਾਂ ਸਾਰੀ ਮਨੁੱਖ ਜਾਤੀ ਤੇ ਹੀ ਹਰ ਸਮੇਂ ਰਹਿੰਦੀ ਹੈ. ਸੋ ਇਸਦਾ ਇੱਕ ਵਿਅਕਤੀ ਵਿਸ਼ੇਸ਼ ਦੀ ਹੋਣੀ ਤੇ ਕੀ ਅਤੇ ਕਿਵੇਂ ਅਸਰ ਹੋ ਸਕਦਾ ਹੈ ? ਵਿਗਿਆਨਕ ਤੌਰ ਤੇ ਸੋਚਿਆ ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਵਿਅਕਤੀ ਰਾਮ ਸਿੰਘ ਨੂੰ ਮੰਗਲ, ਬੁੱਧ, ਸ਼ਨੀ ਜਾਂ ਚੰਦ-ਸੂਰਜ ਦੁਖੀ ਕਰ ਛੱਡੇ ਪਰ ਉਸਦਾ ਗਿਆਂਢੀ ਰਾਮ ਸਿੰਘ ਉਸੇ ਅਸਮਾਨ ਥੱਲੇ ਮੌਜ ਕਰੇ. ਇੱਕ ਵਿਅਕਤੀ ਦੇ ਕਾਰੋਬਾਰ, ਘਰੇਲੂ ਜੀਵਨ, ਸਿਹਤ ਜਾਂ ਵਿਚਾਰਾਂ ਨੂੰ ਚੰਦ-ਸੂਰਜ ਜਾਂ ਕੋਈ ਹੋਰ ਗ੍ਰਹਿ ਪ੍ਰਭਾਵਿਤ ਨਹੀਂ ਕਰ ਸਕਦਾ. ਗ੍ਰਹਿਆਂ ਦੀ ਚਾਲ ਵਿੱਚ ਗੜਬੜੀ ਦਾ ਜਦ ਕੋਈ ਅਸਰ ਹੋਇਆ ਤਾਂ ਉਹ ਸਾਰੀ ਧਰਤੀ ਦੇ ਵਾਤਾਵਰਨ ਅਤੇ ਸਾਰੀ ਮਨੁੱਖ ਜਾਤੀ ਉੱਤੇ ਹੋਵੇਗਾ. ਇਉਂ ਨਹੀਂ ਹੁੰਦਾ ਕਿ ਕਿਸੇ ਨੂੰ ਵਪਾਰ ਵਿੱਚ ਘਾਟਾ ਪੈ ਗਿਆ ਜਾਂ ਘਰ ਦੇ ਦੋ ਜੀਅ ਇਕੱਠੇ ਬੀਮਾਰ ਹੋ ਗਏ ਤਾਂ ਸ਼ਨੀ ਗ੍ਰਹਿ ਦਾ ਅਸਰ ਹੋ ਗਿਆ, ਸਮਝ ਲਿਆ ਜਾਵੇ.

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਖਿੱਚ ਸਾਧਾਰਣ ਗੁਰੂਤਾ ਖਿੱਚ ਹੀ ਹੁੰਦੀ ਹੈ ਜਿਸਦੀ ਮਾਤਰਾ ਅਮਲੀ ਤੌਰ ਤੇ ਲਗਭਗ ਸਿਫਰ ਹੀ ਹੁੰਦੀ ਹੈ ਜਿਸਦਾ ਮਨੁੱਖ ਦੀਆਂ ਦਿਮਾਗ ਜਾਂ ਸਰੀਰਕ ਕ੍ਰਿਆਵਾਂ ਤੇ ਕੋਈ ਅਸਰ ਨਹੀਂ ਹੁੰਦਾ ਅਤੇ ਇਸਦਾ ਕਿਸੇ ਮਨੁੱਖ ਦੀਆਂ ਜੀਵਨ ਹਾਲਤਾਂ ਤੇ ਕੋਈ ਚੰਗਾ ਮਾੜਾ ਪ੍ਰਭਾਵ ਪੈਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ.

**ਸਵਾਲ:** ਪਾਣੀ ਉੱਚੀਆਂ ਥਾਵਾਂ ਤੋਂ ਨੀਵੀਆਂ ਥਾਵਾਂ ਵੱਲ ਵਗਦਾ ਹੈ. ਨੀਵੀਂ ਜਗ੍ਹਾ ਤੋਂ ਉੱਚੀ ਜਗ੍ਹਾ ਵੱਲ ਨਹੀਂ ਜਾ ਸਕਦਾ, ਫਿਰ ਕੁੱਝ ਉੱਚੇ ਪਹਾੜਾਂ ਦੀਆਂ ਟੀਸੀਆਂ ਤੋਂ ਜੋ ਚਸ਼ਮੇ ਫੁਟਦੇ ਹਨ ਉਹ ਵਿਗਿਆਨ ਦੇ ਕਿਸ ਸਿਧਾਂਤ ਦੇ ਆਧਾਰ ਤੇ ਫੁਟਦੇ ਹਨ, ਮਿਸਾਲ ਵਜੋਂ ਮਸੂਰੀ ਵਿਖੇ ਕੈਂਪਟੀ ਫਾਲ ਨਾਮੀ ਚਸ਼ਮਾ ਪਹਾੜ ਦੀ ਚੋਟੀ ਤੋਂ ਨਿਕਲਦਾ ਹੈ.

**ਜਵਾਬ:** ਇਹ ਠੀਕ ਹੈ ਕਿ ਪਾਣੀ ਹਮੇਸ਼ਾਂ ਉੱਚੀ ਥਾਂ ਤੋਂ ਨੀਵੀਂ ਜਗ੍ਹਾ ਵੱਲ ਹੀ ਵਗਦਾ ਹੈ. ਜੋ ਜ਼ਮੀਨ ਵਿੱਚੋਂ ਵੇਖਣ ਨੂੰ ਲਗਦੇ ਉੱਚੇ ਥਾਂਵਾਂ ਤੋਂ ਪਾਣੀ ਨਿਕਲਦਾ ਹੈ ਉਹ ਅਸਲ ਵਿੱਚ ਉਸ ਥਾਂ ਤੋਂ ਵੀ ਉੱਚੇ ਪਹਾੜਾਂ ਤੋਂ ਪੱਥਰਾਂ ਵਿਚਲੀਆਂ ਵਿਰਲਾਂ ਰਾਹੀਂ ਧਰਤੀ ਅੰਦਰ ਗਿਆ ਹੁੰਦਾ ਹੈ ਜੋ ਧਰਤੀ ਹੇਠੋਂ ਵਗਦਾ ਹੋਇਆ ਉਸ ਥਾਂ (ਭਾਵ ਪਹਾੜ ਦੀ ਚੋਟੀ) ਵਿੱਚੋਂ ਬਾਹਰ ਫੁੱਟਣਾਂ ਸ਼ੁਰੂ ਹੋ ਜਾਂਦਾ ਹੈ. ਜੇਕਰ ਹੇਠਾਂ ਕਿਤੇ ਇਸ ਵਿੱਚ ਗੰਧਕ ਘੁਲ ਜਾਵੇ ਤਾਂ ਬਾਹਰ ਨਿਕਲਦਾ ਪਾਣੀ ਉਸ ਦੀ ਗੰਧ ਵੀ ਦਿੰਦਾ ਹੈ. ਜਿਵੇਂ ਮਸੂਰੀ ਦੇ ਨੇੜੇ ਕੁਝ ਸਲਫਰ ਸਪਰਿੰਗ (ਗੰਧਕੀ ਚਸ਼ਮੇ) ਅਤੇ ਜੇਕਰ ਕਿਤੇ ਹੇਠਾਂ ਡੂੰਘਾ ਜਾ ਕੇ ਉੱਪਰ ਆਵੇ ਤਾਂ ਇਹ Hot Spring (ਪਾਣੀ ਦੇ ਗਰਮ ਚਸ਼ਮੇ) ਦੇ ਰੂਪ ਵਿੱਚ ਆਉਂਦਾ ਹੈ ਜਿਵੇਂ ਬਦਰੀ ਨਾਥ ਵਿਖੇ. ਵੈਸੇ ਮਸੂਰੀ ਵਿਖੇ ਕੈਂਪਟੀ ਫਾਲ ਇੱਕ ਝਰਨਾ ਹੈ, ਜਿਸ ਥਾਂ ਪਾਣੀ ਦੀ ਉੱਪਰੋਂ ਆਉਂਦੀ ਨਦੀ ਹੀ ਪਹਾੜ ਤੋਂ ਇਕ ਦਮ ਹੇਠਾਂ ਡਿੱਗਦੀ ਹੈ, ਨਾ ਕਿ ਇਹ ਚਸ਼ਮਾ ਹੈ.

**ਸਵਾਲ:** ਧੁੰਦ ਕਿਵੇਂ ਪੈਂਦੀ ਹੈ?

**ਜਵਾਬ:** ਹਵਾ ਵਿੱਚ ਪਾਣੀ ਦੇ ਕਣ ਭਾਵ ਜਲਵਾਸ਼ਪ ਮੌਜੂਦ ਹੁੰਦੇ ਹਨ, ਪਰ ਇਹਨਾਂ ਦੀ ਹਵਾ ਵਿੱਚ ਮਾਤਰਾ ਵਧਦੀ-ਘਟਦੀ ਰਹਿੰਦੀ ਹੈ. ਗਰਮੀ ਦੀ ਰੁੱਤ ਵਿੱਚ ਹਵਾ ਵੱਧ ਜਲਵਾਸ਼ਪ ਸੰਭਾਲ ਸਕਦੀ ਹੈ ਇਸਦੇ ਉਲਟ ਸਰਦੀ ਵਿੱਚ ਇਹ ਉਨ੍ਹੇ ਜਲਵਾਸ਼ਪ ਆਪਣੇ ਵਿੱਚ ਜਜ਼ਬ ਕਰਕੇ ਨਹੀਂ ਰੱਖ ਸਕਦੀ. ਇਸ ਕਰਕੇ ਜਦੋਂ ਸਰਦੀਆਂ ਵਿੱਚ ਰਾਤ ਨੂੰ ਤਾਪਮਾਨ ਘਟ ਜਾਂਦਾ ਹੈ ਤਾਂ ਹਵਾ ਵਿਚਲੇ ਜਲਵਾਸ਼ਪ ਬਹੁਤ ਹੀ ਛੋਟੀਆਂ ਬੂੰਦਾਂ ਦਾ ਰੂਪ ਧਾਰਕੇ ਹਵਾ ਵਿੱਚ ਲਟਕ ਜਾਂਦੇ ਹਨ. ਇਨ੍ਹਾਂ ਪਾਣੀ ਦੀਆਂ ਬੂੰਦਾਂ ਵਿਚਦੀ ਰੌਸ਼ਨੀ ਘੱਟ ਲੰਘਦੀ ਹੈ, ਇਸ ਕਰਕੇ ਸਾਨੂੰ ਦੂਰ ਦੇਖਣਾ ਮੁਸ਼ਕਲ ਹੋ ਜਾਂਦਾ ਹੈ. ਦਿਨੇ ਧੁੱਪ ਨਿਕਲਣ ਨਾਲ ਪਾਣੀ ਦੇ ਇਹ ਕਣ ਮੁੜ ਹਵਾ ਵਿੱਚ ਜਜ਼ਬ ਹੋ ਜਾਂਦੇ ਹਨ. ਧੂੜ ਦੇ ਕਣਾਂ ਦੁਆਲੇ ਇਹ ਪਾਣੀ ਬੂੰਦਾਂ ਵਧੇਰੇ ਅਸਾਨੀ ਨਾਲ ਇਕੱਠੀਆਂ ਹੋ ਜਾਂਦੀਆਂ ਹਨ. ਇਸੇ ਕਰਕੇ ਸਨਅਤੀ ਸ਼ਹਿਰਾਂ ਅਤੇ ਮਿੱਟੀ-ਘੱਟੇ ਵਾਲੇ ਇਲਾਕਿਆਂ ਵਿੱਚ ਹੀ ਗੂੜੀ ਧੁੰਦ ਪੈਂਦੀ ਹੈ. ਦਰਿਆ ਦੇ ਨੇੜੇ ਅਤੇ ਪਾਣੀ ਲੱਗੀਆਂ ਜ਼ਮੀਨਾਂ ਦੇ ਨੇੜੇ ਵੀ ਹਵਾ ਵਿੱਚ ਨਮੀ ਦੀ ਮਾਤਰਾ ਵਧੇਰੇ ਹੋਣ ਕਰਕੇ ਧੁੰਦ ਵਧੇਰੇ ਹੁੰਦੀ ਹੈ.

**ਸਵਾਲ:** ਅਸੀਂ ਜਾਣਦੇ ਹਾਂ ਕਿ ਧਰਤੀ ਇੱਕ ਚੁੰਬਕ ਵਾਂਗ ਵਿਵਹਾਰ ਕਰਦੀ ਹੈ. ਪਰ ਇਸਦਾ ਕਾਰਨ ਕੀ ਹੈ ?

**ਜਵਾਬ:** ਆਪਣੇ ਗੁਰੂਤਾ ਕੇਂਦਰ ਦੁਆਲੇ ਸੁਤੰਤਰਤਾ-ਪੂਰਵਕ ਲਟਕਦਾ ਹੋਇਆ ਇੱਕ ਛੜ-ਚੁੰਬਕ ਹਮੇਸ਼ਾਂ ਉੱਤਰ-ਦੱਖਣ ਦੀ ਦਿਸ਼ਾ ਵਿੱਵ ਠਹਿਰਦਾ ਹੈ. ਇਹ ਤੱਥ ਦਰਸਾਉਂਦਾ ਹੈ ਕਿ ਧਰਤੀ ਚੁੰਬਕੀ ਗੁਣ ਰੱਖਦੀ ਹੈ.

ਧਰਤੀ ਦੀ ਇਸ ਚੁੰਬਕਤਾ ਦੀ ਵਿਆਖਿਆ ਕਰਨ ਲਈ ਪਹਿਲੇ-ਪਹਿਲ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਧਰਤੀ ਦੇ ਅੰਦਰ ਇੱਕ ਵਿਸ਼ਾਲ ਛੜ-ਚੁੰਬਕ ਦੱਬਿਆ ਹੋਇਆ ਹੈ ਜਿਸਦਾ ਉੱਤਰੀ ਧਰੁਵ, ਭੂਗੋਲਿਕ ਦੱਖਣੀ ਧਰੁਵ ਦੇ ਕੋਲ ਹੈ ਅਤੇ ਦੱਖਣੀ ਧਰੁਵ, ਭੁਗੋਲਿਕ ਉੱਤਰੀ ਧਰੁਵ ਦੇ ਕੋਲ. ਪਰ ਇਸ ਵਿਚਾਰ ਦੀ ਨਾ ਤਾਂ ਪ੍ਰਯੋਗਾਂ ਰਾਹੀਂ ਹੀ ਪੁਸ਼ਟੀ ਹੋ ਸਕੀ ਅਤੇ ਨਾ ਹੀ ਇਹ ਕਿਸੇ ਵਿਗਿਆਨਕ ਸਿਧਾਂਤ ਉੱਪਰ ਅਧਾਰਿਤ ਸੀ. ਇਸ ਲਈ ਇਹ ਵਿਚਾਰ ਕੁੱਝ ਸਮੇਂ ਬਾਦ ਹੀ ਰੱਦ ਕਰ ਦਿੱਤਾ ਗਿਆ.

ਇਸ ਸੰਬੰਧ ਵਿੱਚ ਦੂਜਾ ਵਿਚਾਰ ਐਂਪੀਅਰ ਨਾਮੀ ਵਿਅਕਤੀ ਦਿਆਰਾ ਕੀਤੇ ਗਏ ਪ੍ਰਯੋਗ ਤੋਂ ਬਾਅਦ ਸਾਹਮਣੇ ਆਇਆ. ਐਂਪੀਅਰ ਨੇ ਆਪਣੇ ਪ੍ਰਯੋਗਾਂ ਦੁਆਰਾ ਇਹ ਸਿੱਟਾ ਕੱਢਿਆ ਸੀ ਕਿ ਕਿਸੇ ਬਿਜਲਈ ਸਰਕਟ ਵਿੱਚ ਕਰੰਟ ਪ੍ਰਵਾਹਿਤ ਕਰਨ ਤੇ ਇਸਦੇ ਦੁਆਲੇ ਇੱਕ ਚੁੰਬਕੀ ਖੇਤਰ ਹੋਂਦ ਵਿੱਚ ਆ ਜਾਂਦਾ ਹੈ. ਧਰਤੀ ਦੇ ਅੰਦਰੂਨੀ ਭਾਗ ਵਿੱਚ ਵੀ ਕੁੱਝ ਸਵੈ-ਵਾਹਕ ਬਿਜਲਈ ਧਰਾਵਾਂ (Convective Currents) ਪ੍ਰਵਾਹਿਤ ਹੁੰਦੀਆਂ ਰਹਿੰਦੀਆਂ ਹਨ ਜਿਸ ਕਾਰਨ ਇਹ ਇੱਕ ਚੁੰਬਕ ਵਾਂਗ ਵਿਵਹਾਰ ਕਰਨਾ ਸ਼ੁਰੂ ਕਰ ਦਿੰਦੀ ਹੈ. ਇਹ ਬਿਜਲਈ ਧਰਾਵਾਂ ਧਰਤੀ ਦੇ ਗਰਭ ਵਿੱਚ ਮੌਜੂਦ ਆਇਨਾ ਤੇ ਇਲੈਕਟਰਾਨਾਂ ਦੀ ਹੋਂਦ ਕਾਰਨ ਸੰਭਵ ਹੁੰਦੀਆਂ ਹਨ. ਛੋਟੇ-ਮੋਟੇ ਨੁਕਸਾਂ ਦੇ ਬਾਵਜੂਦ ਇਹ ਸਿਧਾਂਤ ਆਪਣੀ ਵਿਗਿਆਨਕਤਾ ਕਾਰਨ ਸਵੀਕਾਰ ਕੀਤਾ ਜਾਂਦਾ ਹੈ.

**ਸਵਾਲ:** ਨਦੀਆਂ, ਨਹਿਰਾਂ, ਨਾਲਿਆਂ ਆਦਿ ਦਾ ਪਾਣੀ ਸਰਦੀਆਂ ਵਿੱਚ ਉਡਦਾ ਦਿਖਾਈ ਦਿੰਦਾ ਹੈ, ਗਰਮੀਆਂ ਵਿੱਚ ਕਿਉਂ ਨਹੀਂ ?

**ਜਵਾਬ:** ਪਾਣੀ, ਅਣੂਆਂ ਦਾ ਬਣਿਆ ਹੁੰਦਾ ਹੈ ਜੋ ਹਮੇਸ਼ਾਂ ਗਤੀਸ਼ੀਲ ਰਹਿੰਦੇ ਹਨ. ਦੂਸਰੇ ਅਣੂਆਂ ਦੀ ਖਿੱਚ ਦੇ ਬਾਵਜੂਦ, ਕੁੱਝ ਵਧੇਰੇ ਸਪੀਡ ਵਾਲੇ ਅਜਿਹੇ ਅਣੂ ਪਾਣੀ ਦੇ ਤਲ ਤੋਂ ਉੱਚਾ ਉੱਠਣ ਵਿੱਚ ਕਾਮਯਾਬ ਹੋ ਜਾਂਦੇ ਹਨ. ਪਾਣੀ ਦੇ ਤਲ ਤੋਂ ਅਣੂਆਂ ਦੇ ਇਸ ਤਰ੍ਹਾਂ ਉੱਚਾ ਉਠ ਜਾਣ ਨੂੰ ਵਾਸ਼ਪੀਕਰਨ ਕਿਹਾ ਜਾਂਦਾ ਹੈ. ਇਹ ਅਦਿੱਖ ਹੁੰਦਾ ਹੈ ਅਤੇ ਹਮੇਸ਼ਾਂ ਜਾਰੀ ਰਹਿੰਦਾ ਹੈ.

ਵਾਸ਼ਪੀਕਰਨ ਦੇ ਉਲਟ ਕ੍ਰਿਆ ਹੈ ਸੰਘਣਨ. ਨੀਵੇਂ ਤਾਪ ਅਤੇ ਉੱਚ ਦਾਬ ਤੇ ਵਧੇਰੇ ਹੁੰਦਾ ਹੈ, ਬਸ਼ਰਤੇ ਹਵਾ ਵਿੱਚ ਜਲਵਾਸ਼ਪ ਮੌਜੂਦ ਹੋਣ. ਸਰਦੀਆਂ ਵਿੱਚ ਪਾਣੀ ਦੇ ਤਲ ਦੇ ਉਪਰਲੀ ਹਵਾ ਠੰਡੀ ਹੋਣ ਕਾਰਨ ਜਲਵਾਸ਼ਪਾਂ ਦੇ ਕੁੱਝ ਭਾਗਾਂ ਨੂੰ ਜਲਦੀ ਹੀ ਸੰਘਣਿਤ ਕਰ ਦਿੰਦੀ ਹੈ ਅਤੇ ਇਹ ਸੰਘਣਿਤ ਜਲ-ਕਣ ਵਾਸ਼ਪੀਕਰਨ ਰਾਹੀਂ ਸਾਨੂੰ ਉਡਦੇ ਹੋਏ ਪਾਣੀ ਦਾ ਭੁਲੇਖਾ ਪਾਉਂਦੇ ਹਨ. ਗਰਮੀਆਂ ਵਿੱਚ ਸੰਘਣਨ ਘੱਟ ਹੋਣ ਕਾਰਨ ਅਜਿਹਾ ਦਿਖਾਈ ਨਹੀਂ ਦਿੰਦਾ.

**ਸਵਾਲ:** ਅਸਮਾਨੀ ਬਿਜਲੀ ਕਿਵੇਂ ਪੈਦਾ ਹੁੰਦੀ ਹੈ ? ਇਹ ਧਰਤੀ ਉੱਪਰ ਕਿਉਂ ਡਿਗਦੀ ਹੈ ਅਤੇ ਇਸਤੋਂ ਕੀ ਬਚਾਓ ਕੀਤਾ ਜਾ ਸਕਦਾ ਹੈ ?

**ਜਵਾਬ:** ਬੈਂਜਾਮਿਨ ਫਰੈਂਕਲਿਨ ਨਾਮ ਦੇ ਵਿਗਿਆਨੀ ਨੇ ਸਭ ਤੋਂ ਪਹਿਲਾਂ ਇਹ ਸਿੱਧ ਕੀਤਾ ਕਿ ਅਕਾਸ਼ੀ ਬਿਜਲੀ ਵੀ ਸਾਧਾਰਣ ਬਿਜਲੀ ਵਾਂਗ ਹੀ ਹੁੰਦੀ ਹੈ. ਉਸਨੇ ਇੱਕ ਰੇਸ਼ਮ ਦੀ ਡੋਰੀ (ਜਿਸ ਵਿੱਚੋਂ ਕਰੰਟ ਲੰਘ ਸਕੇ) ਨਾਲ ਪਤੰਗ ਬੰਨ ਕੇ ਬੱਦਲਾਂ ਵਾਲੇ ਦਿਨ ਉਡਾਈ ਅਤੇ ਡੋਰੀ ਦੇ ਆਪਣੇ ਹੱਥ ਵਿਚਲੇ ਸਿਰੇ ਤੇ ਬਿਜਲੀ ਦਾ ਅਸਰ ਮਹਿਸੂਸ ਕੀਤਾ. ਇਸ ਤਰ੍ਹਾਂ ਉਸਨੇ ਅਕਾਸ਼ੀ ਬਿਜਲੀ ਦੀ ਵਿਗਿਆਨਕ ਪਰਖ-ਪੜਤਾਲ ਦਾ ਮੁੱਢ ਬੰਨਿਆ.

ਬੱਦਲਾਂ ਵਿੱਚ ਬਿਜਲੀ ਪੈਦਾ ਹੋਣ ਬਾਰੇ ਹੁਣ ਵਧੇਰੇ ਪ੍ਰਵਾਨਿਤ ਸਿਧਾਂਤ ਇਹ ਹੈ ਕਿ ਧਰਤੀ ਦੇ ਵਾਯੂਮੰਡਲ ਵਿੱਚ ਪੁਲਾੜ ਵਿੱਚੋਂ ਹਰ ਵੇਲੇ ਉਚ ਊਰਜਾ ਵਾਲੇ ਕਣ, ਕਾਸਮਿਕ ਵਿਕੀਰਣਾਂ (Cosmic Radiations) ਦੇ ਰੂਪ ਵਿੱਚ ਟਕਰਾਉਂਦੇ ਰਹਿੰਦੇ ਹਨ. ਇਹ ਵਿਕੀਰਣ ਹੀ ਵਾਯੂਮੰਡਲ ਵਿੱਚ ਧਨ ਅਤੇ ਰਿਣ ਚਾਰਜ ਪੈਦਾ ਕਰਦੇ ਹਨ. ਬੱਦਲਾਂ ਵਿੱਚ ਇਕੱਠੀਆਂ ਹੋਈਆਂ ਪਾਣੀ ਦੀਆਂ ਬੂੰਦਾਂ ਦੇ ਇਸ ਤਰ੍ਹਾਂ ਚਾਰਜਿਤ ਹੋਈ ਜਾਣ ਨਾਲ ਉੱਥੇ ਬਿਜਲੀ ਪੁਟੈਂਸ਼ਲ (ਵੋਲਟੇਜ) ਬਹੁਤ ਵੱਧ

ਜਾਂਦਾ ਹੈ. ਜਦ ਇਹ ਪੁਟੈਂਸ਼ਲ ਹਵਾ ਦੇ ਪ੍ਰਤੀਰੋਧ (Resistance) ਤੋਂ ਜ਼ਿਆਦਾ ਵਧ ਜਾਂਦਾ ਹੈ ਤਾਂ ਬਿਜਲੀ ਦੀ ਧਾਰਾ ਹਵਾ ਵਿੱਚੋਂ ਗੁਜ਼ਰਦੀ ਹੈ ਜਿਸ ਨਾਲ ਗਰਜ-ਚਮਕ ਪੈਦਾ ਹੁੰਦੀ ਹੈ. ਆਮ ਕਰਕੇ ਇਹ ਧਾਰਾ ਉਲਟ ਚਾਰਜਿਤ ਬੱਦਲਾਂ ਵਿਚਕਾਰ ਹੀ ਗੁਜ਼ਰਦੀ ਹੈ ਜਿਸ ਦਾ ਸਾਨੂੰ ਕੋਈ ਨੁਕਸਾਨ ਨਹੀਂ ਹੁੰਦਾ, ਪਰ ਜਦ ਬਿਜਲੀ ਨਾਲ ਚਾਰਜਿਤ ਬੱਦਲ ਧਰਤੀ ਦੇ ਨੇੜੇ ਹੋਵੇ ਅਤੇ ਧਰਤੀ ਉੱਪਰ ਉਸਦੇ ਉਲਟ ਚਾਰਜ ਪੈਦਾ ਹੋ ਜਾਵੇ ਤਾਂ ਇਹ ਬਿਜਲੀ ਧਾਰਾ ਬੱਦਲ ਤੋਂ ਧਰਤੀ ਵੱਲ ਚਲਦੀ ਹੈ ਅਤੇ ਸਾਡੇ ਲਈ ਨੁਕਸਾਨ ਦੇਹ ਹੋ ਸਕਦੀ ਹੈ.

ਬਿਜਲੀ ਦੀ ਧਾਰਾ ਹਮੇਸ਼ਾਂ ਉਸ ਰਸਤੇ ਵਿੱਚੋਂ ਲੰਘਦੀ ਹੈ ਜਿੱਥੋਂ ਦੀ ਇਸ ਨੂੰ ਘੱਟ ਤੋਂ ਘੱਟ ਰੁਕਾਵਟ ਦਾ ਸਾਹਮਣਾ ਕਰਨਾ ਪਵੇ. ਇਸ ਲਈ ਇਸ ਤੋਂ ਬਚਾਓ ਦਾ ਇਹੀ ਤਰੀਕਾ ਹੈ ਕਿ ਬਿਲਡਿੰਗ ਦੇ ਸਭ ਤੋਂ ਉੱਚੇ ਹਿੱਸੇ ਤੇ ਧਾਤ ਦੀ ਛੜ ਲਗਾਕੇ ਉਸ ਤੋਂ ਇੱਕ ਤਾਂਬੇ ਦੀ ਪੱਤੀ ਕੰਧ ਦੇ ਨਾਲ-ਨਾਲ ਲਿਜਾਕੇ ਧਰਤੀ ਵਿੱਚ ਕਾਫੀ ਸਿੱਲੀ ਜ਼ਮੀਨ ਵਿੱਚ ਦੱਬ ਦਿੱਤੀ ਜਾਵੇ ਯਾਨੀ ਕਿ ਅਰਥ ਕਰ ਦਿੱਤੀ ਜਾਵੇ. ਇਸ ਤਰ੍ਹਾਂ ਵਾਧੂ ਬਿਜਲੀ ਚਾਰਜ ਕਿਸੇ ਹੋਰ ਚੀਜ਼ ਨੂੰ ਨੁਕਸਾਨ ਪਹੁੰਚਾਏ ਬਗੈਰ ਇਸ (ਚਾਲਕ) ਰਾਹੀਂ ਧਰਤੀ ਵਿੱਚ ਚਲਾ ਆ ਜਾਂਦਾ ਹੈ. ਬਿਲਡਿੰਗ ਦੇ ਧਾਤ ਦੇ ਬਣੇ ਮੁੱਖ ਹਿੱਸਿਆਂ ਨੂੰ ਵੀ ਤਾਰਾਂ ਰਾਹੀਂ ਇਸ ਚਾਲਕ ਨਾਲ ਜੋੜ ਦਿੱਤਾ ਜਾਂਦਾ ਹੈ. ਬਿਜਲੀ ਡਿੱਗਣ ਦਾ ਖਤਰਾ ਉੱਚੀਆਂ ਇਮਾਰਤਾਂ ਨੂੰ ਹੀ ਵਧੇਰੇ ਹੁੰਦਾ ਹੈ. ਜੇ ਉਪਰੋਕਤ ਚਾਲਕ ਨਾ ਲਗਾਇਆ ਹੋਵੇ ਤਾਂ ਅਕਾਸ਼ੀ ਬਿਜਲੀ ਦਾ ਚਾਰਜ ਗਿੱਲੀਆਂ ਕੰਧਾਂ ਆਦਿ ਵਿੱਚੋਂ ਗੁਜਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਕੰਧਾਂ ਆਦਿ ਦਾ ਪ੍ਰਤੀਰੋਧ ਜਿਆਦਾ ਹੋਣ ਕਾਰਨ ਤਬਾਹੀ ਕਰਦਾ ਹੈ.

ਅੱਜ ਕੱਲ ਟੈਲੀਵਿਜ਼ਨ ਦੇ ਐਨਟੀਨੇ ਵੀ ਇਸ ਕੰਮ ਲਈ ਸਹਾਈ ਹੋ ਸਕਦੇ ਹਨ ਜੇ ਇਹਨਾਂ ਨੂੰ ਧਰਤੀ ਵਿੱਚ ਅਰਥ ਕਰ ਦਿੱਤਾ ਜਾਵੇ. ਪਰ ਧਰਤੀ ਵਿੱਚ ਅਰਥ ਕੀਤੇ ਜਾਣ ਬਗੈਰ ਛੱਤਾਂ ਉੱਪਰ ਜੜੇ ਐਨਟੀਨੇ ਸਗੋਂ ਨੁਕਸਾਨਦਾਇਕ ਹਨ ਕਿਉਂਕਿ ਬਿਜਲੀ ਚਾਰਜ ਇਨ੍ਹਾਂ ਵਿੱਚ ਆ ਤਾਂ ਆਸਾਨੀ ਨਾਲ ਜਾਵੇਗਾ ਪਰ ਅੱਗੇ ਨਿਕਲਣ ਲਈ ਰਸਤਾ ਨਾ ਹੋਣ ਕਾਰਨ ਨੁਕਸਾਨ ਕਰੇਗਾ.

ਮਨੁੱਖੀ ਸਰੀਰ ਬਿਜਲੀ ਦਾ ਚਾਲਕ ਹੋਣ ਕਾਰਨ ਅਕਸਰ ਕਈ ਵੇਰ ਅਕਾਸ਼ੀ ਬਿਜਲੀ ਦੀ ਧਾਰਾ ਇਸ ਵਿੱਚ ਦੀ ਗੁਜ਼ਰ ਜਾਂਦੀ ਹੈ ਜਿਸ ਨਾਲ ਉਸਦੀ ਮੌਤ ਹੋ ਜਾਂਦੀ ਹੈ. ਬਿਜਲੀ ਦੇ ਡਿੱਗਣ ਬਾਰੇ ਮਾਮੇ-ਭਾਣਜੇ ਦੇ ਇਕੱਠੇ ਹੋਣ ਤੋਂ ਲੈ ਕੇ ਕਾਲੇ ਸੱਪਾਂ ਤੀਕ ਅਨੇਕਾਂ ਅੰਧਵਿਸ਼ਵਾਸ ਪ੍ਰਚਲਿਤ ਹਨ. ਪਰ ਅਸਲ ਵਿੱਚ ਅਕਾਸ਼ੀ ਬਿਜਲੀ ਦੇ ਕਿਸੇ ਚੀਜ਼ ਵੱਲ ਵਧੇਰੇ ਆਕਰਸ਼ਿਤ ਹੋਣ ਦਾ ਇੱਕੋ-ਇੱਕ ਆਧਾਰ ਉਸ ਵਸਤੂ ਦੀ ਬਿਜਲੀ ਚਾਲਕਤਾ (Conductivity) ਹੀ ਹੈ ਕਿਉਂਕਿ ਬਿਜਲੀ ਧਾਰਾ ਹਮੇਸ਼ਾਂ ਹੀ ਘੱਟ ਤੋਂ ਘੱਟ ਪ੍ਰਤੀਰੋਧ ਵਾਲੇ ਰਸਤੇ ਵਿੱਚੋਂ ਗੁਜਰਦੀ ਹੈ. ਬਿਜਲੀ ਦੇ ਇਸ ਗੁਣ ਕਾਰਨ ਕਈ ਵਾਰ ਕੁਝ ਅਜਿਹੀਆਂ ਅਜੀਬੋ-ਗਰੀਬ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ ਜਿਵੇਂ ਮਕਾਨ ਉੱਪਰ ਬਿਜਲੀ ਡਿੱਗਣ ਦੇ ਬਾਵਜੂਦ ਵੀ ਕਮਰੇ ਵਿੱਚ ਬਿਸਤਰੇ ਵਿੱਚ ਪਿਆ ਆਦਮੀ ਠੀਕ-ਠਾਕ ਬਚ ਜਾਂਦਾ ਹੈ. ਇਸ ਨੂੰ ਅਕਸਰ ਇੱਕ ਕਰਾਮਾਤ ਸਮਝਿਆ ਜਾਂਦਾ ਹੈ ਜਦ ਕਿ ਇਸ ਦਾ ਕਾਰਨ ਇਹ ਹੁੰਦਾ ਹੈ ਕਿ ਉਸ ਉੱਪਰ ਲਏ ਊਨੀ ਕੱਪੜੇ, ਕੰਬਲ ਆਦਿ ਬਿਜਲੀ ਦੇ ਕੁਚਾਲਕ ਹੁੰਦੇ ਹਨ ਜਿਸ ਕਰਕੇ ਬਿਜਲੀ ਦਾ ਚਾਰਜ ਉੱਧਰ ਦੀ ਨਹੀਂ ਗੁਜਰਦਾ.

**ਸਵਾਲ:** ਚੰਨ ਵਿੱਚ ਧੱਬੇ ਜਿਹੇ ਕਿਉਂ ਹੁੰਦੇ ਹਨ ?

**ਜਵਾਬ:** ਚੰਨ, ਸੂਰਜ ਦੀ ਰੌਸ਼ਨੀ ਪੈਣ ਕਾਰਨ ਚਮਕਦਾ ਦਿਖਾਈ ਦਿੰਦਾ ਹੈ, ਪਰੰਤੂ ਚੰਨ ਦੀ ਸਤਹ ਪੱਧਰੀ (ਸਮਤਲ) ਨਹੀਂ ਹੈ. ਇਸ ਉੱਪਰ ਵੀ ਧਰਤੀ ਵਾਂਗ ਹੀ ਵੱਡੇ ਵੱਡੇ ਡੂੰਘੇ ਟੋਏ ਹਨ. ਚੰਨ ਦੇ ਤਲ ਤੇ ਇਹ ਨੀਵੇਂ ਹਿੱਸੇ ਹੀ ਸਾਨੂੰ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ.

**ਸਵਾਲ:** ਚੜ੍ਹਦਾ ਅਤੇ ਛਿਪਦਾ ਸੂਰਜ ਲਾਲ ਕਿਉਂ ਦਿਖਾਈ ਦਿੰਦਾ ਹੈ ?

**ਜਵਾਬ:** ਇਹ ਵਰਤਾਰਾ ਸਮਝਣ ਲਈ ਸਭ ਤੋਂ ਪਹਿਲਾਂ ਇਸ ਤੱਥ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸੂਰਜ ਦਾ ਪ੍ਰਕਾਸ਼ ਅਸਲ ਵਿੱਚ ਸੱਤ ਰੰਗਾਂ ਨੂੰ ਮਿਲਾ ਕੇ ਬਣਦਾ ਹੈ. ਪ੍ਰਕਾਸ਼ ਵਿਚਲੇ ਇਹ ਸੱਤ ਰੰਗ ਹਨ – ਵੈਂਗਣੀ, ਨੀਲਾ, ਅਸਮਾਨੀ, ਹਰਾ, ਪੀਲਾ, ਸੰਤਰੀ ਅਤੇ ਲਾਲ. ਸਵੇਰ ਅਤੇ ਸ਼ਾਮ ਦੇ ਸਮੇਂ ਸੂਰਜ ਦੀਆਂ ਕਿਰਨਾਂ ਨੂੰ ਸਾਡੇ ਤੱਕ ਪਹੁੰਚਣ ਲਈ ਵਾਯੂਮੰਡਲ ਵਿੱਚ ਦੀ ਬਹੁਤ ਜ਼ਿਆਦਾ ਦੂਰੀ ਤੈਅ ਕਰਨੀ ਪੈਂਦੀ ਹੈ. ਸਵੇਰ ਅਤੇ ਸ਼ਾਮ ਦੇ ਸਮੇਂ ਧਰਤੀ ਦੇ ਵਾਯੂਮੰਡਲ ਵਿੱਚ ਦੀ ਤੈਅ ਕੀਤੀ ਦੂਰੀ ਦੁਪਹਿਰ ਦੇ ਸਮੇਂ ਨਾਲੋਂ ਲੱਗਭੱਗ 50 ਗੁਣਾ ਜ਼ਿਆਦਾ ਹੁੰਦੀ ਹੈ. ਵਾਯੂਮੰਡਲ ਵਿਚਲੇ ਧੂੜ ਅਤੇ ਪਾਣੀ ਦੇ ਕਣ ਸੂਰਜ ਦੇ ਪ੍ਰਕਾਸ਼ ਦੇ ਅੱਡ-ਅੱਡ ਰੰਗਾਂ ਨੂੰ ਵੱਖ-ਵੱਖ ਮਾਤਰਾ ਵਿੱਚ ਖਿੰਡਾ ਦਿੰਦੇ ਹਨ. ਵੈਂਗਣੀ ਰੰਗ ਸਭ ਤੋਂ ਵੱਧ ਖਿੰਡਦਾ ਹੈ ਅਤੇ ਲਾਲ ਸਭ ਤੋਂ ਘੱਟ. ਇਸ ਕਰਕੇ ਲਾਲ ਰੰਗ ਸਾਡੀਆਂ ਅੱਖਾਂ ਤੀਕ ਵਧੇਰੇ ਮਾਤਰਾ ਵਿੱਚ ਪੁੱਜਦਾ ਹੈ. ਸੋ ਇਸਦਾ ਕਾਰਨ ਚੜ੍ਹਦੇ ਅਤੇ ਛਿਪਦੇ ਸੂਰਜ ਦੀਆਂ ਕਿਰਨਾਂ ਵੱਲੋਂ ਸਾਡੇ ਤੀਕ ਪਹੁੰਚਣ ਲਈ ਵਾਯੂਮੰਡਲ ਵਿੱਚ ਦੀ ਵਧੀਕ ਦੂਰੀ ਤੈਅ ਕੀਤੇ ਜਾਣਾ ਹੈ.

**ਸਵਾਲ:** ਸੂਰਜ ਦੀ ਗਰਮੀ ਕਿਵੇਂ ਨਾਪੀ ਜਾਂਦੀ ਹੈ ?

**ਜਵਾਬ:** ਤਾਪਮਾਨ ਨੂੰ ਮਿਣਨ ਦੇ ਕਈ ਤਰੀਕੇ ਹਨ. ਸਭ ਤੋਂ ਜ਼ਿਆਦਾ ਪ੍ਰਚੱਲਿਤ ਪਾਰੇ ਵਾਲਾ ਥਰਮਾਮੀਟਰ ਹੁੰਦਾ ਹੈ. ਪ੍ਰੰਤੂ ਪਾਰੇ ਵਾਲੇ ਥਰਮਾਮੀਟਰ ਨਾਲ 35.7 ਡਿਗਰੀ ਸੈਂਟੀਗ੍ਰੇਡ ਤੋਂ ਜ਼ਿਆਦਾ ਤਾਪਮਾਨ ਨਹੀਂ ਮਿਣਿਆ ਜਾ ਸਕਦਾ. ਇਸ ਤੋਂ ਜ਼ਿਆਦਾ ਤਾਪਮਾਨ ਮਿਣਨ ਲਈ (ਭੱਠੀਆਂ ਵਗੈਰਾ ਦਾ) ਪਾਏਰੋਮੀਟਰ (Pyrometer) ਦੀ ਵਰਤੋਂ ਕੀਤੀ ਜਾਂਦੀ ਹੈ. ਸੂਰਜ ਦੇ ਤਾਪਮਾਨ ਨੂੰ ਮਿਣਨ ਲਈ ਇੱਕ ਹੋਰ ਵਿਧੀ ਵਰਤੀ ਜਾਂਦੀ ਹੈ. ਇਸ ਸਿਧਾਂਤ ਅਨੁਸਾਰ ਕੋਈ ਵੀ ਗਰਮ ਵਸਤੂ ਵੱਧ ਤੋਂ ਵੱਧ ਊਰਜਾ ਪੈਦਾ ਕਰਨ ਵੇਲੇ ਜੋ ਰੰਗ ਛੱਡਦੀ ਹੈ ਉਹ ਉਸ ਗਰਮ ਵਸਤੂ ਦੇ ਤਾਪਮਾਨ ਨਾਲ ਸਿੱਧੇ ਤੌਰ ਤੇ ਸਬੰਧਿਤ ਹੁੰਦੀ ਹੈ. ਇਹ ਵੇਨ (Wen) ਦੇ ਸਿਧਾਂਤ ਵਜੋਂ ਜਾਣਿਆ ਜਾਂਦਾ ਤੱਥ ਹੈ. ਸੂਰਜ ਦੀ ਰੌਸ਼ਨੀ ਅਨੇਕਾਂ ਰੰਗਾਂ ਦਾ ਮਿਸ਼ਰਣ ਹੈ. ਜਦੋਂ ਸੂਰਜ ਦੀ ਧੁੱਪ ਦੀ ਰੰਗ-ਪੱਟੀ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਸ ਕੰਮ ਲਈ ਵਿਸ਼ੇਸ਼ ਯੰਤਰ ਬੋਲੋਮੀਟਰ (Bolometer) ਵਰਤਿਆ ਜਾਂਦਾ ਹੈ ਅਤੇ ਸੂਰਜ ਦੀ ਇਸ ਰੰਗ-ਪੱਟੀ ਦੇ ਹਰੇ ਰੰਗ ਉੱਪਰ ਵੱਧ ਤੋਂ ਵੱਧ ਤੀਖਣਤਾ ਦਿਖਾਈ ਦਿੰਦੀ ਹੈ. ਵੇਨ ਦੇ ਇਸ ਸਿਧਾਂਤ ਤੋਂ ਅਸੀਂ ਸੂਰਜ ਦੀ ਸਤਹਿ ਦਾ ਤਾਪਮਾਨ 5800 ਡਿਗਰੀ ਸੈਂਟੀਗ੍ਰੇਡ ਮਾਪਿਆ ਗਿਆ ਹੈ.

**ਸਵਾਲ:** ਭੁਚਾਲਾਂ ਦੀ ਮਿਣਤੀ ਕਿਵੇਂ ਕੀਤੀ ਜਾਂਦੀ ਹੈ ?

**ਜਵਾਬ:** ਭੁਚਾਲਾਂ ਦੀ ਮਿਣਤੀ ਇਸ ਦੀ ਮਾਤਰਾ ਜਾਂ ਤੀਖਣਤਾ ਦੇ ਕੋਣ ਤੋਂ ਕੀਤੀ ਜਾਂਦੀ ਹੈ. ਮਾਤਰਾ (Magnitude) ਦੀ ਗਿਣਤੀ, ਭੁਚਾਲ ਦੇ ਸੋਮੇ, ਜਿੱਥੋਂ ਉਹ ਪੈਦਾ ਹੋਇਆ ਹੁੰਦਾ ਹੈ, ਦੀ ਸ਼ਕਤੀ ਦੇ ਆਧਾਰ ਤੇ ਕੀਤੀ ਜਾਂਦੀ ਹੈ. ਇਸ ਨੂੰ

ਰਿਕਟਰ ਸਕੇਲ ਦੇ ਹਿਸਾਬ ਨਾਲ 8 ਨੁਕਤੇ ਸਕੇਲ ਨਾਲ ਮਾਪਿਆ ਜਾਂਦਾ ਹੈ. ਇੱਕ ਅਮਰੀਕੀ ਭੂ-ਭੌਤਿਕ ਵਿਗਿਆਨੀ ਚਾਰਲਸ ਰਿਕਟਰ ਨੇ 1935 ਵਿੱਚ ਇੱਕ ਮਾਪ-ਯੰਤਰ ਤਿਆਰ ਕੀਤਾ, ਜਿਸ ਨਾਲ ਭੁਚਾਲ ਦੀ ਸ਼ਕਤੀ ਦੇ ਹਿਸਾਬ ਨਾਲ ਇਸ ਨੂੰ ਅੰਕ ਦਿੱਤੇ ਜਾਂਦੇ ਹਨ. ਇਸ ਲਈ ਇੱਕ ਯੰਤਰ Seimograph ਹੁੰਦਾ ਹੈ ਜੋ ਭੁਚਾਲ ਦੀ ਧਰਤੀ ਉਪਰਲੀ ਗਤੀ ਨੂੰ ਜਾਨਣ ਲਈ ਵਰਤਿਆ ਜਾਂਦਾ ਹੈ.

ਤੀਖਣਤਾ ਭੁਚਾਲ ਦੇ ਸਥਾਨਕ ਅਸਰ ਨੂੰ ਦੇਖ ਕੇ ਜਾਣੀ ਜਾਂਦੀ ਹੈ ਅਤੇ ਇਹ ਤੀਖਣਤਾ ਭੁਚਾਲ ਦੇ ਸੋਮੇ ਤੋਂ ਵਿਥ ਦੇ ਵੱਧ ਜਾਂ ਘੱਟ ਹੋਣ ਅਨੁਸਾਰ ਹੁੰਦੀ ਹੈ. ਤੀਖਣਤਾ (Intensity) ਦਾ ਮਾਪ ਮਰਕਲੀ ਸਕੇਲ ਅਨੁਸਾਰ ਪਤਾ ਲਾਇਆ ਜਾਂਦਾ ਹੈ. ਮਰਕਲੀ, ਇਟਲੀ ਦਾ ਭੁਚਾਲ ਵਿਗਿਆਨੀ ਸੀ. ਉਸ ਨੇ ਤੀਖਣਤਾ ਮਾਪਣ ਦਾ ਯੰਤਰ ਈਜਾਦ ਕੀਤਾ ਸੀ. ਇਸ ਵਿੱਚ ਕਾਫੀ ਸੋਧਾਂ ਹੋਈਆਂ ਹਨ, ਪਰ ਫਿਰ ਵੀ ਇਸ ਨੂੰ Modified Mercalli Intensity Scale (M.M.) ਵਜੋਂ ਜਾਣਿਆ ਜਾਂਦਾ ਹੈ. ਇਸ ਅਨੁਸਾਰ ਭੁਚਾਲਾਂ ਨੂੰ 12 ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ. ਪਹਿਲੀ ਸ਼੍ਰੇਣੀ ਅਜਿਹੀ ਹੈ ਜਿਸ ਵਿੱਚ ਉਨ੍ਹਾਂ ਭੁਚਾਲਾਂ ਨੂੰ ਗਿਣਿਆ ਜਾਂਦਾ ਹੈ ਜਿਸ ਬਾਰੇ ਸਾਰਿਆਂ ਨੂੰ ਪਤਾ ਨਹੀਂ ਲਗਦਾ ਅਤੇ ਬਾਰਵੀਂ ਸ਼੍ਰੇਣੀ ਅਜਿਹੀ ਹੈ ਜਿਸ ਵਿੱਚ ਪੂਰਨ ਤਬਾਹੀ ਹੋ ਜਾਂਦੀ ਹੈ.

**ਸਵਾਲ:** ਤਾਰਾ ਕਿਵੇਂ ਟੁੱਟਦਾ ਹੈ ?

**ਜਵਾਬ:** ਅਸਲ ਵਿੱਚ ਤਾਰੇ ਕਦੇ ਨਹੀਂ ਟੁੱਟਦੇ. ਟੁੱਟਣ ਵਾਲੇ ਤਾਰਾ ਤਾਂ ਛੋਟੇ-ਛੋਟੇ ਆਕਾਸ਼ੀ ਪਿੰਡ ਹਨ ਜੋ ਬ੍ਰਹਿਮੰਡ ਵਿੱਚ ਉਡਦੇ ਫਿਰਦੇ ਹਨ ਪ੍ਰੰਤੂ ਆਕਾਰ ਵਿੱਚ ਛੋਟੇ ਹੋਣ ਕਾਰਨ ਦਿਖਾਈ ਨਹੀਂ ਦਿੰਦੇ. ਜਦੋਂ ਕੋਈ ਆਕਾਸ਼ੀ ਪਿੰਡ ਭੌਂਦਾ-ਭੌਂਦਾ ਧਰਤੀ ਦੀ ਗੁਰੂਤਾ ਖਿੱਚ ਦੇ ਦਾਇਰੇ ਅੰਦਰ ਆ ਜਾਂਦਾ ਹੈ ਤਾਂ ਧਰਤੀ ਉਸ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ. ਧਰਤੀ ਵੱਲ ਡਿੱਗਣ ਸਮੇਂ ਉਸਦੀ ਗਤੀ ਬਹੁਤ ਤੇਜ਼ ਹੋ ਜਾਣ ਕਾਰਨ, ਧਰਤੀ ਉਤਲੀ ਹਵਾ ਨਾਲ ਰਗੜ ਦੇ ਸਿੱਟੇ ਵਜੋਂ ਉਸਨੂੰ ਅੱਗ ਲੱਗ ਜਾਂਦੀ ਹੈ ਤੇ ਉਹ ਚਮਕਣ ਲੱਗ ਜਾਂਦਾ ਹੈ. ਕੁੱਝ ਹੀ ਸਕਿੰਟਾਂ ਵਿੱਚ ਇਹ ਰਸਤੇ ਵਿੱਚ ਇਹ ਰਾਖ ਹੋ ਜਾਂਦਾ ਹੈ. ਜੇਕਰ ਇਹ ਆਕਾਸ਼ੀ ਪਿੰਡ ਬਹੁਤਾ ਵੱਡਾ ਹੋਵੇ ਤਾਂ ਇਹ ਜਲ ਕੇ ਖਤਮ ਹੋ ਜਾਣ ਦੀ ਬਜਾਏ ਧਰਤੀ ਤੇ ਵੀ ਡਿੱਗ ਸਕਦਾ ਹੈ ਪ੍ਰੰਤੂ ਅਜਿਹਾ ਬਹੁਤ ਹੀ ਘੱਟ ਵਾਪਰਦਾ ਹੈ.

**ਸਵਾਲ:** ਧਰਤੀ ਦੀ ਉਮਰ ਕਿਵੇਂ ਜਾਣੀ ਜਾਂਦੀ ਹੈ ?

**ਜਵਾਬ:** ਮੁਸਲਮਾਨਾਂ ਮੁਤਾਬਿਕ ਅੱਲਾ ਨੇ ਸ਼ਬਦ ਕੁਨੂੰ ਕਿਹਾ ਤਾਂ ਸਾਰੀ ਕਾਇਨਾਤ ਹੋਂਦ ਵਿੱਚ ਆ ਗਈ. ਜੇਮਜ ਉਜ਼ਰ ਨਾਂ ਦੇ ਪਾਦਰੀ ਮੁਤਾਬਿਕ 22 ਅਕਤੂਬਰ ਨੂੰ ਈਸਾ ਦੇ ਜਨਮ ਤੋਂ 4004 ਸਾਲ ਪਹਿਲਾਂ ਇਹ ਧਰਤੀ ਰਾਤ ਦੇ ਅੱਠ ਵਜੇ ਹੋਂਦ ਵਿੱਚ ਆਈ. ਇਸ ਵਿਚਾਰ ਨੂੰ 1785 ਵਿੱਚ ਚੁਣੌਤੀ ਦਿੱਤੀ ਗਈ. ਜਦੋਂ ਇੱਕ ਸਕਾਟਲੈਂਡ ਵਿਗਿਆਨੀ ਜੇਮਜ਼ ਹਟਨ ਨੇ ਐਲਾਨ ਕੀਤਾ ਕਿ ਪਹਾੜਾਂ ਦੀ ਸਿਰਜਣਾ ਅਤੇ ਦਰਿਆਵਾਂ ਦੇ ਥੱਲਿਆਂ ਦੀ ਖਾਰ ਲਈ ਹਜ਼ਾਰਾਂ ਨਹੀਂ ਬਲਕਿ ਲੱਖਾਂ ਵਰ੍ਹੇ ਲੱਗੇ ਹਨ. 1896 ਵਿੱਚ ਫਰਾਂਸੀਸੀ ਭੌਤਿਕ ਵਿਗਿਆਨੀ ਅਨਟੋਨ ਹੈਨਰੀ ਬੈਕਰਲ ਦੁਆਰਾ ਰੇਡੀਓ ਕਿਰਨਾਂ ਦੀ ਖੋਜ ਬਾਦ ਹੀ ਧਰਤੀ ਦੀ ਸਹੀ ਉਮਰ ਜਾਨਣ ਬਾਰੇ ਸੰਭਵ ਹੋ ਸਕਿਆ. ਵਿਗਿਆਨੀ ਇਹ ਮੰਨਦੇ ਹਨ ਕਿ ਧਰਤੀ ਦੀ ਪੇਪੜੀ ਬਣਨ ਲਈ ਸਾਢੇ ਚਾਰ ਅਰਬ ਸਾਲ ਲੱਗੇ. ਇਹ ਗਿਣਤੀ, ਕੁੱਝ ਰੇਡੀਓਐਕਟਿਵ ਖਣਿਜ ਪਦਾਰਥਾਂ ਦੇ ਗਲਣ

ਦੀ ਪ੍ਰਕਿਰਿਆ ਦੇ ਅਧਿਐਨ ਕਰਨ ਬਾਅਦ ਕੀਤੀ ਗਈ. ਜਦੋਂ ਲਾਵੇ ਵਿੱਚੋਂ ਨਿਕਲਿਆ ਪਦਾਰਥ ਠੰਢਾ ਤੇ ਸਖਤ ਹੁੰਦਾ ਹੈ ਇਸ ਵਿੱਚ ਰੇਡੀਓਐਕਟਿਵ ਤੱਤ ਰਲ ਜਾਂਦੇ ਹਨ. ਇਹ ਤੱਤ ਬੱਝਵੀਂ ਰਫਤਾਰ ਨਾਲ ਚਲਦੇ ਹਨ.

**ਸਵਾਲ:** ਸਰਦੀ ਦੇ ਮੌਸਮ ਵਿੱਚ ਬਰਸਾਤ ਹੋਣ ਤੇ ਵੀ ਡੱਡੂ ਦਿਖਾਈ ਨਹੀਂ ਦਿੰਦੇ. ਕਿਉਂ ?

**ਜਵਾਬ:** ਡੱਡੂ ਠੰਡੇ ਖ਼ੂਨ ਵਾਲੇ ਜੀਵਾਂ ਦੀ ਕਿਸਮ ਹੈ. ਇਨ੍ਹਾਂ ਦਾ ਤਾਪਮਾਨ ਮਨੁੱਖਾਂ ਜਾਂ ਗਰਮ ਖ਼ੂਨ ਵਾਲੇ ਜੀਵਾਂ ਵਾਂਗ ਸਦਾ ਸਥਿਰ ਨਹੀਂ ਰਹਿ ਸਕਦਾ. ਮੌਸਮ ਅਨੁਸਾਰ ਇਨ੍ਹਾਂ ਠੰਡੇ ਖ਼ੂਨ (Cold-Blodded) ਵਾਲੇ ਜੀਵਾਂ ਦੇ ਖ਼ੂਨ ਦਾ ਤਾਪਮਾਨ ਬਦਲਦਾ ਰਹਿੰਦਾ ਹੈ. ਸਰਦੀਆਂ ਦੇ ਮੌਸਮ ਵਿੱਚ ਇਹ ਧਰਤੀ ਦੇ ਹੇਠਾਂ ਡੂੰਘੇ ਚਲੇ ਜਾਂਦੇ ਹਨ. ਉਥੇ ਬਿਨਾਂ ਕੁਝ ਖਾਧਿਆਂ ਇਹ ਸਾਰੀ ਸਰਦੀ ਗੁਜਾਰਦੇ ਹਨ. ਇਸ ਸਮੇਂ ਨੂੰ ਇਨ੍ਹਾਂ ਦਾ ਹਾਈਬ੍ਰੇਨਸ਼ਨ ਸਮਾਂ ਕਿਹਾ ਜਾਂਦਾ ਹੈ. ਗਰਮੀ ਦਾ ਅਨੁਕੂਲ ਮੌਸਮ ਆਉਣ ਤੇ ਹੀ ਇਨ੍ਹਾਂ ਦਾ ਖ਼ੂਨ ਹਰਕਤ ਕਰਦਾ ਹੈ. ਜ਼ਿਆਦਾਤਾਰ ਇਹ ਦਲਦਲ ਖੇਤਰਾਂ ਵਿੱਚ ਹੇਠਾਂ ਡੂੰਘਾਈ ਵਿੱਚ ਵੜੇ ਹੁੰਦੇ ਹਨ, ਅਤੇ ਗਰਮੀਆਂ ਦੀ ਬਰਸਾਤ ਤੇ ਮੁੜ ਬਾਹਰ ਆ ਜਾਂਦੇ ਹਨ. ਡੱਡੂਆਂ ਲਈ ਇਹ ਸਮਾਂ ਜ਼ਿੰਦਗੀ-ਮੌਤ ਦਾ ਇੱਕ ਫਸਵਾਂ ਘੋਲ ਹੀ ਹੁੰਦਾ ਹੈ. ਬਹੁਤ ਸਾਰੇ ਵਾਪਸ ਹਰਕਤ ਵਿੱਚ ਆਉਣ ਤੋਂ ਅਸਮਰਥ ਵੀ ਰਹਿ ਜਾਂਦੇ ਹਨ.

**ਸਵਾਲ:** ਕੀ ਨੌਂ ਗ੍ਰਹਿਆਂ ਤੋਂ ਇਲਾਵਾ ਵੀ ਹੋਰ ਗ੍ਰਹਿ ਹਨ ?

**ਜਵਾਬ:** ਨਵੇਂ ਲੱਭੇ ਗ੍ਰਹਿਆਂ ਦੀ ਖੋਜ ਸਬੰਧੀ ਸਾਡੇ ਸੌਰ-ਮੰਡਲ ਵਿੱਚ ਦੋ ਹੋਰ ਨਵੇਂ ਗ੍ਰਹਿਆਂ ਦੇ ਹੋਣ ਬਾਰੇ ਖ਼ਬਰਾਂ ਆਈਆਂ ਹਨ, ਪਰ ਇਨ੍ਹਾਂ ਨੂੰ ਵਿਗਿਆਨੀਆਂ ਵੱਲੋਂ ਹਾਲੇ ਮਹਾਨਤਾ ਨਹੀਂ ਮਿਲੀ. ਉਂਝ ਵੱਖਰੇ ਵੱਖਰੇ ਸੂਰਜ-ਮੰਡਲ ਵਿਚਲੇ ਲੱਭੇ ਗ੍ਰਹਿਆਂ ਦੀ ਗਿਣਤੀ 28 ਹੋ ਗਈ ਹੈ. ਖਗੋਲ ਵਿਗਿਆਨੀਆਂ ਨੇ ਹੋਰ ਵੱਡੇ ਗ੍ਰਹਿਆਂ ਦਾ ਪਤਾ ਲਾਇਆ ਹੈ ਜਿਨ੍ਹਾਂ ਵਿੱਚੋਂ ਪੰਜ ਅਜਿਹੇ ਹਨ ਜੋ ਆਪਣੇ ਸੂਰਜਾਂ ਤੋਂ ਅਜਿਹੇ ਨਿਸ਼ਚਿਤ ਫਾਸਲੇ ਤੇ ਪ੍ਰਕਰਮਾਂ ਕਰਦੇ ਹਨ ਜੋ ਫਾਸਲਾ ਪਾਣੀ ਅਤੇ ਜ਼ਿੰਦਗੀ ਲਈ ਸਹਾਇਕ ਮੰਨਿਆ ਜਾਂਦਾ ਹੈ. ਵਿਗਿਆਨੀਆਂ ਨੇ ਪਿਛਲੇ ਸਾਲਾਂ ਵਿੱਚ ਧਰਤੀ ਤੇ ਸੂਰਜ ਵਰਗੇ ਸੈਂਕੜੇ ਤਾਰਿਆਂ ਦਾ ਸਰਵੇਖਣ ਕੀਤਾ ਹੈ ਤਾਂ ਜੋ ਆਪਣੇ ਵਰਗੇ ਸੌਰ-ਮੰਡਲਾਂ ਦੀ ਸਥਿਤੀ ਦਾ ਪਤਾ ਲਾਇਆ ਜਾ ਸਕੇ. ਹਰ ਵਾਰ ਕੀਤੀ ਨਵੀਂ ਖੋਜ ਸਾਡੇ ਸੌਰ-ਮੰਡਲ ਦੇ ਵਿਕਾਸ ਅਤੇ ਧਰਤੀ ਵਰਗੇ ਹੋਰ ਗ੍ਰਹਿ ਲੱਭ ਜਾਣ ਦੀ ਆਸ ਮਜ਼ਬੂਤ ਕਰਦੀ ਹੈ.

ਨਵੇਂ ਲੱਭੇ ਗ੍ਰਹਿਆਂ ਬਾਰੇ ਐਲਾਨ ਕੀਤਾ ਗਿਆ ਹੈ ਕਿ ਉਨ੍ਹਾਂ ਵਿੱਚ ਧਰਤੀ ਵਰਗਾ ਕੁਝ ਵੀ ਨਹੀਂ ਹੈ. ਉਹ ਬਹੁਤ ਵੱਡੇ ਗੈਸੀ ਪਿੰਡ ਹਨ ਅਤੇ ਸਾਡੇ ਸੌਰ-ਮੰਡਲ ਦੇ ਸਭ ਤੋਂ ਵੱਡੇ ਗ੍ਰਹਿ ਬ੍ਰਹਸਪਤੀ (Jupiter) ਤੋਂ ਵੱਡੇ ਹਨ. ਵਿਗਿਆਨੀਆਂ ਅਨੁਸਾਰ ਨਵੇਂ ਛੇ ਗ੍ਰਹਿਆਂ ਵਿੱਚੋਂ ਪੰਜ ਅਜਿਹੇ ਹਨ ਜਿਨ੍ਹਾਂ ਨੂੰ ਵਸੋਂ ਯੋਗ ਕਿਹਾ ਜਾਂਦਾ ਹੈ. ਇਨ੍ਹਾਂ ਗ੍ਰਹਿਆਂ ਤੇ ਪਾਣੀ ਦੀ ਹੋਂਦ ਸੰਭਵ ਹੈ, ਜੋ ਕਿ ਜ਼ਿੰਦਗੀ ਦੀ ਅਹਿਮ ਲੋੜ ਹੈ. ਇਨ੍ਹਾਂ ਤੋਂ ਪਹਿਲਾਂ ਲੱਭੇ ਗਏ ਸੂਰਜੀ ਗ੍ਰਹਿਆਂ ਨਾਲੋਂ ਇਨ੍ਹਾਂ ਦਾ ਵਖਰੇਵਾਂ ਹੈ. ਇਸ ਤੋਂ ਪਹਿਲਾਂ ਲੱਭੇ ਗਏ ਗ੍ਰਹਿਆਂ ਦਾ ਜਾਂ ਤਾਂ ਬਹੁਤ ਜ਼ਿਆਦਾ ਜਾਂ ਫੇਰ ਬਹੁਤ ਘੱਟ ਤਾਪਮਾਨ ਹੈ. ਇਨ੍ਹਾਂ ਵਿਗਿਆਨੀਆਂ ਦੀਆਂ ਇਹ ਲੱਭਤਾਂ ਆਸਰੋ ਫਿਜ਼ੀਕਲ ਜਨਰਲ ਵਿੱਚ ਪ੍ਰਕਾਸ਼ਿਤ ਹੋਈਆਂ ਹਨ.

# ਭਾਗ-ਚੌਥਾ

# ਤਰਕਸ਼ੀਲਤਾ ਸਬੰਧੀ

**ਸਵਾਲ:** ਹਿਪਨੋਟਿਜ਼ਮ ਕਿਸੇ ਦੇ ਪ੍ਰਭਾਵ ਕਬੂਲਣ ਨੂੰ ਹੀ ਕਹਿੰਦੇ ਹਨ. ਜਦ ਸਭ ਨੂੰ ਪਤਾ ਲੱਗ ਗਿਆ ਤਾਂ ਕੀ ਉਹ ਇਹ ਨਹੀਂ ਸਮਝਣਗੇ ਕਿ ਤਰਕਸ਼ੀਲਾਂ ਪਾਸ ਕੁਝ ਵੀ ਨਹੀਂ ?

**ਜਵਾਬ:** ਜਦ ਲੋਕ ਇਹੋ ਸਮਝਣ ਦੇ ਸਮਰੱਥ ਹੋ ਗਏ ਤਾਂ ਉਹ ਆਪ ਹੀ ਤਰਕਸ਼ੀਲ ਬਣ ਜਾਣਗੇ ਤੇ ਸਾਡਾ ਨਿਸ਼ਾਨਾ ਵੀ ਇਹੋ ਹੀ ਹੈ ਕਿ ਉਹ ਇਸ ਪਹੁੰਚ ਨੂੰ ਅਪਨਾਉਣ. ਕਿਸੇ ਦੇ ਵਿਚਾਰ ਉਦੋਂ ਹੀ ਪ੍ਰਭਾਵਸ਼ਾਲੀ ਬਣ ਸਕਦੇ ਹਨ ਜਦੋਂ ਉਸ ਪਾਸ ਠੋਸ ਦਲੀਲਾਂ ਦਾ ਭੰਡਾਰ ਹੋਵੇ ਅਤੇ ਉਹ ਕਾਫੀ ਗਿਆਨ ਰੱਖਦਾ ਹੋਵੇ, ਘੱਟੋ-ਘੱਟ ਉਸ ਵਿਅਕਤੀ ਤੋਂ ਜ਼ਿਆਦਾ ਜਿਸ ਉੱਪਰ ਵਿਚਾਰਾਂ ਦਾ ਪ੍ਰਭਾਵ ਬਣਾਇਆ ਜਾਂਦਾ ਹੈ. ਤਰਕਸ਼ੀਲਾਂ ਪਾਸ ਵਿਚਾਰਾਂ ਅਤੇ ਠੋਸ ਸੱਚਾਈਆਂ ਦਾ ਭੰਡਾਰ ਅਤੇ ਸਬੂਤ ਹਨ, ਜਿਨ੍ਹਾਂ ਤੱਕ ਅੰਧਵਿਸ਼ਵਾਸੀ ਨੂੰ ਅੱਪੜਨ ਲਈ ਤਰਕਸ਼ੀਲ ਨਜ਼ਰੀਆਂ ਹੀ ਅਪਨਾਉਣਾ ਪੈਂਦਾ ਹੈ. ਮਾਨਸਿਕ ਰੋਗੀ ਅਸਲੋਂ ਰਾਹੋਂ ਭਟਕਿਆ ਵਿਅਕਤੀ ਹੁੰਦਾ ਹੈ. ਅਸੀਂ ਉਸ ਨੂੰ ਜ਼ਿੰਦਗੀ ਦੇ ਉਸ ਪੰਧ ਤੇ ਲਿਆ ਖਲੋਂਦੇ ਹਾਂ, ਜਿੱਥੋਂ ਉਸ ਨੂੰ ਉਸ ਦਾ ਸਪਸ਼ਟ ਨਿਸ਼ਾਨਾ ਵੀ ਦਿਸਦਾ ਹੈ ਅਤੇ ਉਸ ਤੱਕ ਅੱਪੜਨ ਦਾ ਵੱਲ ਵੀ ਆ ਜਾਂਦਾ ਹੈ.

**ਸਵਾਲ:** ਕੀ ਕਿਸੇ ਇਨਸਾਨ ਨੂੰ ਸੰਮੋਹਕ ਨੀਂਦ ਵਿੱਚ ਲਿਆ ਕੇ ਉਸ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ ਭਾਵ ਕਿ ਸਮੱਸਿਆ ਬਾਰੇ ਮਰੀਜ਼ ਬੋਲ ਕੇ ਦੱਸ ਸਕਦਾ ਹੈ ? ਜੇ ਕੋਈ ਮਰੀਜ਼ ਸੰਮੋਹਕ ਨੀਂਦ ਵਿੱਚ ਨਾ ਆਵੇ ਤਾਂ ਕੀ ਉਸਨੂੰ ਨੀਂਦ ਦੀ ਦਵਾਈ ਦਿੱਤੀ ਜਾ ਸਕਦੀ ਹੈ ਅਤੇ ਜੇ ਦਿੱਤੀ ਜਾ ਸਕਦੀ ਹੈ ਤਾਂ ਕਿਹੜੀ ਹੈ ?

**ਜਵਾਬ:** ਜੀ ਹਾਂ ਵਿਅਕਤੀ ਨੂੰ ਸੰਮੋਹਕ ਨੀਂਦ ਵਿੱਚ ਲਿਆ ਕੇ ਉਸ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ. ਪਰ ਹਰ ਵਿਅਕਤੀ ਜ਼ਰੂਰੀ ਤੌਰ ਤੇ ਸੰਮੋਹਨ ਵਿੱਚ ਚਲਿਆ ਜਾਵੇਗਾ ਜਾਂ ਸੰਮੋਹਿਤ ਹੋ ਕੇ ਗੱਲਬਾਤ ਵੀ ਕਰੇਗਾ, ਇਹ ਜ਼ਰੂਰੀ ਨਹੀਂ ਹੈ ਅਤੇ ਇਸ ਤੋਂ ਵੀ ਅੱਗੇ ਇਹ ਕਿ ਸੰਮੋਹਿਤ ਵਿਅਕਤੀ ਆਪਣੇ ਮਨ ਦੀ ਗੱਲ ਦੱਸ ਵੀ ਸਕਦਾ ਹੈ ਅਤੇ ਨਹੀਂ ਵੀ ਦੱਸ ਸਕਦਾ, ਇਸ ਸੰਬੰਧੀ ਕੋਈ ਪੱਕਾ ਨਿਯਮ ਨਹੀਂ ਹੈ. ਆਮ ਕਰਕੇ ਸੰਮੋਹਨ ਵਿੱਚ ਵਿਅਕਤੀ ਆਪਣੇ ਮਨ ਦੀਆਂ ਗੱਲਾਂ ਦੱਸ ਦਿੰਦਾ ਹੈ ਪਰ ਇਸ ਬਾਰੇ ਉਸਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਇਹ ਉਸ ਦੇ ਭਲੇ ਵਿੱਚ ਵਿੱਚ ਹੈ. ਜੇ ਸੰਮੋਹਨ-ਕਰਤਾ ਆਪਣੇ ਵਿੱਚ ਵਿਸ਼ਵਾਸ਼ ਜਗਾ ਲੈਂਦਾ ਹੈ ਤਾਂ ਇਸੇ ਵਿੱਚ ਉਸ ਦੀ ਸਫਲਤਾ ਹੈ. ਸੰਮੋਹਨ ਲਈ ਕੁਝ ਸੰਮੋਹਕ-ਕਰਤਾ ਹਲਕੀ ਨੀਂਦ ਲਿਆਉਣ ਵਾਲੀਆਂ ਜਾਂ ਸੁਸਤ ਕਰਨ ਵਾਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ. ਜਿਵੇਂ Diazepam, Alprzole, Chlorodiazepoxide. ਇਹ ਦਵਾਈਆਂ ਮਾਰਕੀਟ ਵਿੱਚ ਵੱਖ-ਵੱਖ ਬ੍ਰਾਂਡ ਨਾਵਾਂ ਨਾਲ ਮਿਲਦੀਆਂ ਹਨ. ਪਰ ਇਨ੍ਹਾਂ ਦੀ ਮਿਕਦਾਰ ਅਤੇ ਵਰਤੋਂ ਕਿਸੇ ਮਾਨਤਾ ਪ੍ਰਾਪਤ ਫਿਜ਼ੀਸ਼ਨ ਦੀ ਦੇਖ-ਰੇਖ ਹੇਠ ਹੀ ਕਰਨੀ ਠੀਕ ਹੋਵੇਗੀ. ਵੈਸੇ ਆਮ ਵਿਵਹਾਰ ਵਿੱਚ ਪੰਜ ਮਿਲੀਗ੍ਰਾਮ ਤੱਕ ਦੀ ਗੋਲੀ ਸੰਮੋਹਨ ਤੋਂ ਅੱਧਾ ਘੰਟਾ ਪਹਿਲਾਂ ਦਿੱਤੀ ਹੋਣ ਤੇ ਸਰੀਰ ਸੁਸਤ, ਅੱਖਾਂ ਵਿੱਚ ਨੀਂਦ ਅਤੇ ਸੁਝਾਵਾਂ ਪ੍ਰਤੀ ਹਾਂ-ਪੱਖੀ ਹੋ ਜਾਂਦਾ ਹੈ. ਜਿੱਥੋ ਤੱਕ ਸੰਬੰਧ ਮਾਨਸਿਕ ਖਿੰਡਾਅ ਵਾਲੇ ਮਰੀਜਾਂ ਨੂੰ ਸੰਮੋਹਕ ਨੀਂਦ ਵਿੱਚ ਲਿਆਉਣ ਦਾ ਹੈ, ਨਿਸ਼ਚੇ ਹੀ ਇਹ ਔਖਾ ਕੰਮ ਹੁੰਦਾ ਹੈ. ਆਮ ਕਰਕੇ ਅਜਿਹੇ ਵਿਅਕਤੀਆਂ ਨੂੰ ਹੋਰ ਵਿਧੀਆਂ, ਢੰਗਾਂ, ਸੁਝਾਵਾਂ ਨਾਲ ਠੀਕ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ.

**ਸਵਾਲ:** ਨਾਸਤਿਕਤਾ ਅਤੇ ਤਰਕਸ਼ੀਲਤਾ ਵਿੱਚ ਕੀ ਫਰਕ ਹੈ ?

**ਜਵਾਬ**: ਨਾਸਤਿਕਤਾ ਉਹ ਵਿਚਾਰਧਾਰਾ ਹੈ, ਜੋ ਗੈਰ-ਕੁਦਰਤੀ ਸ਼ਕਤੀਆਂ ਉਤੇ ਧਾਰਨਾਵਾਂ (ਜਿਵੇਂ ਰੱਬ, ਦੇਵੀ-ਦੇਵਤੇ, ਰੂਹਾਂ, ਭੂਤ-ਪ੍ਰੇਤ, ਸੁਰਗ-ਨਰਕ ਆਦਿ) ਵਿੱਚ ਯਕੀਨ ਨਹੀਂ ਰੱਖਦੀ ਅਤੇ ਸਾਰੇ ਧਰਮਾਂ ਦਾ ਨਿਖੇਧ ਕਰਦੀ ਹੈ. ਇਤਿਹਾਸ ਦੇ ਸਾਰੇ ਪੜ੍ਹਾਅ ਤੇ ਵੱਖ-ਵੱਖ ਜਮਾਤਾਂ ਅਤੇ ਸਮਾਜਕ ਸਮੂਹਾਂ ਨੇ ਆਪਣੇ ਤਬਕਾਤੀ ਹਿਤਾਂ ਲਈ ਨਾਸਤਿਕਤਾ ਨੂੰ ਇੱਕ ਵਿਚਾਰਧਾਰਕ ਹਥਿਆਰ ਵਜੋਂ ਵਰਤਿਆ. ਨਾਸਤਿਕਤਾ, ਕੁਦਰਤ ਸੰਬੰਧੀ ਪਦਾਰਥਵਾਦੀ ਵਿਚਾਰਾਂ ਨਾਲ ਨੇੜਿਓਂ ਜੁੜੀ ਰਹੀ ਹੈ. ਗੁਲਾਮਦਾਰੀ ਯੁੱਗ ਵਿੱਚ ਨਾਸਤਿਕਤਾ ਨੇ ਵਿਚਾਰਾਂ ਦੇ ਇੱਕ ਪ੍ਰਬੰਧ ਵਜੋਂ ਰੂਪ ਗ੍ਰਹਿਣ ਕੀਤਾ. ਯੂਨਾਨੀ ਫਿਲਾਸਫਰਾਂ ਥੇਲਜ਼, ਹਰਕੁਲੀਸ, ਡੈਮੀਕਰੀਟਸ, ਐਪੀਕਿਊਰਸ, ਲੁਟਕਰੀਸ ਦੀਆਂ ਲਿਖਤਾਂ ਵਿੱਚ ਨਾਸਤਿਕਤਾ ਦੇ ਵੱਡੇ ਅੰਸ਼ ਪਾਏ ਜਾਂਦੇ ਹਨ ਅਤੇ ਭਾਰਤ ਵਿੱਚ ਚਾਰਵਾਕ ਨਾਸਤਿਕ ਵਿਚਾਰਧਾਰਾ ਦੇ ਪੈਰੋਕਾਰ ਸਨ. ਇਸ ਅਨੁਸਾਰ ਸਾਰੇ ਵਰਤਾਰਿਆਂ ਨੂੰ ਕੁਦਰਤੀ ਕਾਰਨਾਂ ਅਨੁਸਾਰ ਵਿਆਖਿਆਉਣ ਦੀ ਕੋਸ਼ਿਸ਼ ਕੀਤੀ ਗਈ. ਬੇਸ਼ੱਕ ਉਸ ਵੇਲੇ ਦੀ ਨਾਸਤਿਕਤਾ ਸਿੱਧੜ, ਖਿਆਲੀ ਅਤੇ ਬੇਤਰਤੀਬੀ ਸੀ ਕਿਉਂਕਿ ਮੱਧਯੁੱਗ ਵਿੱਚ ਚਰਚ ਅਤੇ ਧਰਮ ਦਾ ਬੋਲਬਾਲਾ ਸੀ ਤੇ ਨਾਸਤਿਕਤਾ ਬਤੌਰ ਵਿਚਾਰਧਾਰਾ ਵਿਕਸਿਤ ਨਹੀਂ ਸੀ ਹੋ ਸਕਦੀ, ਯੂਰਪ ਦੇ ਬੁਰਜੂਆ ਨਾਸਤਿਕਾਂ ਨੇ ਚਰਚ ਦੀ ਪਿਛਾਖੜੀ ਬਿਰਤੀ ਨੂੰ ਨੰਗਾ ਕਰਕੇ ਜਾਗੀਰਦਾਰੀ ਖਿਲਾਫ ਲੜਾਈ ਵਿੱਚ ਇਤਿਹਾਸਕ ਰੋਲ ਅਦਾ ਕੀਤਾ. ਅੱਜ ਨਾਸਤਿਕਤਾ ਦਾ ਕਾਰਜ, ਅਧਿਆਤਮਵਾਦ ਜਾਂ ਧਰਮ ਦੀ ਹੋਂਦ, ਪਨਪਣ ਦੇ ਕਾਰਨਾਂ ਦਾ ਸਮਾਜਕ ਤੇ ਗਿਆਨ-ਸ਼ਾਸਤਰ ਦੇ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨਾ ਹੈ ਅਤੇ ਇਨ੍ਹਾਂ ਦੀ ਸਮਾਜਕ ਜ਼ਿੰਦਗੀ ਵਿੱਚ ਪ੍ਰਸੰਗਤਾ ਤੇ ਰੋਲ ਨੂੰ ਵਿਗਿਆਨਕ ਨਜ਼ਰੀਏ ਤੋਂ ਪਰਖ ਕੇ ਲੋਕਾਂ ਸਾਹਮਣੇ ਰੱਖਣਾ ਹੈ. ਤਾਂ ਜੋ ਉਹ ਧਾਰਮਿਕ ਵਲਗਣਾਂ ਵਿੱਚੋਂ ਬਾਹਰ ਆ ਕੇ ਆਪਣੇ ਅਸਲੀ ਹਿਤਾਂ ਦੀ ਲੜਾਈ ਦੇ ਮੋਰਚੇ ਤੇ ਲਾਮਬੰਦ ਹੋਣ. ਨਾਸਤਿਕਤਾ ਲਈ ਲਗਾਤਾਰ ਤਰਕਸ਼ੀਲਤਾ ਦੀ ਲੋੜ ਬਣੀ ਰਹਿੰਦੀ ਹੈ ਨਹੀਂ ਤਾਂ ਨਾਸਤਿਕ ਮਨੁੱਖ ਦੇ ਆਸਤਿਕ ਬਨਣ ਦਾ ਖਤਰਾ ਬਣਿਆ ਰਹਿੰਦਾ ਹੈ.

**ਤਰਕਸ਼ੀਲਤਾ** : ਆਮ ਵਰਤੋਂ ਵਿੱਚ ਤਰਕਸ਼ੀਲਤਾ, ਗਿਆਨ ਸਿਧਾਂਤ ਵਿਚਲੇ ਉਸ ਰੁਝਾਨ ਨੂੰ ਕਿਹਾ ਜਾਂਦਾ ਹੈ, ਜਿਸ ਅਨੁਸਾਰ ਕੋਈ ਵੀ ਵਿਸ਼ਵਾਸ, ਵਿਚਾਰ ਜਾਂ ਮੱਤ, ਉਨ੍ਹਾਂ ਚਿਰ ਮੰਨਣਯੋਗ ਨਹੀਂ, ਜਿੰਨਾਂ ਚਿਰ ਉਹ ਤਰਕ ਅਤੇ ਸੂਝਮਈ ਦਲੀਲਾਂ ਤੇ ਪੂਰਾ ਨਹੀਂ ਉਤਰਦਾ. ਤਰਕਸ਼ੀਲ ਸਾਹਿਤ ਵਿੱਚ ਤਰਕਸ਼ੀਲਤਾ ਅੰਗਰੇਜ਼ੀ ਸ਼ਬਦ Rationalism ਦੇ ਅਨੁਵਾਦ ਵਜੋਂ ਵਰਤਿਆ ਜਾਂਦਾ ਹੈ. ਵਿਵਹਾਰਕ ਤੌਰ ਤੇ ਸਾਡੇ ਲਈ ਤਰਕਸ਼ੀਲਤਾ ਦਾ ਅਰਥ ਵਿਵੇਕਸ਼ੀਲਤਾ ਹੈ, ਜੋ ਮਨੁੱਖ ਜਾਤੀ ਦੁਆਰਾ ਇਕੱਠੇ ਹੋਏ ਖਰੇ ਗਿਆਨ ਦੇ ਤੁਲਨਾਤਮਿਕ ਅਧਿਐਨ ਵਿੱਚੋਂ ਪੈਦਾ ਹੁੰਦਾ ਹੈ. ਜਿਸ ਵਿੱਚ ਅਣ-ਪਰਖੇ ਤੇ ਦਲੀਲ ਤੇ ਪੂਰਾ ਨਾ ਉਤਰਦੇ ਕਿਸੇ ਵਿਸ਼ਵਾਸ ਜਾਂ ਮੱਤ ਲਈ ਕੋਈ ਥਾਂ ਨਹੀਂ. ਇਸ ਦੇ ਦਾਰਸ਼ਨਿਕ ਪਿਛੋਕੜ ਵਿੱਚ ਜਾ ਕੇ ਦੇਖਣਾ ਹੋਵੇ ਤਾਂ ਪਤਾ ਲਗਦਾ ਹੈ ਕਿ ਰੈਸਨੇਲਿਜ਼ਮ ਗਿਆਨ-ਸਿਧਾਂਤ ਦੀ ਉਹ ਵਿਧੀ ਸੀ, ਜਿਸ ਵਿੱਚ ਸੱਚ ਦਾ ਗਿਆਨ, ਮਨ ਨਾਲ ਹੁੰਦਾ ਹੈ, ਅਨੁਭਵ ਨਾਲ ਨਹੀਂ ਕਿਉਂਕਿ ਮਨ, ਯਥਾਰਥ ਤੋਂ ਉੱਪਰ, ਵੱਖਰਾ ਤੇ ਆਪਣੇ ਆਪ ਵਿੱਚ ਸਰਵ-ਗਿਆਤਾ ਮੰਨਿਆ ਜਾਂਦਾ ਸੀ. ਇਸ ਏ ਪੈਰੋਕਾਰ ਦੇਸਕਾਰਤੇ (Descarte) ਫਿਲਾਸਫਰ ਸਨ. ਇਸ ਵਿਆਖਿਆ ਅਨੁਸਾਰ ਰੈਸ਼ਨੇਲਿਜ਼ਮ ਅਨੁਭਵ ਦੇ ਖਿਲਾਫ ਖੜਦਾ ਸੀ, ਭਾਵ ਗਿਆਨ ਦਾ ਅਮਲ ਨਾਲ ਕੋਈ ਸਬੰਧ ਨਹੀਂ. ਉਂਝ ਰੈਸ਼ਨੇਲਿਜ਼ਮ ਦੀ ਇਹ ਧਾਰਨਾ ਗਣਿਤਕ ਸਚਾਈਆਂ (Mathematical Realities) ਅਤੇ ਗਣਿਤਕ ਕੁਦਰਤੀ ਵਿਗਿਆਨ (Mathematical Natural Science) ਦੀਆਂ ਤਰਕਿਕ ਵਿਲੱਖਣਤਾਵਾਂ ਦੀ ਵਿਆਖਿਆ ਕਰਨ ਦੀ ਲੋੜ ਵਿੱਚੋਂ ਹੋਂਦ ਵਿੱਚ ਆਈ. ਸਤਾਰਵੀਂ ਸਦੀ ਵਿੱਚ ਇਸ ਦੇ ਪੈਰੋਕਾਰ ਦੇਸਕਾਰਤੇ, ਸਪਾਈਨੇਜ਼ਾ ਤੇ ਲਿਬਨੀ ਸਨ. ਅਠਾਰਵੀਂ

ਸਦੀ ਵਿੱਚ ਕਾਂਤ, ਨਿਤਸੇ, ਸੈਲਿੰਗ ਅਤੇ ਹੀਗਲ ਇਸ ਦੇ ਸਮਰਥਕ ਬਣੇ.  ਰੈਸਨੇਲਿਜ਼ਮ ਦੀ ਇਸ ਵੰਨਗੀ ਦੀ ਸੀਮਤਾਈ ਇਹ ਸੀ ਕਿ ਇਸ ਅਨੁਭਵ (Practice)ਵਿੱਚੋਂ ਗ੍ਰਹਿਣ ਕੀਤੇ ਖਰੇ ਗਿਆਨ ਨੂੰ ਨਕਾਰਦੀ ਹੈ. ਇਸ ਵਿਰੋਧਤਾਈ ਨੂੰ ਮਾਰਕਸਵਾਦ ਨੇ ਹੱਲ ਕੀਤਾ, ਜਿਸ ਵਿੱਚ ਗਿਆਨ ਅਤੇ ਅਮਲ ਨੂੰ ਵੱਖੋ-ਵੱਖ ਨਹੀਂ ਸਗੋਂ ਇੱਕ ਦਵੰਦੀ ਰਿਸ਼ਤੇ ਵਿੱਚ ਵੇਖਿਆ ਤੇ ਵਿਆਖਿਆ ਗਿਆ. ਰੈਸ਼ਨੇਲਿਜ਼ਮ, ਬੁੱਧੀ ਵਿੱਚ ਵਿਸ਼ਵਾਸ਼, ਯਥਾਰਥ ਦੀ ਤਾਰਕਿਕ ਜਜਮੈਂਟ ਅਤੇ ਦਲੀਲ ਦੀ ਸ਼ਕਤੀ ਵਿੱਚ ਪਰਗਟ ਹੁੰਦਾ ਹੈ.

# ਭਾਗ-ਪੰਜਵਾਂ

## ਕੁਝ ਮਿਲੇ-ਜੁਲੇ ਸਵਾਲ

**ਸਵਾਲ:** ਪਾਣੀ ਦਾ  ਤੁਪਕਾ ਗੋਲ ਸ਼ਕਲ ਕਿਉਂ ਅਖਤਿਆਰ ਕਰਦਾ ਹੈ?

**ਜਵਾਬ:** ਸਵੇਰ ਵੇਲੇ ਘਾਹ ਤੇ ਪਈ ਤ੍ਰੇਲ ਦੇਖੋ, ਪਾਣੀ ਦੇ ਛੋਟੇ ਛੋਟੇ ਤੁਪਕੇ ਗੋਲ ਮੋਤੀਆਂ ਵਾਂਗ ਦਿਸਣਗੇ. ਕਿਸੇ ਸਾਫ ਪਲੇਟ ਜਾ ਮੇਜ਼ ਉੱਪਰ ਡਿੱਗੇ ਤੁਪਕੇ ਵੀ ਮਣਕੇ ਵਾਂਗ ਗੋਲ ਸ਼ਕਲ ਅਖਤਿਆਰ ਕਰਕੇ ਪਏ ਹੁੰਦੇ ਹਨ. ਉਚਾਣ ਤੋਂ ਨਿਵਾਣ ਵੱਲ ਵਹਿਣ ਦੇ ਤਰਲ ਪਦਾਰਥ ਦੇ ਗੁਣ ਦੇ ਉਲਟ ਪਾਣੀ ਦੇ ਇਹ ਗੋਲ ਮੋਤੀ ਦੇ ਅਣੂ ਨਿਵਾਣ ਵੱਲ ਵਹਿਣ ਦੀ ਥਾਂ ਗੋਲਾਈ ਵਿੱਚ ਜੁੜੇ ਰਹਿੰਦੇ ਹਨ. ਪਾਣੀ ਦਾ ਇਹ ਗੁਣ ਹੈ ਕਿ ਇਸ ਦੀ ਸਤਹ ਉੱਪਰ ਇੱਕ ਖਿਚਾਓ ਬਣਿਆ ਰਹਿੰਦਾ ਹੈ. ਇਸ ਬਲ ਸਦਕਾ ਪਾਣੀ ਦਾ ਵਿਵਹਾਰ ਇਸ ਤਰ੍ਹਾਂ ਦਾ ਹੁੰਦਾ ਹੈ. ਜਿਵੇਂ ਹੀ ਇਸ ਨੂੰ ਮਹੀਨ ਚਪਟੀ ਤਲ ਤੇ ਸਾਫ ਸਤਹ ਤੇ ਪਾਇਆ ਜਾਂਦਾ ਹੈ ਤਾਂ ਇਸਦੇ ਅਣੂ ਸਤਹ ਦੇ ਖਿਚਾਓ ਬਲ ਕਰਕੇ ਘੱਟ ਤੋਂ ਘੱਟ ਸੰਭਵ ਘਣਤਾ ਤੱਕ ਜੁੜੇ ਰਹਿਣ ਦੀ ਕੋਸ਼ਿਸ਼ ਕਰਦੇ ਹਨ. ਇਸ ਤਰ੍ਹਾਂ ਪਾਣੀ ਦੇ ਤੁਪਕੇ ਦੇ ਅਣੂ ਗੋਲਾਈ ਦੀ ਸ਼ਕਲ ਵਿੱਚ ਜੁੜੇ ਰਹਿੰਦੇ ਹਨ. ਤੁਪਕੇ ਦੀ ਸਤਹ ਦੇ ਖਿਚਾਓ ਬਲ ਤੋਂ ਵੱਧ ਮਾਤਰਾ ਵਿੱਚ ਲਗਾਇਆ ਗਿਆ ਬਾਹਰੀ ਬਲ ਹੀ ਇਨ੍ਹਾਂ ਅਣੂਆਂ ਨੂੰ ਵਹਿਣ ਲਈ ਮਜ਼ਬੂਰ ਕਰਦਾ ਹੈ.

**ਸਵਾਲ:** ਆਮ ਤੌਰ ਤੇ ਪਦਾਰਥ ਦੇ ਤਿੰਨ ਰੂਪਾਂ-ਤਰਲ, ਗੈਸ ਅਤੇ ਠੋਸ ਬਾਰੇ ਹੀ ਜਾਣਕਾਰੀ ਹੈ. ਪਦਾਰਥ ਦਾ ਚੌਥਾ ਰੂਪ ਪਲਾਜ਼ਮਾ ਕੀ ਹੈ?

**ਜਵਾਬ:** ਪਦਾਰਥ ਦੇ ਆਮ ਜਾਣੇ ਜਾਂਦੇ ਠੋਸ, ਤਰਲ ਅਤੇ ਗੈਸੀ ਰੂਪ ਦੀ ਛੋਟੀ ਤੋਂ ਛੋਟੀ ਇਕਾਈ ਜਿਹੜੀ ਕਣਾਂ ਤੋਂ ਬਣੀ ਹੁੰਦੀ ਹੈ, ਜਿਹੜੇ ਆਪਣੇ ਆਪ ਵਿੱਚ ਸੁਤੰਤਰ ਹੋਂਦ ਰੱਖਦੇ ਹੁੰਦੇ ਹਨ. ਪ੍ਰੰਤੂ ਪਦਾਰਥ ਦੇ ਇਸ ਚੌਥੇ ਰੂਪ, ਜਿਸ ਨੂੰ ਪਲਾਜ਼ਮਾ ਕਿਹਾ ਜਾਂਦਾ ਹੈ, ਵਿੱਚ ਇਹ ਕਣ ਨਹੀਂ ਹੁੰਦੇ ਅਤੇ ਇਸ ਤੋਂ ਵੀ ਅੱਗੇ ਇਨ੍ਹਾਂ ਕਣਾਂ ਨੂੰ ਬਣਾਉਣ ਵਾਲੇ ਪਰਮਾਣੂ (Atom) ਵੀ ਨਹੀਂ ਹੁੰਦੇ. ਇਸ ਰੂਪ ਦਾ ਪਦਾਰਥ ਬਿਜਲਈ ਅਣੂਆਂ (Ionised) ਦੇ ਰੂਪ ਵਿੱਚ ਹੁੰਦਾ ਹੈ. ਧਰਤੀ ਦੁਆਲੇ ਬਿਜਲਈ ਅਣੂ-ਮੰਡਲ (Iono-Sphere) ਇਸੇ ਤਰ੍ਹਾਂ ਦੇ ਪਦਾਰਥ ਦਾ ਬਣਿਆ ਹੁੰਦਾ ਹੈ. ਇਹ ਮੰਡਲ ਧਰਤੀ ਤੋਂ ਜਾਣ ਵਾਲੀਆਂ ਰੇਡੀਓ ਤਰੰਗਾਂ ਨੂੰ ਪਰਤਾ ਕੇ ਧਰਤੀ ਤੇ ਭੇਜਦਾ ਹੈ ਅਤੇ ਇਸ ਨਾਲ ਸਾਨੂੰ ਰੇਡੀਓ ਤੇ ਆਵਾਜ਼ ਸੁਣਾਈ ਦਿੰਦੀ ਹੈ. ਪਲਾਜ਼ਮਾ ਰੂਪੀ ਇਸ ਮੰਡਲ ਵਿੱਚ ਬਾਹਰੀ ਪੁਲਾੜ ਤੋਂ ਆਉਣ ਵਾਲੇ ਕੁੱਝ ਬੁਨਆਦੀ ਅਣੂ ਵੀ ਹੁੰਦੇ ਹਨ ਜਿਵੇਂ ਨਿਊਟਰੋਨੇ (Quartz) ਵੀ ਹੁੰਦੇ ਹਨ. ਹੁਣ ਤੱਕ ਜਾਣਿਆ ਗਿਆ ਪਦਾਰਥ ਦਾ ਇਹ ਸਭ ਤੋਂ ਮੁਢਲਾ ਅਤੇ ਸੂਖਮ ਰੂਪ ਹੈ, ਜੋ ਜ਼ਰੇ (Moleculer) ਦੇ ਰੂਪ ਵਿੱਚ ਨਹੀਂ ਹੁੰਦਾ. ਪਦਾਰਥ ਦੇ ਹੋਰ ਬੁਨਿਆਦੀ ਤੱਤਾਂ ਦੀ ਖੋਜ ਹਾਲੇ ਵੀ ਜਾਰੀ ਹੈ ਅਤੇ ਜਾਰੀ ਰਹੇਗੀ.

**ਸਵਾਲ:** ਦਾਲ ਦੀ ਫਸਲ ਵਿੱਚ ਆਉਂਦੇ ਕੋਕੜੂ ਕੀ ਹਨ ? ਦਾਲ ਦੀ ਫਸਲ ਦਾ ਇਹਨਾਂ ਨਾਲ ਕੀ ਸੰਬੰਧ ਹੈ ? ਇਹਨਾਂ ਤੋਂ ਕਿਵੇਂ ਬਚਾਅ ਕੀਤਾ ਜਾ ਸਕਦਾ ਹੈ ?

**ਜਵਾਬ**: ਦਾਲ ਖਾਂਦੇ ਖਾਂਦੇ ਜਦ ਜਾੜ੍ਹਾਂ ਥੱਲੇ ਇੱਕਦਮ ਕੜਕ ਦੀ ਆਵਾਜ਼ ਆਉਂਦੀ ਹੈ ਤਾਂ ਫਿਰ ਕੋਕੜੂ ਯਾਦ ਆਉਂਦਾ ਹੈ. ਇਹ ਕੜਕ ਦੀ ਆਵਾਜ਼ ਪੈਦਾ ਕਰਨ ਵਾਲੇ ਕੋਕੜੂ ਹੁੰਦੇ ਹਨ. ਇਹ ਦਾਲ ਦੇ ਉਹ ਦਾਣੇ ਹਨ ਜਿਨ੍ਹਾਂ ਦੇ ਛਿਲਕੇ ਦਾ ਦੂਸਰੇ ਦਾਣਿਆਂ ਨਾਲੋਂ ਅਜਿਹਾ ਫਰਕ ਹੁੰਦਾ ਹੈ ਕਿ ਉਹ ਆਪਣੇ ਵਿੱਚੋਂ ਪਾਣੀ ਬਹੁਤ ਹੌਲੀ ਹੌਲੀ ਅੰਦਰ ਜਾਣ ਦਿੰਦਾ ਹੈ. ਜਿੰਨੇ ਸਮੇਂ ਵਿੱਚ ਦੂਸਰੇ ਦਾਣੇ ਪਾਣੀ ਸੋਖ ਕੇ ਨਿਲਕੁਲ ਨਰਮ ਭਾਵ ਚੱਬਣ ਯੋਗ ਹੋ ਜਾਂਦੇ ਹਨ ਉਹਨਾਂ ਵਿੱਚ ਰੱਤੀ ਮਾਸਾ ਵੀ ਪਾਣੀ ਨਹੀਂ ਗਿਆ ਹੁੰਦਾ ਤੇ ਉਹ ਅਜੇ ਬਿਲਕੁਲ ਪੱਥਰ ਵਰਗੇ ਕਰੜੇ ਪਏ ਹੁੰਦੇ ਹਨ. ਅਜਿਹਾ ਨਹੀਂ ਕਿ ਉਹ ਹਮੇਸ਼ਾਂ ਕਰੜੇ ਹੀ ਰਹਿਣਗੇ, ਜੇਕਰ ਉਹਨਾਂ ਨੂੰ ਥੋੜਾ ਹੋਰ ਵਕਤ ਰਿੱਝਣ ਦਿੱਤਾ ਜਾਵੇ ਜਾਂ ਉਵੇਂ ਹੀ ਰੱਖਿਆ ਜਾਵੇ ਤਾਂ ਉਹ ਪਾਣੀ ਸੋਖਣ ਲਗਦੇ ਹਨ ਤੇ ਕੁੱਝ ਘੰਟਿਆਂ ਬਾਦ ਬਿਲਕੁਲ ਦੂਸਰੇ ਦਾਣਿਆਂ ਵਾਂਗ ਪੋਲੇ ਹੋ ਜਾਂਦੇ ਹਨ. ਇਸ ਤੱਥ ਦਾ ਹੋਟਲਾਂ ਵਾਲਿਆਂ ਨੇ ਤਾਂ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਹੈ. ਉਹ ਅੱਜ ਦੀ ਬਣੀ ਦਾਲ ਦੂਸਰੇ ਦਿਨ ਵਰਤਦੇ ਹਨ. ਇਸ ਤਰ੍ਹਾਂ ਉਹ ਗਾਹਕਾਂ ਦੇ ਕੋਕੜੂਆਂ ਦੇ ਉਲਾਂਭੇ ਤੋਂ ਬਚੇ ਰਹਿੰਦੇ ਹਨ. ਦੂਸਰੇ ਦਿਨ ਤੱਕ ਸਾਰੇ ਕੋਕੜੂ ਪਾਣੀ ਸੋਖ ਕੇ ਬਾਕੀ ਦੇ ਦਾਣਿਆਂ ਵਾਂਗ ਪੋਲੇ ਹੋਏ ਹੁੰਦੇ ਹਨ.

ਕੋਕੜੂਆਂ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੇ ਕਾਫੀ ਤਜਰਬੇ ਤੇ ਕੋਸ਼ਿਸ਼ਾਂ ਕੀਤੀਆਂ ਹਨ. ਪਹਿਲਾਂ ਖਿਆਲ ਕੀਤਾ ਜਾਂਦਾ ਸੀ ਕਿ ਇਹ ਕੱਚੇ ਦਾਣੇ ਹਨ, ਪਰ ਫਿਰ ਵੇਖਿਆ ਗਿਆ ਕਿ ਕੋਕੜੂ ਬੂਟੇ ਦੇ ਕਿਸੇ ਵੀ ਹਿੱਸੇ ਤੇ ਲੱਗੀ ਫਲੀ ਵਿੱਚ ਹੋ ਸਕਦੇ ਹਨ. ਇੱਕੋ ਫਲੀ ਵਿੱਚ ਬਾਕੀ ਸਾਰੇ ਠੀਕ ਦਾਣਿਆਂ ਦੇ ਨਾਲ ਇੱਕ-ਦੋ ਕੋਕੜੂ ਹੋ ਸਕਦੇ ਹਨ.

ਕੀ ਕੋਕੜੂਆਂ ਤੋਂ ਉੱਗੇ ਬੂਟੇ ਕੋਕੜੂ ਹੀ ਦੇਣਗੇ ? ਇਸ ਸੁਆਲ ਦੇ ਉੱਤਰ ਲਈ ਵੀ ਤਜ਼ਰਬੇ ਕੀਤੇ ਗਏ, ਪਰ ਵੇਖਿਆ ਗਿਆ ਕਿ ਸਿਰਫ ਕੋਕੜੂਆਂ ਤੋਂ ਉੱਗੇ ਬੂਟੇ ਵੀ ਬਿਲਕੁਲ ਆਮ ਬੀਜਾਂ ਤੋਂ ਉੱਗੇ ਬੂਟਿਆਂ ਵਾਂਗ ਵਰਤਾਅ ਕਰ ਰਹੇ ਸਨ. ਉਨ੍ਹਾਂ ਦੇ ਦਾਣਿਆਂ ਵਿੱਚ ਕੋਕੜੂਆਂ ਦੀ ਸੰਖਿਆ ਠੀਕ ਦਾਣਿਆਂ ਤੋਂ ਉੱਗੇ ਬੂਟਿਆਂ ਦੇ ਦਾਣਿਆਂ ਵਿੱਚ ਜੋ ਕੋਕੜੂਆਂ ਦੀ ਸੰਖਿਆ ਸੀ, ਉਸ ਦੇ ਬਰਾਬਰ ਹੀ ਸੀ. ਹਾਂ, ਬੀਜਣ ਬਕਤ ਕੋਕੜੂਆਂ ਨੂੰ ਭਿਉਣਾ ਪਿਆ ਜਾਂ ਜੇਕਰ ਸਿੱਲ ਜ਼ਿਆਦਾ ਹੁੰਦੀ ਤਾਂ ਉਹ ਬਗੈਰ ਭਿਉਣ ਦੇ ਵੀ ਕੁਝ ਦੇਰ ਨਾਲ ਉੱਗ ਖੜਦੇ.

ਫਸਲ ਵਿੱਚ ਕੋਕੜੂਆਂ ਦੀ ਗਿਣਤੀ ਉੱਪਰ ਮੌਸਮ ਦਾ ਕਾਫੀ ਅਸਰ ਵੇਖਿਆ ਗਿਆ. ਗਰਮੀ ਦੀ ਫਸਲ ਵਿੱਚ ਕੋਕੜੂ ਹੁੰਦੇ ਹੀ ਨਹੀਂ ਜਾਂ ਫਿਰ ਨਾ-ਮਾਤਰ ਗਿਣਤੀ ਵਿੱਚ ਹੁੰਦੇ ਹਨ. ਇਹ ਫਸਲ ਮਾਰਚ ਦੇ ਅਖੀਰ ਵਿੱਚ ਜਾਂ ਅਪਰੈਲ ਦੇ ਪਹਿਲੇ ਹਫਤੇ ਬੀਜੀ ਜਾਂਦੀ ਹੈ ਤੇ ਜੂਨ ਦੇ ਮਹੀਨੇ ਵੱਢ ਲਈ ਜਾਂਦੀ ਹੈ ਤੇ ਮੁੱਖ ਫਸਲ ਜੋ ਬਾਰਸ਼ਾਂ ਵਿੱਚ ਬੀਜੀ ਜਾਂਦੀ ਹੈ ਉਸ ਵਿੱਚ ਕੋਕੜੂਆਂ ਦੀ ਗਿਣਤੀ ਕੁਝ ਜ਼ਿਆਦਾ ਹੁੰਦੀ ਹੈ.

ਸੋ ਕੋਕੜੂਆਂ ਤੋਂ ਬਚਣ ਲਈ ਜਾਂ ਤਾਂ ਦਾਲ ਗਰਮੀ ਦੀ ਫਸਲ ਤੋਂ ਲਈ ਜਾ ਸਕਦੀ ਹੈ ਜਾਂ ਫਿਰ ਇੱਕ ਦਿਨ ਦਾਲ ਬਣਾ ਕੇ ਦੂਸਰੇ ਦਿਨ ਵਰਤੀ ਜਾਵੇ.

**ਸਵਾਲ:** ਆਮ ਕਰਕੇ ਦੇਸੀ ਬੇਰੀਆਂ ਨੂੰ ਮੁੱਖ ਰੂਪ ਵਿੱਚ ਫਲ ਮਾਰਚ-ਅਪ੍ਰੈਲ ਵਿੱਚ ਲਗਦਾ ਹੈ, ਪ੍ਰੰਤੂ ਕਿਸੇ ਕਿਸੇ ਸਾਲ, ਜਿਵੇਂ 1988 ਵਿੱਚ ਅਕਤੂਬਰ-ਨਵੰਬਰ ਮਹੀਨੇ ਵਿੱਚ ਹੀ ਭਰਪੂਰ ਫਲ ਲੱਗ ਜਾਂਦਾ ਹੈ. ਅਜਿਹਾ ਕਰੁੱਤਾ ਫਲ ਲੱਗਣ ਦਾ ਕੀ ਕਾਰਨ ਹੈ ?

**ਜਵਾਬ:** ਆਮ ਕਰਕੇ ਦੇਸੀ ਬੇਰੀਆਂ ਨੂੰ ਫਲ, ਮਾਰਚ-ਅਪ੍ਰੈਲ ਵਿੱਚ ਲੱਗਦਾ ਨਹੀਂ ਪੱਕਦਾ ਹੈ. ਦੇਸੀ ਤੇ ਪੇਂਦੂ ਬੇਰੀਆਂ ਗਰਮੀਆਂ ਵਿੱਚ ਪੱਤੇ ਝਾੜ ਲੈਂਦੀਆਂ ਹਨ. ਬਾਰਸ਼ਾਂ ਨਾਲ ਨਵੀਆਂ ਟਾਹਣੀਆਂ ਤੇ ਪੱਤੇ ਆਉਂਦੇ ਹਨ. ਅਗਸਤ ਦੇ ਅਖੀਰ ਵਿੱਚ ਫੁੱਲ ਪੈਂਦੇ ਹਨ ਅਤੇ ਫੁੱਲ ਡਿੱਗਕੇ ਅਕਤੂਬਰ-ਨਵੰਬਰ ਵਿੱਚ ਛੋਟੇ-ਛੋਟੇ ਬੇਰ ਚਮਕਣ ਲੱਗ ਪੈਂਦੇ ਹਨ ਜੋ ਫਰਵਰੀ ਤੋਂ ਅਪ੍ਰੈਲ ਤੱਕ ਅੱਡ-ਅੱਡ ਕਿਸਮਾਂ ਤੇ ਦੇਸੀ ਬੇਰੀਆਂ ਦੇ ਦਰੱਖਤਾਂ ਮੁਤਾਬਿਕ ਪੱਕਦੇ ਹਨ. ਸੋ ਕੱਚੇ ਬੇਰ ਹਰ ਸਾਲ ਹੀ ਅਕਤੂਬਰ-ਨਵੰਬਰ ਵਿੱਚ ਦੇਖਣ ਨੂੰ ਮਿਲ ਜਾਂਦੇ ਹਨ.

ਵੈਸੇ ਬੇਰੀਆਂ ਦੀਆਂ ਕੁੱਝ ਕਿਸਮਾਂ ਹਨ ਜਿਨ੍ਹਾਂ ਵਿੱਚ ਮਲ੍ਹੇ ਵੀ ਆ ਜਾਂਦੇ ਹਨ, ਜਿਨ੍ਹਾਂ ਨੂੰ ਸਾਲ ਵਿੱਚ ਦੋ ਵਾਰ ਫਲ ਆਉਂਦਾ ਹੈ.

**ਸਵਾਲ:** ਸਾਧਾਰਨ ਤੌਰ ਤੇ ਬ੍ਰਿਛ ਬੂਟਿਆਂ ਨੂੰ ਪਹਿਲਾਂ ਫੁੱਲ ਪੈਂਦੇ ਹਨ ਅਤੇ ਫਿਰ ਫਰਟੇਲਾਈਜੇਸ਼ਨ ਦੀ ਕ੍ਰਿਆ ਦੁਆਰਾ ਫੁੱਲਾਂ ਤੋਂ ਫਲ ਬਣਦਾ ਹੈ. ਪ੍ਰੰਤੂ ਕਿੱਕਰ ਇੱਕ ਅਜਿਹਾ ਰੁੱਖ ਹੈ ਜਿਸਤੇ ਇਸਤੋਂ ਉਲਟ ਕ੍ਰਿਆ ਹੁੰਦੀ ਹੈ. ਕਿੱਕਰ ਨੂੰ ਤੁੱਕੇ ਮਈ-ਜੂਨ ਵਿੱਚ ਲਗਦੇ ਹਨ, ਪਰ ਫੁੱਲ ਤੁੱਕੇ ਝੜਨ ਤੋਂ ਤਿੰਨ-ਚਾਰ ਮਹੀਨੇ ਬਾਅਦ ਸਤੰਬਰ-ਅਕਤੂਬਰ ਦੇ ਮਹੀਨੇ ਲਗਦੇ ਹਨ. ਅਜਿਹਾ ਕਿਉਂ ਹੁੰਦਾ ਹੈ ? ਕੀ ਤੁੱਕੇ ਫਰਟੇਲਾਈਜੇਸ਼ਨ ਕੀ ਕ੍ਰਿਆ ਤੋਂ ਬਿਨਾਂ ਹੀ ਬਣਦੇ ਹਨ ?

**ਜਵਾਬ:** ਕਿੱਕਰਾਂ ਨੂੰ ਫੁੱਲ ਸਤੰਬਰ ਵਿੱਚ ਆਉਂਦੇ ਹਨ ਅਤੇ ਤੁੱਕੇ ਵੀ ਬਣ ਜਾਂਦੇ ਹਨ, ਪਰ ਸਿਆਲ ਕਾਰਨ ਵਧਦੇ ਨਹੀਂ. ਇਸ ਕਰਕੇ ਇਹ ਦਿਖਾਈ ਨਹੀਂ ਦਿੰਦੇ. ਇਹ ਵਧਦੇ ਗਰਮੀ ਆਉਣ ਤੇ ਹੀ ਹਨ ਪਰ ਸਾਨੂੰ ਲਗਦਾ ਇਉਂ ਹੈ ਜਿਵੇਂ ਕਿ ਇਹ ਹੁਣੇ ਹੀ ਲੱਗੇ ਹੋਣ. ਸੋ ਕਿੱਕਰਾਂ ਵਿੱਚ ਵੀ ਫਰਟੇਲਾਈਜੇਸ਼ਨ ਤੋਂ ਬਿਨਾਂ ਫਲ ਨਹੀਂ ਬਣਦਾ

**ਸਵਾਲ:** ਧਰਤੀ ਆਪਣੇ ਧੁਰੇ ਦੁਆਲੇ 24 ਘੰਟੇ ਵਿੱਚ ਇੱਕ ਚੱਕਰ ਲਗਾ ਦਿੰਦੀ ਹੈ, ਪਰ ਜੇ ਅਸੀਂ ਇੱਕ ਹੈਲੀਕਾਪਟਰ ਧਰਤੀ ਤੋਂ 100 ਗਜ਼ ਉਪਰ ਖੜਾ ਕਰ ਦੇਈਏ ਤਾਂ ਸਾਰੀ ਧਰਤੀ ਦਾ 24 ਘੰਟੇ ਵਿੱਚ ਆਪਣੇ ਆਪ ਹੀ ਚੱਕਰ ਨਹੀਂ ਲਗਦਾ, ਕਿਉਂ ?

**ਜਵਾਬ:** ਜੇ ਇਉਂ ਹੋ ਸਕਦਾ ਤਾਂ ਸਾਡੇ ਲਈ ਪੂਰਬ-ਪੱਛਮ ਦਿਸ਼ਾ ਵਿੱਚ ਸਫਰ ਕਰਨਾ, ਖਾਸ ਕਰਕੇ ਪੱਛਮ ਵੱਲ, ਤਾਂ ਬਹੁਤ ਹੀ ਆਸਾਨ ਹੋਣਾ ਸੀ. ਬੱਸ ਕਿਸੇ ਢੰਗ ਨਾਲ ਕੁੱਝ ਦੇਰ ਹਵਾ ਵਿੱਚ ਲਟਕਣ ਕੀ ਲੋੜ ਹੋਣੀ ਸੀ ਤੇ ਧਰਤੀ ਤੁਹਾਡੇ ਹੇਠੋਂ ਪੱਛਮ ਤੋਂ ਪੂਰਬ ਵੱਲ ਨੂੰ ਘੁੰਮਦੀ ਹੋਈ ਚਲੀ ਜਾਣੀ ਸੀ ਅਤੇ ਆਪਣੀ ਮਨਪਸੰਦ ਜਗ੍ਹਾ ਆਉਣ ਤੇ ਤੁਸੀਂ ਥੱਲੇ ਉੱਤਰ ਸਕਦੇ ਸੀ ਅਤੇ ਅਸੀਂ ਜਾਣਦੇ ਹਾਂ ਕਿ ਧਰਤੀ ਦੀ ਘੁੰਮਣ ਦੀ ਰਫਤਾਰ ਵੀ ਕਾਫੀ ਤੇਜ਼ ਹੈ ਸੋ ਯਾਤਰਾ ਸਸਤੀ ਹੋਣ ਦੇ ਨਾਲ ਨਾਲ ਤੇਜ਼ ਵੀ ਹੋਣੀ ਸੀ.

ਇਹ ਸਵਾਲ ਪਹਿਲਾਂ ਵੀ ਲੋਕਾਂ ਦੇ ਮਨਾਂ ਵਿੱਚ ਆਉਂਦਾ ਰਿਹਾ ਹੈ, ਜਿਵੇਂ ਇਸੇ ਤਰ੍ਹਾਂ ਦੀ ਇੱਕ ਘਟਨਾ ਦੀ ਕਲਪਨਾ ਫਰਾਂਸੀਸੀ ਹਾਸ-ਲੇਖਕ ਸੀਰਾਨੋ ਦਾ ਬਰਗਰਾ ਨੇ 1652 ਵਿੱਚ ਛਾਪੀ ਆਪਣੀ ਇੱਕ ਰਚਨਾ ਵਿੱਚ ਵੀ ਕੀਤੀ ਹੈ. ਇਸ ਵਿੱਚ ਉਹ ਕਹਿੰਦਾ ਹੈ ਕਿ ਹਵਾ ਵਿੱਚ ਕੁਝ ਘੰਟੇ ਲਟਕਣ ਤੋਂ ਬਾਅਦ ਜਦ ਉਹ ਥੱਲੇ ਉਤਰਿਆ ਤਾਂ ਉਹ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਹ ਆਪਣੀ ਮਾਤ-ਭੂਮੀ ਫਰਾਂਸ ਵਿੱਚ ਨਹੀਂ, ਸਗੋਂ ਅੰਧ-ਮਹਾਂਸਾਗਰ ਦੇ ਦੂਸਰੇ ਪਾਰ ਕੈਨੇਡਾ ਵਿੱਚ ਪਹੰਚ ਚੁੱਕਾ ਸੀ. ਉਸ ਨੇ ਵੀ ਇਸ ਦਾ ਕਾਰਨ ਇਹੀ ਦੱਸਿਆ ਕਿ ਜਦੋਂ ਉਹ ਹਵਾ ਵਿੱਚ ਲਟਕ ਰਿਹਾ ਸੀ ਤਾਂ ਧਰਤੀ ਉਹਦੇ ਹੇਠਾਂ ਪੂਰਬ ਵੱਲ ਭਾਉਂਦੀ ਰਹੀ ਅਤੇ ਇਸ ਤਰਾਂ ਉਹ ਪੱਛਮੀ ਦੇਸ਼ ਕੈਨੇਡਾ ਵਿੱਚ ਜਾ ਪਹੁੰਚਿਆ.

ਪਰ ਅਸੀਂ ਜਾਣਦੇ ਹਾਂ ਕਿ ਇਸ ਤਰਾਂ ਨਹੀਂ ਹੁੰਦਾ. ਜੇ ਇਉਂ ਹੋ ਸਕਦਾ ਹੁੰਦਾ ਤਾਂ ਤੁਹਾਡੇ ਵੱਲੋਂ ਉੱਪਰ ਵੱਲ ਸੁੱਟੀ ਗੇਂਦ ਦੇ ਵਾਪਸ ਧਰਤੀ ਤੱਕ ਮੁੜਨ ਤੀਕ ਧਰਤੀ ਕਈ ਕਿਲੋਮੀਟਰ ਘੁੰਮ ਚੁੱਕੀ ਹੁੰਦੀ ਅਤੇ ਗੇਂਦ ਤੁਹਾਡੇ ਹੱਥਾਂ ਵਿੱਚ ਮੁੜਨ ਦੀ ਬਜਾਏ ਕਈ ਕਿਲੋਮੀਟਰ ਦੂਰ ਕਿਸੇ ਹੋਰ ਦੇ ਸਿਰ ਵਿੱਚ ਜਾ ਵੱਜਦੀ.

ਆਓ ਹੁਣ ਵੇਖੀਏ ਕਿ ਇੰਝ ਕਿਉਂ ਨਹੀਂ ਹੁੰਦਾ ?
ਧਰਤੀ ਆਪਣੇ ਧੁਰੇ ਦੁਆਲੇ ਜਿਸ ਰਫਤਰ ਨਾਲ ਘੁੰਮ ਰਹੀ ਹੈ ਇਸਦੇ ਨਾਲ ਹੀ ਇਸ ਉੱਪਰ ਸਾਰੀਆਂ ਵਸਤੂਆਂ, ਮਕਾਨ, ਦਰੱਖਤ, ਜੀਵ-ਜੰਤੂ ਅਤੇ ਇਸ ਦਾ ਵਾਯੂਮੰਡਲ ਵੀ ਇਸੇ ਰਫਤਾਰ ਨਾਲ ਘੁੰਮ ਰਹੇ ਹਨ, ਪ੍ਰੰਤੂ ਸਾਨੂੰ ਇਹ ਸਾਰਾ ਕੁੱਝ ਏਨੀ ਤੇਜੀ ਨਾਲ ਘੁੰਮਦਾ ਨਜ਼ਰ ਨਹੀਂ ਆਉਂਦਾ, ਕਿਉਂਕਿ ਅਸੀਂ ਖੁਦ ਵੀ ਉਸੇ ਰਫਤਾਰ ਨਾਲ ਘੁੰਮ ਰਹੇ ਹੁੰਦੇ ਹਾਂ. ਅਸਲ ਵਿੱਚ ਦੁਨੀਆਂ ਦੀ ਹਰ ਚੀਜ਼ ਗਤੀ ਵਿੱਚ ਹੈ. ਗਤੀ ਪਦਾਰਥ ਦਾ ਇੱਕ ਲਾਜ਼ਮੀ ਗੁਣ ਹੈ. ਕੋਈ ਵੀ ਵਸਤੂ ਕਦੇ ਵੀ ਪੂਰਨ ਤੌਰ ਤੇ ਸਥਿਰ ਨਹੀਂ ਹੁੰਦੀ. ਫਿਰ ਅਸੀਂ ਇਹ ਕਿਉਂ ਕਹਿੰਦੇ ਹਾਂ ਇਹ ਚੀਜ਼ ਖੜੀ ਹੈ, ਜਾਂ ਸਥਿਰ ਹੈ ? ਇਸ ਨੂੰ ਸਮਝਣ ਲਈ ਸਾਨੂੰ ਗੱਡੀ ਅਤੇ ਸਕ੍ਰਿਅਤਾ ਦੀ ਵਿਗਿਆਨਕ ਪਰਿਭਾਸ਼ਾ ਨੂੰ ਧਿਆਨ ਵਿੱਚ ਰੱਖਣਾ ਪਏਗਾ ਜਿਸ ਮੁਤਾਬਿਕ ਕਿਸੇ ਵਸਤੂ ਨੂੰ ਗਤੀ ਵਿੱਚ ਕਿਹਾ ਜਾਂਦਾ ਹੈ, ਜਦ ਉਹ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਦੀ ਨਿਸਬਿਤ ਆਪਣੀ ਜਗ੍ਹਾ ਬਦਲੇ ਅਤੇ ਕਿਸੇ ਵਸਤੂ ਨੂੰ ਸਥਿਰ ਕਿਹਾ ਜਾਂਦਾ ਹੈ ਜਦ ਉਹ ਆਪਣੀ ਜਗ੍ਹਾ ਨਾ ਬਦਲੇ. ਜਮੀਨ ਉੱਪਰ ਖੜ੍ਹਾ ਹੈਲੀਕਾਪਟਰ ਵੀ ਧਰਤੀ ਨਾਲ ਘੁੰਮ ਰਿਹਾ ਹੁੰਦਾ ਹੈ ਅਤੇ ਜਦ ਅਸੀਂ ਧਰਤੀ ਤੋਂ ਕੁਝ ਉਚਾਈ ਤੇ ਹੈਲੀਕਾਪਟਰ ਨੂੰ ਖੜਾ ਦੇਈਏ ਤਾਂ ਵੀ ਇਹ ਜਮੀਨ ਦੀ ਗਤੀ ਦੇ ਨਾਲ ਨਾਲ ਘੁੰਮ ਰਿਹਾ ਹੁੰਦਾ ਹੈ. ਸਾਨੂੰ ਇਹ ਸਥਿਰ ਇਸ ਕਰਕੇ ਹੀ ਜਾਪਦਾ ਹੈ ਕਿਉਂਕਿ ਇਹ ਸਾਡੀ ਨਿਸਬਿਤ ਆਪਣੀ ਜਗ੍ਹਾ ਬਦਲ ਰਿਹਾ ਹੁੰਦਾ ਹੈ.

ਇਸ ਨੂੰ ਹੋਰ ਸਪੱਸ਼ਟ ਕਰਨ ਲਈ ਅਸੀਂ ਚੱਲ ਰਹੀ ਰੇਲ ਗੱਡੀ ਦੀ ਉਦਾਹਰਣ ਲੈ ਸਕਦੇ ਹਾਂ ਕਿ ਇਸ ਵਿੱਚ ਬੈਠੇ ਮੁਸਾਫਿਰ ਸਥਿਰ ਬੈਠੇ ਜਾਪਦੇ ਹਨ, ਹਾਲਾਂ ਕਿ ਉਹ ਗੱਡੀ ਦੀ ਰਫਤਾਰ ਨਾਲ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾ ਰਹੇ ਹੁੰਦੇ ਹਨ. ਹੈਲੀਕਾਪਟਰ ਨਾਲ ਤੁਲਨਾ ਲਈ ਅਸੀਂ ਗੱਡੀ ਵਿੱਚ ਉੱਡਦੀ ਮੱਖੀ ਆਦਿ ਦੀ ਉਦਾਹਰਣ ਲੈ ਸਕਦੇ ਹਾਂ. ਇਹ ਨਹੀਂ ਹੁੰਦਾ ਕਿ ਗੱਡੀ ਵਿੱਚ ਮੱਖੀ ਦੇ ਉਡਾਰੀ ਮਾਰਨ ਤੇ ਗੱਡੀ ਉਸਦੇ ਹੇਠੋਂ ਅੱਗੇ ਨਿਕਲ ਜਾਵੇ ਤੇ ਮੱਖੀ ਡੱਬੇ ਦੀ ਪਿਛਲੀ ਦੀਵਾਰ ਨਾਲ ਜਾ ਵੱਜੇ. ਇਸ ਦਾ ਕਰਨ ਵੀ ਇਹੀ ਹੈ ਕਿ ਮੱਖੀ ਉਡਣ ਤੋਂ ਪਹਿਲਾਂ ਅਤੇ ਉਡਾਣ ਸਮੇਂ ਵੀ ਚੱਲ ਰਹੀ ਗੱਡੀ ਦੀ ਰਫਤਾਰ ਨਾਲ ਤਾਂ ਚੱਲ ਹੀ ਰਹੀ ਹੁੰਦੀ ਹੈ. ਉਡਾਰੀ ਦੌਰਾਨ ਉਹ ਜੋ ਜਗ੍ਹਾ ਬਦਲਦੀ ਹੈ ਉਹ ਰੇਲ ਗੱਡੀ ਦੀ ਨਿਸਬਿਤ ਹੀ ਬਦਲਦੀ ਹੈ ਨਾ ਕਿ ਧਰਤੀ ਦੀ ਨਿਸਬਿਤ.

ਧਰਤੀ ਦੀ ਨਿਸਬਿਤ ਹੈਲੀਕਾਪਟਰ ਨੂੰ ਸਥਿਰ ਕਰਨਾ ਕੋਈ ਐਨਾ ਸੌਖਾ ਕੰਮ ਨਹੀਂ. ਤੇਜ਼ ਚਲਦੀ ਗੱਡੀ ਵਿੱਚੋਂ ਹੀ ਬਾਹਰ ਨਿਕਲ ਕੇ ਸਥਿਰ ਹੋਣਾ ਕਿੰਨਾ ਕੁ ਸੌਖਾ ਹੈ ਇਸਦਾ ਤਜਰਬਾ ਤਾਂ ਚਲਦੀ ਗੱਡੀ ਵਿੱਚੋਂ ਛਾਲ ਮਾਰ ਕੇ ਕੀਤਾ ਜਾ ਸਕਦਾ ਹੈ, ਅਤੇ ਧਰਤੀ ਤਾਂ ਗੱਡੀ ਨਾਲੋਂ ਕਿਤੇ ਜਿਆਦਾ ਚਾਲ ਨਾਲ ਘੁੰਮਦੀ ਹੈ. ਸੋ ਅਸਲ ਵਿੱਚ ਧਰਤੀ ਦੀ ਨਿਸਬਿਤ ਕਿਸੇ ਹੈਲੀਕਾਪਟਰ ਜਾਂ ਜਹਾਜ਼ ਨੂੰ ਸਥਿਰ ਕਰਨ ਦਾ ਮਤਲਬ ਤਾਂ ਇਸਨੂੰ ਸਥਾਨ ਤੇ ਧਰਤੀ ਜਿੰਨੀ ਤੇਜ਼ੀ ਨਾਲ ਘੁੰਮ ਰਹੀ ਹੈ ਉਤਨੀ ਹੀ ਗਤੀ ਨਾਲ ਉਲਟ ਦਿਸ਼ਾ (ਪੂਰਬ ਤੋਂ ਪੱਛਮ ਵੱਲ) ਵਿੱਚ ਚਲਾਉਣਾ ਹੋਵੇਗਾ. ਪਰ ਫਿਰ ਵੀ ਇਹ ਨਾ ਸਮਝਣਾ ਕਿ ਹੈਲੀਕਾਪਟਰ ਨੂੰ ਪੂਰਨ ਤੌਰ ਤੇ ਸਥਿਰ ਕਰ ਲਿਆ ਹੈ ਕਿਉਂਕਿ ਉਹ ਧਰਤੀ ਦੇ ਨਾਲ ਨਾਲ ਸੂਰਜ ਦੇ ਗਿਰਦ ਤਾਂ ਚੱਕਰ ਲਗਾ ਹੀ ਰਿਹਾ ਹੋਵੇਗਾ ਅਤੇ ਫਿਰ ਸਾਡਾ ਸੂਰਜ ਸਮੇਤ ਸਾਰੇ ਸੂਰਜ-ਮੰਡਲ ਵੀ ਤਾਂ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ. ਸੋ ਹੈਲੀਕਾਪਟਰ ਉਪਰ ਉਠਕੇ ਖੜਾ ਹੋਣ ਨਾਲ ਹੀ ਸਥਿਰ ਨਹੀਂ ਹੋ ਜਾਂਦਾ. ਉਦੋਂ ਇਸਦੀ ਸਥਿਰਤਾ ਕੇਵਲ ਸਾਡੀ ਨਿਸਬਿਤ ਹੀ ਹੁੰਦੀ ਹੈ ਨਾ ਕਿ ਧਰਤੀ ਦੀ ਨਿਸਬਿਤ.

**ਸਵਾਲ:** ਇੱਕ ਤਾਰਾ ਹੈ, ਧਰੂ ਤਾਰਾ. ਸਾਰੇ ਆਪਣੀ ਦਿਸ਼ਾ ਬਦਲ ਲੈਂਦੇ ਹਨ ਪਰ ਇਹ ਹਰ ਵੇਲੇ ਉਥੇ ਹੀ ਦਿਖਾਈ ਦਿੰਦਾ ਹੈ, ਭਾਵੇਂ ਕਿ ਧਰਤੀ ਬੜੀ ਤੇਜ਼ੀ ਨਾਲ ਘੁੰਮ ਰਹੀ ਹੈ, ਕਿਉਂ?

**ਜਵਾਬ:** ਇਸਦਾ ਕਾਰਨ ਇਹ ਹੈ ਕਿ ਧਰੂ ਤਾਰਾ ਧਰਤੀ ਦੇ ਘੁੰਮਣ ਵਾਲੇ ਧੁਰੇ ਦੀ ਕਾਫੀ ਹੱਦ ਤੱਕ ਬਿਲਕੁਲ ਸੇਧ ਵਿੱਚ ਸਥਿਤ ਹੈ. ਇਸ ਕਰਕੇ ਧਰਤੀ ਚਾਹੇ ਘੁੰਮਦੀ ਰਹਿੰਦੀ ਹੈ ਫਿਰ ਵੀ ਇਹ ਧਰੂ ਤਾਰਾ ਸਾਨੂੰ ਹਰ ਵਕਤ ਉੱਥੇ ਹੀ ਦਿਖਾਈ ਦਿੰਦਾ ਹੈ.

**ਸਵਾਲ:** ਸਾਰੀ ਦੁਨੀਆਂ ਵਿੱਚ ਹਫਤੇ ਦੇ 7 ਦਿਨ, ਸਾਲ ਦੇ 12 ਮਹੀਨੇ ਅਤੇ ਦਿਨ ਦੇ 24 ਘੰਟੇ ਵਾਲਾ ਸਮਾਂ ਪ੍ਰਬੰਧ ਇਕੋ-ਜਿਹਾ ਕਿਵੇਂ ਲਾਗੂ ਹੋ ਗਿਆ, ਜਦੋਂ ਕਿ ਪਿਛਲੇ ਸਮਿਆਂ ਵਿੱਚ ਨਾ ਤਾਂ ਆਵਾਜਾਈ ਦੇ ਅਤੇ ਨਾ ਹੀ ਹੋਰ ਸੰਚਾਰ ਸਾਧਨ ਸਨ, ਜਿਸ ਸਦਕਾ ਇਹ ਸਾਰਾ ਕੁਝ ਇਕੋ ਜਿਹਾ ਨਿਸ਼ਚਿਤ ਹੋ ਜਾਂਦਾ. ਇਹ ਸਾਰਾ ਕੁਝ ਅਦਭੁਤ ਜਿਹਾ ਲੱਗ ਰਿਹਾ ਹੈ, ਇਸ ਬਾਰੇ ਸਪਸ਼ਟ ਕਰੋ ?

**ਜਵਾਬ:** ਸਮੇਂ ਦੀਆਂ ਕੁੱਝ ਇਕਾਈਆਂ ਜਿਵੇਂ ਸਾਲ ਅਤੇ ਦਿਨ ਤਾਂ ਕੁਦਰਤੀ ਘਟਨਾਵਾਂ ਨਾਲ ਜੁੜੀਆਂ ਹੋਈਆਂ ਹਨ. ਸਾਲ ਤੋਂ ਭਾਵ ਉਹ ਸਮਾਂ ਹੈ ਜਿੰਨੇ ਸਮੇਂ ਵਿੱਚ ਧਰਤੀ ਸੂਰਜ ਦੁਆਲੇ ਇੱਕ ਚੱਕਰ ਪੂਰਾ ਕਰ ਲੈਂਦੀਂ ਹੈ. ਦਿਨ, ਧਰਤੀ ਦੇ ਆਪਣੇ ਧੁਰੇ ਦੁਆਲੇ ਇੱਕ ਚੱਕਰ ਪੂਰਾ ਕਰਨ ਵਿੱਚ ਲੱਗੇ ਸਮੇਂ ਨੂੰ ਕਿਹਾ ਜਾਂਦਾ ਹੈ. ਸੋ ਇਹਨਾਂ ਬਾਰੇ ਕੋਈ ਵੱਖ-ਵੱਖ ਮਾਪ ਨਹੀਂ ਹੋ ਸਕਦੇ. ਮਹੀਨਾ ਚੰਦ ਦੇ ਧਰਤੀ ਦੁਆਲੇ ਇੱਕ ਚੱਕਰ ਪੂਰਾ ਕਰਨ ਨਾਲ ਜੁੜਿਆ ਹੋਇਆ ਹੈ, ਪਰ ਮਹੀਨਿਆਂ ਦਾ ਸਾਲ ਨਾਲ ਤਾਲਮੇਲ ਬਿਠਾਉਣ ਨਾਲ ਮਨੁੱਖ ਨੂੰ ਕਾਫੀ ਦਿਮਾਗ ਖਰਚ ਕਰਨਾ ਪਿਆ ਜਿਸ ਬਾਰੇ ਅੱਗੇ ਕੈਲੰਡਰ ਦੇ ਇਤਿਹਾਸ ਵਿੱਚ ਬਿਆਨਿਆ ਗਿਆ ਹੈ.

**ਕੈਲੰਡਰ ਦਾ ਇਤਿਹਾਸ** : ਠੀਕ ਕੈਲੰਡਰ ਬਨਾਉਣ ਵਿੱਚ ਸਭ ਤੋਂ ਵੱਡੀ ਸਮੱਸਿਆ ਮਹੀਨਿਆਂ ਅਤੇ ਸਾਲਾਂ ਦਾ ਆਪਸੀ ਸੰਬੰਧ ਸੀ ਜਿਸ ਨਾਲ ਮਨੁੱਖ ਸੈਂਕੜੇ ਸਾਲ ਖੌਝਲਦਾ ਰਿਹਾ. ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਮਹੀਨਾ ਚੰਦ ਨਾਲ ਜੁੜਿਆ ਹੋਇਆ ਸੀ. ਚੰਦ, ਧਰਤੀ ਦਾ ਚੱਕਰ 29 ਦਿਨ 12 ਘੰਟੇ 44 ਮਿੰਟ ਵਿੱਚ ਲਾਉਂਦਾ ਹੈ, ਜਦ ਕਿ ਧਰਤੀ, ਸੂਰਜ

ਦਾ ਇੱਕ ਚੱਕਰ ਲੱਗਭਗ 365,1/4 ਦਿਨ (365 ਦਿਨ 5 ਘੰਟੇ 48 ਮਿੰਟ 48 ਸੈਕਿੰਡ) ਵਿੱਚ ਲਾਉਂਦੀ ਹੈ, ਇਸ ਤਰਾਂ ਚੰਦ ਦੇ ਹਿਸਾਬ ਨਾਲ ਬਣਾਏ ਮਹੀਨਿਆਂ ਵਿੱਚ 365,1/4 ਦੀ ਬਜਾਏ 354 ਦਿਨ 8 ਘੰਟੇ 48 ਮਿੰਟ ਬਣਦੇ ਹਨ ਅਤੇ ਸਾਲ ਵਿੱਚ ਇਸ ਤਰਾਂ 12 ਦੀ ਬਜਾਏ 12,1/3 ਮਹੀਨੇ ਬਣਦੇ ਹਨ. ਇਸ ਸਦਕਾ ਕੁੱਝ ਸਾਲਾਂ ਵਿੱਚ ਹੀ ਗਰਮੀਆਂ ਵਾਲੇ ਮਹੀਨੇ ਸਰਦੀਆਂ ਵਿੱਚ ਆਉਣ ਲੱਗ ਜਾਂਦੇ. ਇਸ ਸਮੱਸਿਆ ਨੂੰ ਤਰ੍ਹਾਂ-ਤਰ੍ਹਾਂ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ. ਜਿਵੇਂ ਪ੍ਰਾਚੀਨ ਸੁਮੇਰੀਅਨ ਸੱਭਿਅਤਾ ਵਿੱਚ ਜਦ ਮਹੀਨਿਆਂ ਵਿੱਚ ਗੜਬੜ ਬਹੁਤੀ ਵੱਧ ਜਾਂਦੀ ਤਾਂ ਪਰੋਹਿਤਾਂ ਵੱਲੋਂ ਇਸ ਨੂੰ ਦੇਵਤਿਆਂ ਦੀ ਚਾਲ ਵਿੱਚ ਗੜਬੜ ਗਰਦਾਨ ਕੇ ਦਰੁਸਤੀ ਕਰ ਲਈ ਜਾਂਦੀ. ਖੈਰ ਮਹੀਨਿਆਂ ਅਤੇ ਸਾਲਾਂ ਦੇ ਚੱਕਰਾਂ ਦਾ ਧਿਆਨ ਨਾਲ ਨਿਰੀਖਣ ਕਰਦੇ ਰਹਿਣ ਨਾਲ 500 ਈ: ਪੂਰਵ ਵਿੱਚ ਇਹ ਸਿੱਟਾ ਕੱਢ ਲਿਆ ਗਿਆ ਕਿ 19 ਸਾਲਾਂ ਵਿੱਚ 235 ਮਹੀਨੇ ਹੁੰਦੇ ਹਨ ਜੋ ਕਿ 19X19=228 ਨਾਲੋਂ 7 ਵੱਧ ਹਨ. ਇਹਨਾਂ ਵਾਧੂ ਸੱਤ ਮਹੀਨਿਆਂ ਲਈ ਹਰ 19 ਸਾਲਾਂ ਵਿੱਚੋਂ 7 ਸਾਲ ਅਜਿਹੇ ਨਿਸ਼ਚਿਤ ਕਰ ਦਿੱਤੇ ਗਏ ਜਿੰਨਾਂ ਵਿੱਚ 13 ਮਹੀਨੇ ਹੁੰਦੇ ਸਨ. ਇਸ ਤਰ੍ਹਾਂ ਇਹ ਪਹਿਲਾਂ ਨਿਯਮਿਤ ਕੈਲੰਡਰ ਸੀ. ਇਹ ਕੈਲੰਡਰ ਪ੍ਰਣਾਲੀ ਬੈਬੀਲੋਨੀਅਨ ਅਤੇ ਪ੍ਰਾਚੀਨ ਯੂਨਾਨ ਵਿੱਚ ਪ੍ਰਚੱਲਿਤ ਰਹੀ.

ਪ੍ਰੰਤੂ ਇਸੇ ਦੌਰਾਨ ਸਾਲ ਨੂੰ ਦਿਨਾਂ ਦੀ ਗਿਣਤੀ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਵੀ ਚਲਦੀਆਂ ਰਹੀਆਂ. ਮਹੀਨਿਆਂ ਅਤੇ ਸਾਲਾਂ ਦੀ ਗਿਣਤੀ ਦਾ ਤਾਲਮੇਲ ਬਿਠਾਉਣ ਦੀਆਂ ਕੋਸ਼ਿਸ਼ਾਂ ਕਰਨ ਤੋਂ ਬਾਅਦ ਮਿਸਰ ਵਾਲਿਆਂ ਨੇ ਹਰ ਸਾਲ 365 ਦਿਨ ਦਾ ਮੰਨਣਾ ਸ਼ੁਰੂ ਕਰ ਦਿੱਤਾ. ਇਹੀ ਸਿਸਟਮ ਪ੍ਰਾਚੀਨ ਰੋਮ ਵਿੱਚ ਵੀ ਪ੍ਰਚੱਲਿਤ ਹੋ ਗਿਆ. ਚੰਦ ਦੇ ਹਿਸਾਬ ਨਾਲ ਬਣਾਏ ਮਹੀਨਿਆਂ ਨਾਲੋਂ ਇਹ ਸਿਸਟਮ ਵਧੇਰੇ ਠੀਕ ਸੀ, ਪ੍ਰੰਤੂ ਇਸ ਵਿੱਚ ਪੂਰੇ 365 ਦਿਨਾਂ ਦਾ ਸਾਲ ਮੰਨਿਆ ਗਿਆ ਸੀ, ਜਦ ਕਿ ਉਪਰਲੇ ਘੰਟਿਆਂ ਨੂੰ ਕਿਸੇ ਹਿਸਾਬ ਵਿੱਚ ਨਹੀਂ ਲਿਆਂਦਾ ਗਿਆ ਸੀ.

ਇਸ ਬਾਰੇ ਅਗਲੀ ਵੱਡੀ ਦੇਣ ਮਸ਼ਹੂਰ ਸਖਸ਼ੀਅਤ ਜੂਲੀਅਸ ਸੀਜ਼ਰ ਦੀ ਸੀ, ਜਿਸਨੇ ਇੱਕ ਤਾਰਾ ਵਿਗਿਆਨੀ ਸੋਸੀਨੀਨਜ਼ ਦੀ ਸਲਾਹ ਨਾਲ ਹਰ ਚਾਰ ਸਾਲ ਬਾਅਦ ਲੀਪ ਦਾ ਸਾਲ ਹੋਣ ਦੀ ਰਵਾਇਤ ਨੂੰ ਸ਼ੁਰੂ ਕੀਤਾ. ਜੂਲੀਅਸ ਸੀਜ਼ਰ ਦੇ ਸਮੇਂ ਪ੍ਰਚੱਲਿਤ ਰੋਮਨ ਕੈਲੰਡਰ ਵਿੱਚ 90 ਦਿਨ ਦੀ ਗੜਬੜ ਸੀ, ਜਿਸ ਨੂੰ ਹੱਲ ਕਰਨ ਲਈ ਉਸਦੇ ਇੱਕ ਆਰਡਰ ਨਾਲ ਸਾਲ 46 B.C. ਨੂੰ 455 ਦਿਨ ਦਾ ਬਣਾਕੇ ਠੀਕ ਕੀਤਾ ਗਿਆ. ਇਸ ਰੂਪ ਵਿੱਚ ਇਹ ਯੋਰਪ ਦਾ ਅਤੇ ਹੋਰ ਕਈ ਦੇਸ਼ਾਂ ਵਿੱਚ ਲਗਭਗ 1600 ਸਾਲ ਚਲਦਾ ਰਿਹਾ. ਚਾਹੇ ਇਹ ਕੈਲੰਡਰ ਮੁਕਾਬਲਤਨ ਵਧੀਆ ਸੀ, ਪ੍ਰੰਤੂ ਧਾਰਮਿਕ ਲੋਕ ਆਪਣੇ ਰੂੜੀਵਾਦੀ ਖਾਸੇ ਮੁਤਾਬਿਕ ਪੁਰਾਣੇ ਢੰਗਾਂ ਨਾਲ ਹੀ ਜੁੜੇ ਰਹੇ ਅਤੇ ਬਹੁਤ ਧਾਰਮਿਕ ਤਿਓਹਾਰਾਂ ਦਾ ਹਿਸਾਬ ਕਿਤਾਬ ਚੰਦ ਤੋਂ ਹੀ ਲਾਇਆ ਜਾਂਦਾ ਰਿਹਾ.

ਜੂਲੀਅਸ ਸੀਜ਼ਰ ਦੇ ਚਲਦੇ ਕੈਲੰਡਰ ਵਿੱਚ ਵੀ ਥੋੜਾ ਜਿਹਾ ਨੁਕਸ ਸੀ. ਚਾਰ ਸਾਲਾਂ ਬਾਅਦ ਲੀਪ ਦਾ ਸਾਲ ਦੇਣ ਨਾਲ ਹਰ ਸਾਲ ਦਾ ਔਸਤ ਸਮਾਂ 365,1/4 ਦਿਨ ਬਣਦਾ ਹੈ, ਪਰ ਧਰਤੀ ਦਾ ਸੂਰਜ ਦੁਆਲੇ ਚੱਕਰ ਲਗਾਉਣ ਵਿੱਚ ਲੱਗਿਆ ਸਮਾਂ 365 ਦਿਨ 5 ਘੰਟੇ 48 ਮਿੰਟ 48 ਸੈਕਿੰਡ ਹੈ. ਜਿਸ ਕਰਕੇ ਹਰ ਸਾਲ ਕੁਝ ਮਿੰਟ ਦਾ ਫਰਕ ਜਮਾਂ ਹੁੰਦਾ ਗਿਆ ਅਤੇ 16ਵੀਂ ਸਦੀ ਤੀਕ ਇਹ ਫਰਕ ਕੁੱਲ 13 ਦਿਨ ਦਾ ਹੋ ਗਿਆ. ਆਖਿਰ 1582 ਈਸਵੀ ਵਿੱਚ ਪੋਪ ਗਰੈਗਰੀ ਤੇਰਵੇਂ ਵੱਲੋਂ ਇਸ ਨੂੰ ਠੀਕ ਕਰਨ ਦਾ ਹੁਕਮ ਦਿੱਤਾ ਗਿਆ ਅਤੇ ਘਟਦੇ ਮਿੰਟਾਂ ਨੂੰ ਇਕਸਾਰ (Adjust) ਕਰਨ ਦਾ ਇਹ

ਤਰੀਕਾ ਕੱਢਿਆ ਗਿਆ ਕਿ ਜਿਹੜਾ ਸੌਵਾਂ ਸਾਲ 400 ਤੇ ਪੂਰਾ ਨਾ ਵੰਡਿਆ ਜਾਵੇ ਉਸ ਨੂੰ ਲੀਪ ਦਾ ਸਾਲ ਨਾ ਮੰਨਿਆ ਜਾਵੇ. ਜਿਵੇਂ ਸੰਨ 1600, 1700, 1800, 1900 ਵਿੱਚੋਂ ਕੇਵਲ ਸੰਨ 1600 ਹੀ ਲੀਪ ਦਾ ਸਾਲ ਹੋਵੇਗਾ (ਉਂਝ ਚਾਹੇ ਬਾਕੀ ਵੀ 4 ਉਪਰ ਵੰਡੇ ਜਾਂਦੇ ਹਨ ਪ੍ਰੰਤੂ ਉਹ 400 ਤੇ ਪੂਰਾ ਵੰਡੇ ਜਾਣ ਦੀ ਸ਼ਰਤ ਪੂਰੀ ਨਹੀਂ ਕਰਦੇ). ਅੱਜ ਕੱਲ ਇਹੀ ਫਾਰਮੂਲਾ ਵਰਤਿਆ ਜਾਂਦਾ ਹੈ ਤੇ ਸਾਡੇ ਆਮ ਪਰਚੱਲਿਤ ਕੈਲੰਡਰ ਨੂੰ ਗਰੇਗਰੀ ਕਲੰਡਰ ਕਿਹਾ ਜਾਂਦਾ ਹੈ. ਇਸ ਨਵੇਂ ਫਾਰਮੂਲੇ ਬਾਰੇ ਫਰਮਾਨ ਪੋਪ ਵੱਲੋਂ ਜਾਰੀ ਕੀਤਾ ਹੋਣ ਕਰਕੇ ਈਸਾਈਆਂ ਦੇ ਕੈਥੋਲਿਕ ਫ਼ਿਰਕੇ ਵੱਲੋਂ ਤਾਂ ਇਸ ਨੂੰ ਤੁਰੰਤ ਪ੍ਰਵਾਨ ਕਰ ਲਿਆ ਗਿਆ, ਪਰ ਪ੍ਰੋਟੈਸਟੈਂਟ ਫ਼ਿਰਕੇ ਵਾਲੇ ਦੇਸ਼ ਇਸ ਨੂੰ ਲੰਮਾ ਸਮਾਂ ਅਪਨਾਉਣ ਤੋਂ ਇਨਕਾਰੀ ਹੋਏ ਰਹੇ. ਇੰਗਲੈਂਡ ਨੇ ਇਹ ਕੈਲੰਡਰ 170 ਸਾਲ ਬਾਅਦ 1752 ਵਿੱਚ ਅਪਣਾਇਆ. ਰੂਸ ਵਿੱਚ ਪੁਰਾਣਾ ਕੈਲੰਡਰ ਹੀ ਪ੍ਰਚੱਲਿਤ ਰਿਹਾ, ਜੋ ਅਸਲ ਕੈਲੰਡਰ ਤੋਂ 13 ਦਿਨ ਪਿੱਛੇ ਸੀ. ਇਸੇ ਕਰਕੇ ਮਹਾਨ ਰੂਸੀ ਇਨਕਲਾਬ ਅਸਲ ਵਿੱਚ 7 ਨਵੰਬਰ ਨੂੰ ਪੂਰਾ ਹੋਇਆ, ਪ੍ਰੰਤੂ ਰੂਸੀ ਕੈਲੰਡਰ ਮੁਤਾਬਿਕ ਉਸ ਦਿਨ 26 ਅਕਤੂਬਰ ਸੀ. ਇਸੇ ਕਰਕੇ ਇਸਦਾ ਨਾਮ ਅਕਤੂਬਰ ਇਨਕਲਾਬ ਪਰਚੱਲਿਤ ਹੈ, ਜਦਕਿ ਇਹ ਮਨਾਇਆ 7 ਨਵੰਬਰ ਨੂੰ ਜਾਂਦਾ ਹੈ. ਇਨਕਲਾਬ ਤੋਂ ਬਾਅਦ 1918 ਵਿੱਚ ਕਮਿਊਨਿਸਟ ਸਰਕਾਰ ਨੇ ਇਸ ਵਿੱਚੋਂ 13 ਦਿਨ ਛੱਡ ਦਿੱਤੇ ਅਤੇ ਗਰੇਗਰੀ ਕੈਲੰਡਰ ਅਪਣਾ ਲਿਆ.

**ਹਫਤਾ :** ਮਹੀਨੇ ਦਾ ਕਾਫੀ ਲੰਮਾ ਸਮਾਂ ਹੁੰਦਾ ਹੈ. ਇਸ ਲਈ ਮਨੁੱਖ ਨੂੰ ਸਮੇਂ ਦੀ ਇੱਕ ਅਜਿਹੀ ਇਕਾਈ ਦੀ ਲੋੜ ਪਈ ਜੋ ਮਹੀਨੇ ਤੋਂ ਛੋਟੀ ਅਤੇ ਦਿਨ ਤੋਂ ਵੱਡੀ ਹੋਵੇ. ਇਹ ਲੋੜ ਵਿੱਚੋਂ ਹੀ ਹਫਤੇ ਦਾ ਸੰਕਲਪ ਸ਼ੁਰੂ ਹੋਇਆ, ਕਿਉਂਕਿ ਇਹ ਕਿਸੇ ਕੁਦਰਤੀ ਵਰਤਾਰੇ ਨਾਲ ਸੰਬੰਧਿਤ ਨਹੀਂ ਇਸ ਲਈ ਵੱਖ-ਵੱਖ ਥਾਵਾਂ ਤੇ ਇਸ ਵਿੱਚ ਦਿਨਾਂ ਦੀ ਗਿਣਤੀ ਵੱਖ-ਵੱਖ ਸੀ. ਜਿਵੇਂ ਪ੍ਰਾਚੀਨ ਯੂਨਾਨੀਆਂ ਨੇ ਹਫਤਾ 10 ਦਿਨ ਦਾ ਮੰਨਿਆ ਜਦ ਕਿ ਪੁਰਾਤਨ ਰੋਮ ਵਿੱਚ ਹਫਤਾ 8 ਦਿਨ ਦਾ ਸੀ. ਹੁਣ ਵੀ ਕੁੱਝ ਕਬੀਲਿਆਂ ਵਿੱਚ ਇਹ 4 ਤੋਂ 10 ਦਿਨ ਦੇ ਵਿਚਕਾਰ ਹੈ, ਪਰ ਬਹੁਤੇ ਦੇਸ਼ਾਂ ਵਿੱਚ ਹਫਤਾ 7 ਦਿਨ ਦਾ ਪ੍ਰਚੱਲਿਤ ਹੋਇਆ. ਸੱਤ ਦਿਨ ਦਾ ਹਫਤਾ ਪਰਚੱਲਿਤ ਹੋਣ ਦੇ ਦੋ ਕਾਰਨ ਹਨ. ਈਸਾਈ, ਯਹੂਦੀ, ਮੁਸਲਿਮ ਦੇਸ਼ਾਂ ਵਿੱਚ ਇਹ ਬਾਈਬਲ ਦੇ ਇਸ ਕਥਨ ਨਾਲ ਜੁੜਿਆ ਹੋਇਆ ਹੈ ਕਿ ਰੱਬ ਨੇ ਇਹ ਦੁਨੀਆਂ 6 ਦਿਨਾਂ ਵਿੱਚ ਬਣਾਈ ਅਤੇ ਸੱਤਵੇਂ ਦਿਨ ਅਰਾਮ ਕੀਤਾ. ਸੋ ਇਸ ਅਸਰ ਹੇਠ 7 ਦਿਨ ਦਾ ਹਫਤਾ ਮੰਨਿਆ ਗਿਆ, ਜਿਸ ਵਿੱਚ 6 ਦਿਨ ਕੰਮ ਕਰਨ ਦੇ ਅਤੇ ਸੱਤਵਾਂ ਦਿਨ ਅਰਾਮ ਦਾ ਹੁੰਦਾ ਹੈ. ਭਾਰਤ ਅਤੇ ਕੁਝ ਹੋਰ ਪੂਰਬੀ ਦੇਸ਼ਾਂ ਵਿੱਚ ਹਫਤੇ ਦੇ ਦਿਨ ਸੂਰਜ, ਚੰਦ ਅਤੇ ਗ੍ਰਹਿਆਂ ਨਾਲ ਜੁੜੇ ਹੋਏ ਹਨ. ਧਰਤੀ ਤੋਂ ਸਾਨੂੰ ਤਾਰਿਆਂ ਤੋਂ ਇਲਾਵਾ ਸੱਤ ਹੋਰ ਅਕਾਸ਼ੀ ਪਿੰਡ ਨੰਗੀ ਅੱਖ ਨਾਲ ਦਿਖਾਈ ਦਿੰਦੇ ਹਨ. ਇਹਨਾਂ ਸੱਤਾਂ ਵਿੱਚ ਸੂਰਜ, ਚੰਦ ਤੋਂ ਇਲਾਵਾ ਪੰਜ ਗ੍ਰਹਿ ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤੀ ਅਤੇ ਸ਼ਨੀ ਸ਼ਾਮਲ ਹਨ. ਇਹ ਸੱਤੇ ਬਗੈਰ ਕਿਸੇ ਦੂਰਬੀਨ ਦੀ ਸਹਾਇਤਾ ਤੋਂ ਵੇਖੇ ਜਾ ਸਕਦੇ ਹਨ ਇਸ ਕਰਕੇ ਪ੍ਰਾਚੀਨ ਮਨੁੱਖ ਇਹਨਾਂ ਤੋਂ ਜਾਣੂ ਸੀ ਅਤੇ ਇਹਨਾਂ ਸੱਤਾਂ ਨੂੰ ਹੀ ਹਫਤੇ ਦੇ ਸੱਤ ਦਿਨ ਸਮਰਪਿਤ ਕੀਤੇ ਗਏ ਹਨ. ਜਿਸ ਤਰ੍ਹਾਂ ਹਿੰਦੀ ਵਿੱਚ ਹਫਤੇ ਦੇ ਦਿਨਾਂ ਦੇ ਨਾਮ ਰਵੀਵਾਰ, ਸੋਮਵਾਰ, ਮੰਗਲਵਾਰ, ਬੁੱਧਵਾਰ, ਬ੍ਰਹਿਸਪਤੀਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਹਨ ਜੋ ਕਰਮਵਾਰ ਸੂਰਜ, ਚੰਦ, ਮੰਗਲ, ਬੁਧ, ਬ੍ਰਹਿਸਪਤੀ, ਸ਼ੁੱਕਰ ਅਤੇ ਸ਼ਨੀ ਨੂੰ ਸਮਰਪਿਤ ਹਨ. ਇਸਦੇ ਮੁਕਾਬਲੇ ਅੰਗਰੇਜ਼ੀ ਵਿਚਲੇ ਨਾਵਾਂ ਵਿੱਚੋਂ Sunday ਅਤੇ Mondy ਹੀ ਸੂਰਜ ਅਤੇ ਚੰਦ ਨੂੰ ਸਮਰਪਿਤ ਹਨ ਜਦ ਕਿ ਬਾਕੀ ਨਾਮ ਉੱਧਰ ਦੇ ਪ੍ਰਾਚੀਨ ਦੇਵੀ-ਦੇਵਤਿਆਂ ਦੇ ਨਾਵਾਂ ਤੇ ਆਧਾਰਿਤ ਹਨ.

ਇਸ ਨੂੰ ਹੋਰ ਸੁਧਾਰਨ ਦੀ ਕੋਸ਼ਿਸ਼ ਵਜੋਂ ਫਰਾਂਸੀਸੀ ਇਨਕਲਾਬ ਤੋਂ ਬਾਅਦ 1792 ਵਿੱਚ ਦਸ਼ਮਲਵ ਪ੍ਰਣਾਲੀ ਅਨੁਸਾਰ ਕੈਲੰਡਰ ਬਣਾਇਆ ਗਿਆ ਜਿਸ ਵਿੱਚ ਹਫਤਾ 10 ਦਿਨ ਦਾ ਸੀ, ਪਰ ਲੋਕ ਕਿਉਂਕਿ 7 ਦਿਨ ਦੇ ਹਫਤੇ ਦੇ ਬਹੁਤੇ ਆਦੀ ਹੋਏ ਸਨ ਇਸ ਲਈ ਕੁੱਝ ਸਾਲਾਂ ਬਾਅਦ ਇਸ ਨੂੰ ਤਿਆਗ ਕੇ ਮੁੜ 7 ਦਿਨਾਂ ਵਾਲੇ ਹਫਤੇ ਨੂੰ ਹੀ ਅਪਨਾਉਣਾ ਪਿਆ.

**ਘੰਟੇ-ਮਿੰਟ-ਸਕਿੰਟ**: ਸਮੇਂ ਦੀਆਂ ਇਹ ਇਕਾਈਆਂ ਮੁੱਖ ਤੌਰ ਤੇ ਮਾਡਰਨ ਸਭਿਅਤਾ ਦੀ ਦੇਣ ਹਨ ਅਤੇ ਮਕੈਨਕੀ ਘੜੀਆਂ ਦੀ ਕਾਢ ਤੋਂ ਬਾਅਦ ਹੀ ਦੁਨੀਆਂ ਵਿੱਚ ਪਰਚੱਲਿਤ ਹੋਈਆਂ. ਇਹਨਾਂ ਤੋਂ ਪਹਿਲਾਂ ਦਿਨ ਨੂੰ ਕਈ ਤਰ੍ਹਾਂ ਨਾਲ ਵੰਡਿਆ ਜਾਂਦਾ ਸੀ, ਜਿਵੇਂ ਸਾਡੇ ਆਪਣੇ ਦੇਸ਼ ਵਿੱਚ ਪਹਿਰ, ਘੜੀ ਅਤੇ ਪਲ ਪ੍ਰਚੱਲਿਤ ਸਨ. ਫਿਰ ਵੀ ਜੇ ਇਤਿਹਾਸ ਫਰੋਲਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਸਮੁੱਚੇ ਦਿਨਾਂ ਨੂੰ 24 ਘੰਟਿਆਂ ਵਿੱਚ ਵੰਡਣ ਦਾ ਕੰਮ ਪ੍ਰਾਚੀਨ ਮਿਸਰ ਵਾਲਿਆਂ ਨੇ ਕੀਤਾ.

ਇਹ ਸੀ ਸਮੇਂ ਦੀ ਗਿਣਤੀ ਦਾ ਮੋਟਾ-ਜਿਹਾ ਇਤਿਹਾਸ. ਹੁਣ ਆਪਾਂ ਸਵਾਲ ਵੱਲ ਮੁੜੀਏ ਕਿ ਸਾਰੇ ਸੰਸਾਰ ਵਿੱਚ ਇੱਕੋ ਸਮਾਂ-ਪ੍ਰਬੰਧ ਕਿਵੇਂ ਪ੍ਰਚੱਲਿਤ ਹੋਇਆ ਤਾਂ ਇਸ ਸਬੰਧ ਵਿੱਚ ਤਿੰਨ ਕਾਰਨ ਬਣਦੇ ਹਨ. ਪਹਿਲੀ ਗੱਲ ਸਮੇਂ ਦੀਆਂ ਵੱਡੀਆਂ ਤਿੰਨੇ ਇਕਾਈਆਂ ਸਾਲ, ਮਹੀਨਾ ਅਤੇ ਦਿਨ ਕੁਦਰਤੀ ਚੱਕਰਾਂ ਨਾਲ ਜੁੜੀਆਂ ਹੋਣ ਕਾਰਨ ਇੱਕੋ ਜਿਹੀਆਂ ਹੀ ਮੰਨੀਆਂ ਗਈਆਂ. ਦੂਸਰੀ ਗੱਲ, ਪ੍ਰਾਚੀਨ ਸਮੇਂ ਵਿੱਚ ਵੀ ਸੰਸਾਰ ਦੇ ਮੁੱਖ ਸਭਿਅਕ ਕੇਂਦਰਾਂ ਵਿੱਚ ਥੋੜ੍ਹਾ-ਬਹੁਤ ਆਪਸੀ ਸੰਪਰਕ ਚਲਦਾ ਰਿਹਾ ਸੀ. ਜਿਵੇਂ ਜੂਲੀਅਸ ਸੀਜ਼ਰ ਜਦ ਮਿਸਰ ਨੂੰ ਜਿੱਤ ਕੇ ਮੁੜਿਆ ਤਾਂ ਉਹਨੇ ਮਿਸਰੀ ਕੈਲੰਡਰ ਪ੍ਰਣਾਲੀ ਰੋਮ ਵਿੱਚ ਵੀ ਲਾਗੂ ਕਰ ਦਿੱਤੀ. ਅੱਜ ਤੋਂ ਦੋ ਕੁ ਹਜ਼ਾਰ ਸਾਲ ਪਹਿਲਾਂ ਤਾ ਗਿਆਨ-ਵਿਗਿਆਨ ਦਾ ਕਾਫੀ ਅਦਾਨ-ਪ੍ਰਦਾਨ ਹੋਣ ਲੱਗ ਪਿਆ ਸੀ. ਤੀਸਰੀ ਗੱਲ, ਇੱਕੋ ਕੈਲੰਡਰ ਅਤੇ ਸਮਾਂ-ਪ੍ਰਬੰਧ ਲਾਗੂ ਕਰਨ ਦੀ ਰਹਿੰਦੀ-ਖੂੰਹਦੀ ਕਸਰ ਯੂਰਪੀ ਸਾਮਰਾਜ ਦੇ ਸਾਰੀ ਦੁਨੀਆਂ ਵਿੱਚ ਫੈਲ ਜਾਣ ਨੇ ਪੂਰੀ ਕਰ ਦਿੱਤੀ. ਯੂਰਪੀ ਲੋਕ ਆਪਣੇ ਸਾਮਰਾਜ ਦਾ ਵਿਸਥਾਰ ਕਰਦੇ ਹੋਏ ਲਗਭਗ ਸਾਰੀ ਦੁਨੀਆਂ ਵਿੱਚ ਗਏ ਅਤੇ ਇਸ ਤਰ੍ਹਾਂ ਹਰ ਜਗ੍ਹਾ ਉਹਨਾਂ ਨੇ ਆਪਣਾ ਕੈਲੰਡਰ ਅਤੇ ਸਮਾਂ-ਪ੍ਰਣਾਲੀ ਲਾਗੂ ਕਰ ਦਿੱਤੀ.

**ਸਵਾਲ**: ਵਿਗਿਆਨੀ ਨਕਲੀ ਬੱਦਲਾਂ ਦੁਆਰਾ ਮੀਂਹ ਕਿਵੇਂ ਪੁਆਉਂਦੇ ਹਨ ? ਜੇ ਇਸ ਨਾਲ ਸੋਕਾ ਦੂਰ ਕੀਤਾ ਜਾ ਸਕਦਾ ਹੈ ਤਾਂ ਕਿਸ ਹੱਦ ਤੱਕ ?

**ਜਵਾਬ**: ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਸਮੁੰਦਰਾਂ, ਦਰਿਆਵਾਂ, ਝੀਲਾਂ ਆਦਿ ਵਿੱਚੋਂ ਸੂਰਜ ਦੀ ਗਰਮੀ ਨਾਲ ਪਾਣੀ ਵਾਸ਼ਪ ਬਣ ਕੇ ਉਡਦਾ ਰਹਿੰਦਾ ਹੈ ਅਤੇ ਇਹ ਪਾਣੀ ਦੇ ਵਾਸ਼ਪਾਂ ਵਾਲੀ ਹਵਾ ਜਦ ਉਪਰਲੇ ਵਾਯੂਮੰਡਲ ਵਿੱਚ ਜਾਂਦੀ ਹੈ ਤਾਂ ਠੰਡੀ ਹੋ ਕੇ ਬੱਦਲਾਂ ਦਾ ਰੂਪ ਧਾਰਨ ਕਰ ਲੈਂਦੀ ਹੈ. ਪਾਣੀ ਦੇ ਇਹ ਵਾਸ਼ਪ ਹਵਾ ਵਿਚਲੇ ਧੂੜ ਅਤੇ ਬਰਫ ਦੇ ਕਣਾਂ ਦੁਆਲੇ ਇਕੱਠੇ ਹੁੰਦੇ ਰਹਿੰਦੇ ਹਨ ਅਤੇ ਇਸ ਤਰਾਂ ਪਾਣੀ ਦੀਆਂ ਬੂੰਦਾਂ ਦਾ ਰੂਪ ਧਾਰਨ ਕਰ ਲੈਂਦੇ ਹਨ. ਜਦ ਇਹਨਾਂ ਬੱਦਲਾਂ ਦਾ ਤਾਪਮਾਨ ਇੱਕ ਖਾਸ ਹੱਦ ਤੋਂ ਘਟ ਜਾਂਦਾ ਹੈ ਅਤੇ ਪਾਣੀ ਦੇ ਇਹਨਾਂ ਕਣਾਂ ਦਾ ਆਕਾਰ ਜ਼ਿਆਦਾ ਵਧ ਜਾਂਦਾ ਹੈ ਤਾਂ ਇਹ ਧਰਤੀ ਦੀ ਖਿੱਚ ਸਦਕਾ ਵਰਖਾ ਦੇ ਰੂਪ ਵਿੱਚ ਧਰਤੀ ਉਪਰ ਡਿਗਦੇ ਹਨ.

ਉਪਰੋਕਤ ਜਾਣਕਾਰੀ ਤੋਂ ਸਪਸ਼ਟ ਹੈ ਕਿ ਬੱਦਲ ਚਾਹੇ ਵੱਖ-ਵੱਖ ਇਲਾਕਿਆਂ ਉਪਰੋਂ ਲੰਘਦੇ ਹਨ ਪਰ ਜਦ ਉਹਨਾਂ ਦਾ ਤਾਪਮਾਨ ਬਹੁਤ ਘਟ ਜਾਵੇ ਤੇ ਪਾਣੀ ਦੀਆਂ ਬੂੰਦਾਂ ਬਣਨ ਦੀ ਪ੍ਰਕਿਰਿਆ ਐਨੀ ਤੇਜ਼ ਹੋ ਜਾਵੇ ਕਿ ਬੱਦਲ ਉਹਨਾਂ ਨੂੰ

ਸੰਭਾਲੀ ਰੱਖਣ ਤੋਂ ਅਸਮਰਥ ਹੋ ਜਾਣ ਤੇ ਬੱਦਲ ਪਹਾੜਾਂ ਨਾਲ ਟਕਰਾਉਣ ਤਾਂ ਉਥੇ ਠੰਡਾ ਵਾਯੂਮੰਡਲ ਹੋਣ ਕਾਰਨ ਵਧੇਰੇ ਮੀਂਹ ਉਥੇ ਹੀ ਪਾਉਂਦੇ ਹਨ. ਜਦ ਕਿ ਰਸਤੇ ਵਿੱਚ-ਵਿਚਾਲੇ ਆਉਣ ਵਾਲੇ ਇਲਾਕੇ ਬਿਨਾਂ ਵਰਖਾ ਕੀਤੇ ਲੰਘ ਆਉਂਦੇ ਹਨ.

ਹੁਣ ਵਿਗਿਆਨੀਆਂ ਦੁਆਰਾ ਅਜਿਹੇ ਤਰੀਕੇ ਵਿਕਸਿਤ ਕੀਤੇ ਗਏ ਹਨ ਕਿ ਵਰਖਾ ਚਾਹੁੰਦੇ ਇਲਾਕਿਆਂ ਵਿੱਚੋਂ ਜਦ ਬੱਦਲ ਲੰਘ ਰਹੇ ਹੋਣ ਤਾਂ ਉਹਨਾਂ ਉਪਰ ਹਵਾਈ ਜਹਾਜਾਂ ਰਾਹੀਂ ਕੁੱਝ ਰਸਾਇਣਿਕ ਪਦਾਰਥਾਂ ਦਾ ਛਿੜਕਾਅ ਕਰਕੇ ਉਹਨਾਂ ਬੱਦਲਾਂ ਤੋਂ ਉੱਥੇ ਮੀਂਹ ਪਵਾਇਆ ਜਾ ਸਕੇ. ਸੋ ਵਿਗਿਆਨੀਆਂ ਦੁਆਰਾ ਬੱਦਲ ਤਾਂ ਪੈਦਾ ਨਹੀਂ ਕੀਤੇ ਜਾਂਦੇ ਪ੍ਰੰਤੂ ਅਸਲ ਬੱਦਲਾਂ ਤੋਂ ਨਕਲੀ ਤਰੀਕੇ ਨਾਲ ਲੋੜੀਦੀਆਂ ਥਾਵਾਂ ਤੇ ਮੀਂਹ ਜ਼ਰੂਰ ਪਵਾਇਆ ਜਾ ਸਕਦਾ ਹੈ. ਕਿਉਂਕਿ ਅਜਿਹੇ ਖਿੱਤੇ ਤਾਂ ਬਹੁਤ ਥੋੜੇ ਹਨ, ਜਿੱਥੋਂ ਕੋਈ ਬੱਦਲ ਨਹੀਂ ਗੁਜਰਦੇ. ਆਮ ਕਰਕੇ ਉਥੇ ਬੱਦਲ ਬਿਨਾਂ ਮੀਂਹ ਪਾਇਆਂ ਲੰਘ ਜਾਂਦੇ ਹਨ ਜਿਸ ਤੇ ਇਸ ਤਕਨੀਕ ਨਾਲ ਕਾਬੂ ਪਾਇਆ ਜਾ ਸਕਦਾ ਹੈ. ਇਸ ਲਈ ਇਸ ਦੀ ਵਰਤੋਂ ਨਾਲ ਵੀ ਬਹੁਤ ਸਾਰੇ ਇਲਾਕਿਆਂ ਵਿੱਚੋਂ ਮੀਂਹ ਦੀ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ. ਰੂਸ ਅਤੇ ਆਸਟਰੇਲੀਆ ਵਰਗੇ ਦੇਸ਼ਾਂ ਵਿੱਚ ਇਸ ਤਰੀਕੇ ਨਾਲ ਮੀਂਹ ਪਵਾਉਣ ਵਿੱਚ ਬਹੁਤ ਸਫਲਤਾ ਹਾਸਲ ਕੀਤੀ ਗਈ ਹੈ.

**ਸਵਾਲ:** ਜ਼ਮੀਰ ਕੀ ਚੀਜ਼ ਹੈ ?

**ਜਵਾਬ:** ਜ਼ਮੀਰ ਕਿਸੇ ਵਸਤੂ ਦਾ ਨਾਮ ਨਹੀਂ. ਇਹ ਤਾਂ ਬੱਸ ਇੱਕ ਮਨੋ-ਵਿਗਿਆਨਕ ਵਰਤਾਰੇ ਨੂੰ ਕਿਹਾ ਜਾਂਦਾ ਹੈ. ਜੋ ਵਿਅਕਤੀ ਆਪਣੀ ਅੰਤਰ-ਸੂਝ ਮੁਤਾਬਿਕ ਕੀਤੇ ਫੈਸਲਿਆਂ ਅਨੁਸਾਰ ਆਪਣਾ ਮੱਤ ਜਾਂ ਵਿਚਾਰ ਪ੍ਰਗਟ ਕਰਦਾ ਹੈ ਅਸੀਂ ਕਹਿ ਦਿੰਦੇ ਹਾਂ ਕਿ ਉਸਦੀ ਜ਼ਮੀਰ ਹੈ. ਇਸਦੇ ਉਲਟ ਜੋ ਲਾਈਲੱਗ ਹੁੰਦਾ ਹੈ ਉਸ ਬਾਰੇ ਅਸੀਂ ਕਹਿ ਦਿੰਦੇ ਹਾਂ ਕਿ ਉਸਦੀ ਜ਼ਮੀਰ ਨਹੀਂ ਹੈ ਜਾਂ ਜ਼ਮੀਰ ਮਰ ਗਈ ਹੈ.

**ਸਵਾਲ:** ਆਂਡੇ ਵਿੱਚ ਪਲ ਰਿਹਾ ਬੱਚਾ ਜਿਉਂਦਾ ਕਿਵੇਂ ਰਹਿੰਦਾ ਹੈ ਜਦੋਂ ਕਿ ਆਂਡਾ ਪੂਰੀ ਤਰਾਂ ਸੀਲਬੰਦ ਹੁੰਦਾ ਹੈ ਅਤੇ ਉਸ ਵਿੱਚ ਹਵਾ ਜਾਣ ਲਈ ਕੋਈ ਰਾਹ ਨਹੀਂ ਹੁੰਦਾ ?

**ਜਵਾਬ:** ਸਰੀਰ ਦੀਆਂ ਸਾਰੀਆਂ ਗਤੀਵਿਧੀਆਂ ਲਈ ਊਰਜਾ ਦੀ ਲੋੜ ਹੁੰਦੀ ਹੈ. ਇਹ ਆਮ ਤੌਰ ਤੇ ਆਕਸੀਜਨ ਤੇ ਊਰਜਾ-ਯੁਕਤ ਖਾਦ ਪਦਾਰਥਾਂ ਦੇ ਮਿਲਣ ਨਾਲ ਪੈਦਾ ਹੁੰਦੀ ਹੈ. ਇਸ ਪ੍ਰਕਿਰਿਆ ਨੂੰ ਆਕਸੀ-ਸਾਹ ਕ੍ਰਿਆ ਕਹਿੰਦੇ ਹਨ. ਕੁਝ ਖਾਸ ਹਾਲਤਾਂ ਵਿੱਚ ਇਹ ਊਰਜਾ ਬਗੈਰ ਆਕਸੀਜਨ ਮਿਲਣ ਦੇ ਵੀ ਪੈਦਾ ਹੋ ਸਕਦੀ ਹੈ. ਇਸ ਕਾਰਜ ਲਈ ਆਕਸੀਜਨ ਦੀ ਲੋੜ ਨਹੀਂ ਪੈਂਦੀ. ਇਸ ਨੂੰ ਅਣ-ਆਕਸੀ ਸਾਹ-ਕ੍ਰਿਆ ਕਹਿੰਦੇ ਹਨ. ਜੀਵ ਦੀ ਸਰਗਰਮੀ ਦੀ ਬਨਿਸਬਤ ਹੀ ਵੱਧ ਜਾਂ ਘੱਟ ਊਰਜਾ ਦੀ ਲੋੜ ਪੈਂਦੀ ਹੈ. ਆਂਡੇ ਵਿੱਚ ਬੰਦ ਜੀਵ ਦੀ ਬਾਹਰਲੇ ਪ੍ਰਾਣੀ ਨਾਲੋਂ ਸਰੀਰਕ ਸਰਗਰਮੀ ਵੀ ਨਿਗੂਣੀ ਹੁੰਦੀ ਹੈ, ਜਿਸ ਨਾਲ ਉਸ ਨੂੰ ਊਰਜਾ ਦੀ ਘੱਟ ਲੋੜ ਹੁੰਦੀ ਹੈ. ਇਹ ਲੋੜੀਂਦੀ ਊਰਜਾ ਅਣ-ਆਕਸੀ ਪ੍ਰਕਿਰਿਆ ਰਾਹੀਂ ਆਪਣੇ ਆਪ ਪੈਦਾ ਹੁੰਦੀ ਰਹਿੰਦੀ ਹੈ. ਆਂਡਾ ਉਬਲਣ ਬਾਅਦ ਇਸ ਦੇ ਸਫੈਦ ਭਾਗ ਵਿੱਚ ਨਿੱਕਾ ਜਿਹਾ ਟੋਆ ਜਾਂ ਖੋਲ ਵਿੱਚ ਮੌਜੂਦ ਹਵਾ ਕਾਰਨ ਨਹੀਂ ਹੁੰਦਾ (ਜਿਵੇਂ ਕਿ ਕਈ ਲੋਕਾਂ ਦਾ ਖਿਆਲ ਹੈ) ਬਲਕਿ ਇਸ ਦਾ ਕਾਰਨ ਆਂਡੇ ਅੰਦਰਲੇ ਤਰਲ ਪਦਾਰਥ ਦਾ ਉਬਲਣ ਉਪਰੰਤ ਬਣਿਆ ਠੋਸ ਰੂਪ ਹੀ ਹੈ. ਕਿਉਂਕਿ ਤਰਲ ਦੀ ਘਣਤਾ ਵੱਧ ਫੈਲਰੀ ਹੁੰਦੀ

ਹੈ ਤੇ ਠੋਸ ਬਣਨ ਬਾਅਦ ਉਸੇ ਪਦਾਰਥ ਦੀ ਘਣਤਾ ਸੁੰਘੜ ਜਾਂਦੀ ਹੈ ਬਸ ਇਸੇ ਕਰਕੇ ਸਫੈਦੀ ਵਿੱਚ ਟੋਆ ਜਿਹਾ ਬਣ ਜਾਂਦਾ ਹੈ. ਇਸੇ ਤਰਾਂ ਕੁੱਖ ਵਿੱਚ ਪਲ ਰਿਹਾ ਬੱਚਾ ਵੀ ਬਿਨਾ ਆਕਸੀਜਨ ਦੇ ਜਿਉਂਦਾ ਰਹਿੰਦਾ ਹੈ. ਉਹ ਸਾਹ ਨਹੀਂ ਲੈਂਦਾ ਅਤੇ ਨਾ ਹੀ ਫੇਫੜਿਆਂ ਰਾਹੀਂ ਆਕਸੀਜਨ ਖਿੱਚਦਾ ਹੈ. ਉਹ ਮਾਂ ਦੇ ਖੂਨ ਤੋਂ ਹੀ ਲੋੜੀਂਦੀ ਊਰਜਾ ਪ੍ਰਾਪਤ ਕਰਦਾ ਹੈ.

ਬਿਨਾਂ ਆਕਸੀਜਨ ਦੇ ਊਰਜਾ ਦੀ ਪੈਦਾਵਾਰ ਦੀ ਪ੍ਰਕਿਰਿਆ ਮਨੁੱਖ ਵਿੱਚ ਵੀ ਚਲਦੀ ਰਹਿੰਦੀ ਹੈ, ਜੇ ਸਾਹ ਦੇ ਨਾਲ ਨਾਲ ਕੁੱਝ ਖਾਸ ਹਾਲਤਾਂ ਵਿੱਚ ਕਾਰਜਸ਼ੀਲ ਹੁੰਦੀ ਹੈ. ਮੁਸ਼ੱਕਤ ਵਾਲਾ ਕੰਮ ਕਰਨ ਲਈ ਵੱਧ ਊਰਜਾ ਦੀ ਲੋੜ ਹੁੰਦੀ ਹੈ. ਸਾਹ ਰਾਹੀਂ ਅੰਦਰ ਜਾ ਰਹੀ ਆਕਸੀਜਨ ਇਸ ਲਈ ਕਾਫੀ ਨਹੀਂ ਹੁੰਦੀ. ਇਸ ਘਾਟ ਨੂੰ ਪੂਰਨ ਲਈ ਅਣ-ਆਕਸੀ ਸਾਹ ਪ੍ਰਕਿਰਿਆ ਚੱਲ ਪੈਂਦੀ ਹੈ ਅਤੇ ਇਸ ਨਾਲ ਊਰਜਾ ਦੀ ਥੁੜ ਪੂਰੀ ਹੋ ਜਾਂਦੀ ਹੈ. ਬੇਸ਼ੱਕ ਇਸ ਪ੍ਰਕਿਰਿਆ ਦੇ ਕਾਰਜਸ਼ੀਲ ਹੋਣ ਨਾਲ ਸਰੀਰ ਵਿੱਚਵ ਤੇਜ਼ਾਬੀ ਮਾਦੇ ਵੀ ਪੈਦਾ ਹੋਣ ਲੱਗ ਪੈਂਦੇ ਹਨ, ਜਿਵੇਂ ਲੈਕਟਿਕ ਐਸਿਡ ਆਦਿ ਜੋ ਥਕਾਵਟ ਦੇ ਅਨੁਭਵ ਨੂੰ ਜਨਮ ਦਿੰਦਾ ਹੈ. ਆਰਾਮ ਕਰਨ ਅਤੇ ਪਾਣੀ ਦੀ ਲਗਾਤਾਰ ਵਰਤੋਂ ਨਾਲ ਇਹ ਤੇਜ਼ਾਬ ਖਾਰਜ ਹੋ ਜਾਂਦਾ ਹੈ.

**ਸਵਾਲ:** ਜਾਦੂਗਰ ਅਕਸਰ ਹੱਥਾਂ ਵਿੱਚੋਂ ਚੀਜ਼ਾਂ ਅਲੋਪ ਕਰ ਦਿੰਦੇ ਹਨ ਜਾਂ ਬਣਾ ਦਿੰਦੇ ਹਨ. ਜੀਭ ਕੱਟ ਦਿੰਦੇ ਹਨ ਤੇ ਫਿਰ ਜੋੜ ਦਿੰਦੇ ਹਨ. ਇਹ ਸਭ ਕੁਝ ਕਿਵੇਂ ਹੁੰਦਾ ਹੈ? ਜਾਦੂਗਰ ਵੇਖਣ ਵਾਲਿਆਂ ਦੀਆਂ ਅੱਖਾਂ ਤੇ ਪਰਦਾ ਕਿਵੇਂ ਪਾ ਲੈਂਦੇ ਹਨ? ਕਿਉਂਕਿ ਅਕਸਰ ਹੀ ਕਿਹਾ ਜਾਂਦਾ ਹੈ ਕਿ ਜਾਦੂਗਰ ਲੋਕਾਂ ਦੀ ਨਿਗ੍ਹਾ ਬੰਨ੍ਹ ਲੈਂਦੇ ਹਨ?

**ਜਵਾਬ:** ਜਾਦੂਗਰ (ਮਦਾਰੀਆਂ) ਵੱਲੋਂ ਦਿਖਾਏ ਜਾਂਦੇ ਟ੍ਰਿਕ ਅਸਲ ਵਿੱਚ ਕਲਾਮਈ ਢੰਗ ਨਾਲ ਦਿੱਤਾ ਗਿਆ ਇੱਕ ਦ੍ਰਿਸ਼-ਭਰਮ ਹੁੰਦਾ ਹੈ. ਜਾਦੂ ਦੇ ਸਾਰੇ ਟ੍ਰਿਕਾਂ ਲਈ ਸਮਾਨ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਹੁੰਦਾ ਹੈ. ਜਿਸ ਤਰਾਂ ਜੀਭ ਕੱਟ ਕੇ ਦਿਖਾਉਣ ਵਾਲੇ ਟ੍ਰਿਕ ਵਿੱਚ ਮਦਾਰੀ ਵੱਲੋਂ ਜੀਭ ਦੇ ਰੰਗ ਦਾ ਹੀ ਇੱਕ ਪਲਾਸਟਿਕ ਦਾ ਬਣਿਆ ਖੋਲ ਆਪਣੀ ਅਸਲ ਜੀਭ ਦੇ ਅਗਲੇ ਹਿੱਸੇ ਦੇ ਉੱਪਰ ਚੜਾਇਆ ਹੁੰਦਾ ਹੈ. ਇਸ ਖੋਲ ਵਿੱਚ ਥੋੜਾ ਜਿਹਾ ਲਾਲ ਰੰਗ ਭਰਿਆ ਹੁੰਦਾ ਹੈ ਤਾਂ ਜੋ ਇਸ ਨਕਲੀ ਜੀਭ ਨੂੰ ਲਾਹ ਕੇ ਸੁੱਟਣ ਸਮੇਂ ਲਹੂ ਦਾ ਭੁਲੇਖਾ ਪਵੇ. ਜਾਦੂਗਰ ਇਸ ਨੂੰ ਲਾਹ ਕੇ ਸੁੱਟਣ ਸਮੇਂ ਜ਼ੋਰਦਾਰ ਐਕਟਿੰਗ ਕਰਦਾ ਹੈ ਜਿਸ ਕਰਕੇ ਆਮ ਦਰਸ਼ਕ ਉਸ ਨੂੰ ਸੱਚ ਮੰਨ ਲੈਂਦਾ ਹੈ ਅਤੇ ਕੱਟ ਕੇ ਸੁੱਟੀ ਗਈ ਉਸ ਨਕਲੀ ਜੀਭ ਨੂੰ ਚੁੱਕ ਕੇ ਦੇਖਣ ਦਾ ਹੌਸਲਾ ਨਹੀਂ ਕਰਦਾ ਕਿ ਕੀ ਇਹ ਅਸਲੀ ਜੀਭ ਹੈ ਜਾਂ ਪਲਾਸਟਿਕ ਦੀ. ਇਸ ਤਰਾਂ ਹੀ ਬਾਕੀ ਟ੍ਰਿਕਾਂ ਪਿੱਛੇ ਕੋਈ ਨਾ ਕੋਈ ਘੁੰਡੀ ਛੁਪੀ ਹੁੰਦੀ ਹੈ. ਇਹਨਾਂ ਟ੍ਰਿਕਾਂ ਵਿੱਚ ਨਿਗ੍ਹਾ ਬੰਨਣ ਵਾਲੀ ਕੋਈ ਗੱਲ ਨਹੀਂ ਹੁੰਦੀ. ਤਰਕਸ਼ੀਲ ਸੁਸਾਇਟੀ ਦੇ ਬਹੁਤ ਸਾਰੇ ਮੈਂਬਰ ਵੀ ਅਕਸਰ ਇਸ ਤਰਾਂ ਦੇ ਟ੍ਰਿਕਾਂ ਦੇ ਸ਼ੋਅ ਆਮ ਦਿੰਦ ਹਨ.

**ਸਵਾਲ:** ਕੀੜੀਆਂ ਆਪਣਾ ਭੋਜਨ, ਮਿੱਠਾ ਆਦਿ ਕਿਵੇਂ ਲੱਭਦੀਆਂ ਹਨ ?

**ਜਵਾਬ:** ਕੀੜੀਆਂ ਦੇ ਪਰਿਵਾਰ ਦੇ ਤਿੰਨ ਵਰਗ ਹਨ. ਜਿਸ ਵਿੱਚ ਰਾਣੀ ਕੀੜੀ, ਖੰਭਾਂ ਵਾਲੇ ਨਰ ਅਤੇ ਖੰਭ-ਰਹਿਤ ਬਾਂਝ ਮਾਦਾ ਹੁੰਦੀਆ ਹਨ. ਇਸ ਤਰ੍ਹਾਂ ਕਾਮਾ ਵਰਗ ਵਿੱਚ ਕੁਝ ਮੁਖਬਰ ਕੀੜੀਆਂ ਹੁੰਦੀਆਂ ਹਨ, ਜੋ ਹਰ ਵੇਲੇ ਇਧਰ-ਉਧਰ ਭੋਜਨ ਦੀ ਤਲਾਸ਼ ਵਿੱਚ ਘੁੰਮਦੀਆਂ ਫਿਰਦੀਆਂ ਹਨ. ਜਿੱਥੇ ਹੀ ਮੁਖਬਰ ਕੀੜੀਆਂ ਨੂੰ ਭੋਜਨ ਦੇ ਰੂਪ ਵਿੱਚ ਖੰਡ ਜਾਂ ਅਜਿਹੀ ਖਾਣ-ਯੋਗ ਚੀਜ਼ ਮਿਲਦੀ ਹੈ ਤਾਂ ਇਹ ਆਪਣੇ ਟਿਕਾਣੇ ਭਾਵ ਖੁੱਡ ਵੱਲ ਪਰਤਦੀਆਂ ਹਨ ਅਤੇ ਤੁਰਨ ਲੱਗਿਆਂ, ਢਿੱਡ ਨੂੰ ਧਰਤੀ ਤੇ ਰਗੜਦਿਆਂ ਹੋਇਆਂ ਇੱਕ ਰਸਾਇਣਕ ਗੰਧ ਦੀ ਲਕੀਰ ਖਿਚਦੀਆਂ ਜਾਂਦੀਆਂ ਹਨ. ਇਉਂ ਬਾਕੀ

ਕੀੜੀਆਂ ਇਸ ਰਸਾਇਣਕ ਗੰਧ ਨੂੰ ਸੁੰਘ ਕੇ ਉਸੇ ਲਕੀਰ ਉੱਪਰ ਚਲਦਿਆਂ ਹੋਇਆਂ, ਲੱਭੇ ਹੋਏ ਭੋਜਨ ਕੋਲ ਜਾ ਪਹੁੰਚਦੀਆਂ ਹਨ. ਇਸੇ ਲਈ ਇਨ੍ਹਾਂ ਦਾ ਰਸਤਾ ਖੁੱਡ ਤੋਂ ਭੋਜਨ ਵੱਲ ਸਿੱਧਾ ਜਾਣ ਦੀ ਬਜਾਏ, ਮੁਖਬਰ ਕੀੜੀਆਂ ਵੱਲੋਂ ਬਣਾਏ ਰਸਾਇਣੀ ਲਕੀਰ ਉੱਪਰ ਹੀ ਬਣਦਾ ਹੈ. ਵਾਰ-ਵਾਰ ਆਉਣ-ਜਾਣ ਨਾਲ, ਕੀੜੀਆਂ ਦਾ ਰਾਹ ਰੜਾ-ਪਟੱਕ ਹੋ ਜਾਂਦਾ ਹੈ.

**ਸਵਾਲ:** ਫੌਲਾਦ, ਸਟੇਨਲੈਸ ਸਟੀਲ ਕਿਵੇਂ ਬਣਿਆ ?

**ਜਵਾਬ:** ਬਰਤਾਨੀਆਂ ਦੇ ਧਾਤ ਵਿਗਿਆਨੀ ਹੇਂਰੀ ਬਰੀਰਲੇ ਨੇ 1913 ਈ: ਵਿੱਚ, ਮੌਕਾ-ਮੇਲ ਵਜੋਂ ਇਸਦੀ ਖੋਜ ਕੀਤੀ. ਉਹ ਧਾਤ ਮਿਸ਼ਰਣਾਂ ਉੱਪਰ ਤਜਰਬੇ ਕਰ ਰਿਹਾ ਸੀ ਤਾਂ ਜੋ ਬੰਦੂਕਾਂ ਦੀਆਂ ਵਧੀਆ ਨਾਲੀਆਂ ਬਣਾਈਆਂ ਜਾ ਸਕਣ. ਕੁੱਝ ਮਹੀਨਿਆਂ ਬਾਅਦ, ਉਸਨੇ ਦੇਖਿਆ ਕਿ ਉਸ ਦੁਆਰਾ ਤਜਰਬੇ ਕਰਕੇ ਸੁੱਟੇ ਧਾਤ ਦੇ ਟੁਕੜਿਆਂ ਨੂੰ ਜੰਗਾਲ ਲੱਗ ਗਈ ਹੈ, ਪਰ ਇੱਕ ਟੁਕੜਾ, ਜਿਸ ਵਿੱਚ 14% ਕਰੋਮੀਅਮ ਧਾਤ ਸੀ, ਉਸਨੂੰ ਜੰਗਾਲ ਨਹੀਂ ਸੀ ਲੱਗਿਆ. ਬੱਸ ਇਹੀ ਵਜਾ ਹੀ ਸਟੇਨਲੈਸ ਸਟੀਲ ਦੀ ਖੋਜ ਦਾ ਆਧਾਰ ਬਣੀ. ਆਮ ਤੌਰ ਤੇ ਸਾਧਾਰਨ ਫੌਲਾਦੀ ਹਵਾ ਵਿਚਲੀ ਆਕਸੀਜਨ ਨਾਲ ਮਿਲੇ ਜਲਦੀ ਜੰਗਲਿਆ ਜਾਂਦਾ ਹੈ. ਅਲਮੀਨੀਅਮ, ਨਿਕਲ ਅਤੇ ਕਰੋਮੀਅਮ ਵਰਗੀਆਂ ਧਾਤਾਂ ਵੀ ਹਵਾ ਵਿੱਚ ਇਵੇਂ ਪ੍ਰਤੀਕ੍ਰਮ ਕਰਦੀਆਂ ਹਨ. ਇਸ ਦੇ ਆਕਸੀਜਨ ਨਾਲ ਮਿਲਕੇ ਬਣੇ ਯੋਗਿਕ, ਇਨ੍ਹਾਂ ਉਪਰ ਇੱਕ ਪਰਤ ਜਮਾਂ ਦਿੰਦੇ ਹਨ ਜਿਸ ਨਾਲ ਆਕਸੀਜਨ ਅੰਦਰਲੀ ਧਾਤ ਨਾਲ ਪ੍ਰਤੀਕ੍ਰਿਆ ਨਹੀਂ ਕਰ ਸਕਦੀ. ਬਰੀਰਲੇ ਦੇ ਫੌਲਾਦ ਉਪਰ ਕਰੋਮੀਅਮ ਦੀ ਅਜਿਹੀ ਪਰਤ ਬਣ ਜਾਂਦੀ ਹੈ ਕਿ ਇਸ ਉਪਰ ਕੋਈ ਬਾਹਰੀ ਅਸਰ ਨਹੀਂ ਹੁੰਦਾ. ਅੱਜ-ਕਲ ਸਟੇਨਲੈਸ ਸਟੀਲ ਯਾਨੀ ਜੰਗਾਲ-ਰਹਿਤ ਸਟੀਲ ਦੀਆਂ ਕਈ ਕਿਸਮਾਂ ਮਿਲਦੀਆਂ ਹਨ. ਆਮ ਮਿਲਦੀ ਮਿਸ਼ਰਤ ਧਾਤ ਵਿੱਚ 18% ਕਰੋਮੀਅਮ ਹੁੰਦਾ ਹੈ ਅਤੇ 8% ਨਿਕਲ. ਰਸੋਈ ਵਿੱਚ ਵਰਤੇ ਜਾਣ ਵਾਲੇ ਚਾਕੂਆਂ ਵਿੱਚ 13% ਕਰੋਮੀਅਮ ਹੁੰਦਾ ਹੈ. ਇਸ ਨੂੰ ਹੋਰ ਹੰਢਣਸਾਰ ਤੇ ਜੰਗਾਲ-ਰਹਿਤ ਬਣਾਉਣ ਲਈ ਇਸ ਵਿੱਚ ਕੁੱਝ ਮਾਤਰਾ Molybdenum ਵੀ ਰਲਾ ਦਿੱਤੀ ਜਾਂਦੀ ਹੈ ਜੋ ਵੱਡੀਆਂ ਇਮਾਰਤਾਂ ਵਿੱਚ ਵਰਤੀ ਜਾ ਸਕਦੀ ਹੈ

**ਸਵਾਲ:** ਕਾਗਜ਼ ਕਿਵੇਂ ਅਤੇ ਕਦੋਂ ਬਣਿਆ ?

**ਜਵਾਬ:** ਚੀਨ ਦੀ ਸ਼ਾਹੀ ਅਦਾਲਤ ਵਿੱਚ ਕੰਮ ਕਰਦੇ ਇੱਕ ਮੁਲਾਜ਼ਮ ਲੁਨ ਨੇ ਕਾਗਜ਼ ਬਣਾਉਣ ਦੀ ਵਿਧੀ ਦੀ ਖੋਜ ਅੱਜ ਤੋਂ ਲੱਗਭੱਗ 2000 ਸਾਲ ਪਹਿਲਾਂ ਕੀਤੀ. ਇਸ ਤੋਂ ਪਹਿਲਾਂ ਲਿਖਤ-ਪੜ੍ਹਤ ਦਾ ਕੰਮ ਉਥੇ ਭੇਡਾਂ ਜਾਂ ਵੱਛਿਆਂ ਦੀਆਂ ਖੱਲਾਂ ਦੇ ਉੱਪਰ ਕੀਤਾ ਜਾਂਦਾ ਸੀ. ਪੁਰਾਤਨ ਮਿਸਰ ਵਾਸੀ (Papyrns) ਨੂੰ ਕੁੱਟ ਕੇ ਪੱਧਰਾ ਕਰਕੇ ਕਾਗਜ਼ ਦੇ ਤੌਰ ਤੇ ਵਰਤਦੇ ਸਨ. ਬੇਸ਼ੱਕ ਝਿੱਲੀ ਸਾਫ ਕੀਤੇ ਚਮੜੇ ਬੜੇ ਹੰਢਣਸਾਰ ਸਨ, ਪਰ ਉਹ ਨਿੱਤ ਨਵੀਂ ਜਮਾਂ ਹੋ ਰਹੀ ਜਾਣਕਾਰੀ ਨੂੰ ਸਾਂਭਣ ਲਈ ਨਾਕਾਫੀ ਹਨ. ਅੰਦਾਜ਼ੇ ਮੁਤਾਬਿਕ 200 ਸਫਿਆਂ ਦੀ ਇੱਕ ਕਿਤਾਬ ਲਈ 12 ਭੇਡਾਂ ਦੀ ਖੱਲ ਦੀ ਜ਼ਰੂਰਤ ਹੁੰਦੀ ਸੀ.

ਇਸ ਤੇ ਲੁਨ ਨੇ ਸੋਚਿਆ ਕਿ ਕੋਈ ਵੀ ਰੇਸ਼ੇਦਾਰ ਪਦਾਰਥ ਤੋਂ ਕਾਗਜ਼ ਬਣਾਇਆ ਜਾ ਸਕਦਾ ਹੈ. ਇਸ ਨੂੰ ਪਾਣੀ ਵਿੱਚ ਮਿਲਾ ਕੇ ਅਤੇ (ਇਸ ਵਿੱਚ ਇੱਕ ਅਜਿਹਾ ਪਦਾਰਥ ਵੀ ਪਾਇਆ ਜਾਂਦਾ ਹੈ, ਜੋ ਸਿਆਹੀ ਨੂੰ ਖਿਲਰਣ ਤੋਂ ਰੋਕੇ) ਦਬਾ ਕੇ ਕਾਗਜ਼ ਦੇ ਵਰਕੇ ਬਣਾਏ ਜਾਂਦੇ ਹਨ.

1850 ਤੱਕ ਕਾਗਜ਼ ਬਣਾਉਣ ਲਈ ਲਾਈਨਨ ਅਤੇ ਸੂਤੀ ਕੱਪੜਿਆਂ ਦੀਆਂ ਟਾਕੀਆਂ ਹੀ ਵਰਤੀਆਂ ਜਾਂਦੀਆਂ ਸਨ ਜਿਸ ਤੋਂ ਵਧੀਆ ਕਾਗਜ਼ ਤਿਆਰ ਹੁੰਦਾ ਸੀ. ਫੇਰ ਕਾਗਜ਼ ਦੀ ਮੰਗ ਏਨੀ ਵੱਧ ਗਈ ਕਿ ਹੋਰ ਤਰਾਂ ਦੇ ਕੱਚੇ ਮਾਲ ਦੀ ਜ਼ਰੂਰਤ ਹੋਈ. ਇਸ ਲੋੜ ਵਿੱਚੋਂ ਦਰੱਖਤਾਂ ਦੀ ਗੁੱਦ ਨੂੰ ਕੱਚੇ ਮਾਲ ਵਜੋਂ ਵਰਤਣ ਦੀ ਖੋਜ ਹੋਈ. ਇਸ ਕੰਮ ਲਈ ਸਭ ਤੋਂ ਵਧੀਆ ਰੁੱਖ ਚੀਲ, ਦਿਆਰ ਗਿਣਿਆ ਗਿਆ.

ਲੱਕੜ ਭਾਵੇਂ ਕਿਸੇ ਵੀ ਪੌਦੇ ਦੀ ਹੋਵੇ ਉਸ ਵਿਚਲੇ ਕੋਸ਼-ਰਸਾਂ ਤੇ ਬਨਸਪਤੀ ਬਨਾਉਣ ਵਾਲੇ ਪਦਾਰਥ 25 ਐਮ ਐਮ ਲੰਮਾ ਰੇਸ਼ਾ ਬਣਾਉਂਦੇ ਹਨ. ਲੱਕੜ ਦੇ ਟੁਕੜੇ ਕਰਕੇ ਅਤੇ ਇਸ ਵਿੱਚ ਰਸਾਇਣ ਮਿਲਾਕੇ ਇਸ ਨੂੰ ਉੱਚੇ ਤਾਪਮਾਨ ਅਤੇ ਦਬਾਉ ਤੇ ਗਰਮ ਕਰਕੇ ਰੇਸ਼ਿਆਂ ਨੂੰ ਗੁੱਦ ਨਾਲੋਂ ਅਲੱਗ ਕੀਤਾ ਜਾਂਦਾ ਹੈ. ਇਸ ਵਿੱਚੋਂ ਮਿਲਾਵਟਾਂ ਨੂੰ ਕੱਢਿਆ ਜਾਂਦਾ ਹੈ ਤਾਂ ਸਫੈਦ ਰੰਗ ਬਣਾਉਣ ਲਈ ਰੰਗਕਾਟ ਵਰਤੇ ਜਾਂਦੇ ਹਨ.

ਫੇਰ ਇਸ ਮਿਸ਼ਰਣ ਨੂੰ ਪਤਲੀ ਝੀਥ ਵਿੱਚੋਂ ਦੀ ਲੰਘਾ ਕੇ ਇਸ ਵਿੱਚੋਂ ਪਾਣੀ ਤੇ ਨਮੀ ਨੂੰ ਅਲੱਗ ਕੀਤਾ ਜਾਂਦਾ ਹੈ ਤੇ ਕਾਗਜ਼ ਦੀ ਪਤਲੀ ਪਰਤ ਹੋਂਦ ਵਿੱਚ ਆ ਜਾਂਦੀ ਹੈ. ਇਸ ਤੋਂ ਬਾਅਦ ਕਾਗਜ਼ ਉਪਰ ਚੀਨੀ ਮਿੱਟੀ, ਜਾਂ Titanium Dioxide ਦਾ ਲੇਪ ਚਾੜਿਆ ਜਾਂਦਾ ਹੈ ਤਾਂ ਜੋ ਇਸ ਦੀ ਸਤਹ ਕੂਲੀ ਤੇ ਸਾਫ ਹੋ ਜਾਵੇ.

**ਸਵਾਲ:** ਸ਼ੀਸ਼ਾ ਕਿਵੇਂ ਹੋਂਦ ਵਿੱਚ ਆਇਆ ?

**ਜਵਾਬ:** ਪੰਜ ਹਜ਼ਾਰ ਸਾਲ ਪਹਿਲਾਂ ਦੀ ਗੱਲ ਹੈ, ਕਿਸੇ ਸਖਸ਼ ਨੇ ਮੱਧਪੂਰਬ ਵਿੱਚ ਸਮੁੰਦਰ ਦੇ ਕੰਢੇ ਅੱਗ ਬਾਲੀ ਤਾਂ ਦੇਖਿਆ ਕਿ ਰੇਤ ਉੱਪਰ ਚਮਕਦਾਰ ਪਾਰਦਰਸ਼ੀ ਦਾਣਿਆਂ ਵਾਂਗ ਗੋਲ ਦਾਣੇ ਬਣੇ ਹੋਏ ਹਨ. ਇਸੇ ਘਟਨਾਂ ਨੇ ਵੀਹਵੀਂ ਸਦੀ ਵਿੱਚ ਘਰੋਗੀ ਤੇ ਇਮਾਰਤ-ਸਾਜ਼ੀ ਵਿੱਚ ਵਰਤੇ ਜਾਣ ਵਾਲੇ ਸ਼ੀਸ਼ੇ ਦਾ ਮੁੱਢ ਬੰਨਿਆ ਸੀ. ਪਥਰੀਲੇ ਪਦਾਰਥ ਦੇ ਕੱਚੇ ਮਾਲ ਤੋਂ ਸ਼ੀਸ਼ਾ ਬਣਦਾ ਹੈ. ਇਹ ਧਰਤੀ ਵਿੱਚੋਂ ਮਿਲਣ ਵਾਲੇ ਖਣਿਜ ਪਦਾਰਥਾਂ ਵਿੱਚ ਸਭ ਤੋਂ ਜਿਆਦਾ ਮਾਤਰਾ ਵਿੱਚ ਮਿਲਦਾ ਹੈ. ਰੰਗ ਵਿੱਚ ਦੁੱਧ ਵਰਗਾ ਇਹ ਪਦਾਰਥ ਗ੍ਰੇਨਾਈਟ ਤੇ ਹੋਰ ਬਹੁਤ ਸਾਰੀਆਂ ਚਟਾਨਾਂ ਵਿੱਚ ਮਿਲਦਾ ਹੈ. ਸੀਲਿਕਾ ਦਾ ਸਭ ਤੋਂ ਵੱਡਾ ਸੋਮਾ ਸਮੁੰਦਰੀ ਤਟ ਹਨ, ਜਿੱਥੇ ਸਮੁੰਦਰ ਦੀਆਂ ਲਹਿਰਾਂ ਚਟਾਨਾਂ ਖੋਰ-ਖੋਰ ਕੇ ਰੇਤ ਦੀ ਸ਼ਕਲ ਵਿੱਚ ਕਿਨਾਰੇ ਕਿਨਾਰੇ ਲਿਆ ਸੁੱਟਦੀਆਂ ਹਨ. ਤੁਹਾਡਾ ਜਦ ਕਦੇ ਵੀ ਸਮੁੰਦਰ ਦੇ ਕੰਢੇ ਗੇੜਾ ਵੱਜੇ, ਹੱਥ ਵਿੱਚ ਰੇਤ ਦੀ ਮੁੱਠ ਲੈ ਕੇ ਦੇਖਿਓ. ਕੋਈ ਵੀ ਅਰਧ-ਪਾਰਦਰਸ਼ੀ ਕਣ, ਜੋ ਕਾਲਾ, ਲਾਲ, ਪੀਲਾ ਜਾਂ ਕਿਸੇ ਵਿਸ਼ੇਸ਼ ਰੰਗ ਦਾ ਨਾ ਹੋਵੇ, ਇਹ ਸੀਲਿਕਾ ਦਾ ਕਣ ਹੋਵੇਗਾ. ਰੇਤ ਵਿੱਚ ਹੋਰ ਵੀ ਖਣਿਜ ਪਦਾਰਥ ਹੁੰਦੇ ਹਨ, ਪ੍ਰੰਤੂ ਸੀਲਿਕਾ ਇਸ ਦਾ ਵੱਡਾ ਮੁੱਖ ਹਿੱਸਾ ਹੁੰਦਾ ਹੈ. ਇਹ ਸਖਤ ਤੇ ਘੁਲਣਸ਼ੀਲ ਨਹੀਂ ਹੁੰਦਾ. ਇਹ ਖਰਾਬ ਨਹੀਂ ਹੁੰਦਾ. ਸੀਲਿਕਾ ਦਾ ਪਿਘਲਣ ਬਿੰਦੂ ਬਹੁਤ ਉੱਚਾ ਹੁੰਦਾ ਹੈ. ਆਮ ਅੱਗ ਇਸ ਨੂੰ ਸ਼ੀਸ਼ੇ ਵਿੱਚ ਤਬਦੀਲ ਨਹੀਂ ਕਰ ਸਕਦੀ. ਇਸ ਲਈ ਪਹਿਲੇ ਮੱਧਪੂਰਬੀ ਸਖਸ਼ ਨੇ, ਜੋ ਅੱਗ ਰੇਤ ਉੱਪਰ ਬਾਲੀ ਸੀ, ਉਸ ਵਿੱਚ ਸੋਡੀਅਮ ਦੇ ਯੋਗਿਕ ਪਦਾਰਥ (Compound) ਜ਼ਰੂਰ ਹੋਣਗੇ ਜੋ ਸਮੁੰਦਰ ਜਾਂ ਝੀਲ ਦੇ ਪਾਣੀ ਦੇ ਵਾਸ਼ਪੀਕਰਨ ਉਪਰੰਤ ਬਚ ਜਾਂਦਾ ਹੈ. ਸੋਡੀਅਮ ਦੇ ਰਲਣ ਨਾਲ ਸੀਲਿਕਾ ਦਾ ਉਬਲਣ ਦਰਜਾ ਘਟ ਜਾਂਦਾ ਹੈ.

ਅੱਜ ਕੱਲ, ਸੋਡੇ ਅਤੇ ਕਲੀ ਨੂੰ ਸੀਲਿਕਾ ਵਿੱਚ ਮਿਲਾ ਕੇ ਸ਼ੀਸ਼ਾ ਤਿਆਰ ਕੀਤਾ ਜਾਂਦਾ ਹੈ, ਜਿਸ ਤੋਂ ਬੋਤਲਾਂ, ਗਲਾਸ ਅਤੇ ਖਿੜਕੀਆਂ ਦੇ ਸ਼ੀਸ਼ੇ ਬਣਦੇ ਹਨ. ਜਦੋਂ ਸ਼ੀਸ਼ਾ ਠੰਢਾ ਹੁੰਦਾ ਹੈ ਇਸ ਦੀ ਬਣਤਰ ਦੁਬਾਰਾ ਸੀਲਿਕਾ ਦੇ ਕਣਾਂ ਵਿੱਚ ਤਬਦੀਲ ਨਹੀਂ ਹੋ ਸਕਦੀ, ਇਸ ਨੂੰ ਅੰਨ੍ਹਾਂ ਜਾਂ ਧੁੰਦਲਾ ਸ਼ੀਸ਼ਾ ਆਖਦੇ ਹਨ.

ਸ਼ੀਸ਼ੇ ਦੇ ਗੁਣਾਂ ਨੂੰ ਵਧਾਉਣ ਜਾਂ ਇਸ ਨੂੰ ਰੰਗਦਾਰ ਬਣਾਉਣ ਲਈ ਇਸ ਵਿੱਚ ਕੁਝ ਹੋਰ ਪਦਾਰਥ ਵੀ ਸਾਮਲ ਕੀਤੇ ਜਾਂਦੇ ਹਨ. ਉਦਾਹਰਣ ਲਈ, ਸ਼ੀਸ਼ੇ ਵਿੱਚ 10-15% Boric Oxcide ਪਾਇਆ ਜਾਂਦਾ ਹੈ ਜੋ ਸ਼ੀਸ਼ੇ ਨੂੰ ਅਚਾਨਕ ਗਰਮੀ ਜਾਂ ਸਰਦੀ ਦੇ ਖਿਲਾਫ ਤਕੜਾ ਕਰਦਾ ਹੈ. ਅੱਜ ਕੱਲ ਸ਼ੀਸ਼ਿਆਂ ਨੂੰ ਬਣਾਉਣ ਲਈ ਮਿਸ਼ਰਤ ਤੱਤਾਂ ਨੂੰ ਵੱਡੇ ਟੈਬਾਂ ਵਿੱਚ ਗਰਮ ਕੀਤਾ ਜਾਂਦਾ ਹੈ. ਇਹ ਮਿਸ਼ਰਣ ਟੁੱਟੇ ਸ਼ੀਸ਼ਿਆਂ ਦਾ ਬਣਿਆ ਹੁੰਦਾ ਹੈ, ਇਸ ਨੂੰ Collet ਕਹਿੰਦੇ ਹਨ. ਜੋ ਘੱਟ ਤਾਪ ਤੇ ਪਿਘਲਾ ਕੇ ਸ਼ੀਸ਼ੇ ਦੇ ਵੱਡੇ ਆਕਾਰ ਵਿੱਚ ਬਦਲ ਜਾਂਦਾ ਹੈ.

ਸ਼ੀਸ਼ੇ ਨੂੰ ਆਮ ਤੌਰ ਤੇ ਨਰਮ ਪਦਾਰਥ ਮੰਨਿਆ ਜਾਂਦਾ ਹੈ. ਜਦੋਂ ਕਿ ਅਸਲ ਵਿੱਚ ਇਹ ਬਹੁਤ ਹੀ ਸਖਤ ਹੁੰਦਾ ਹੈ. ਜੇ ਇਸ ਨੂੰ ਧਾਗੇ ਦੇ ਰੂਪ ਵਿੱਚ ਕੱਤਿਆ ਜਾਵੇ ਤਾਂ ਇਸ ਦਾ ਧਾਗਾ ਸਟੀਲ ਤੋਂ ਪੰਜ ਗੁਣਾ ਵੱਧ ਸਖਤ ਹੁੰਦਾ ਹੈ. ਸ਼ੀਸ਼ੇ ਦੇ ਧਾਗਿਆਂ ਨੂੰ ਪਲਾਸਟਿਕ ਵਿੱਚ ਮਿਲਾ ਦੇਈਏ ਤਾਂ ਇੱਕ G.R.P. (Glass Fibre Reinforced Plastic) ਨਾਮੀ ਪਦਾਰਥ ਬਣਦਾ ਹੈ, ਜੋ ਕਿਸ਼ਤੀਆਂ ਜਾਂ ਕਾਰਾਂ ਦੀ ਬਾਡੀ ਬਨਾਉਣ ਦੇ ਕੰਮ ਆਉਂਦਾ ਹੈ. ਸਖਤ ਸ਼ੀਸ਼ਾ ਬਨਾਉਣ ਲਈ ਇਸ ਨੂੰ ਪੰਘਰਾਓ ਦਰਜੇ ਤੋਂ ਥੋੜਾ ਘੱਟ ਗਰਮ ਕੀਤਾ ਜਾਂਦਾ ਹੈ ਤੇ ਫਿਰ ਇੱਕ-ਦਮ ਠੰਡੇ ਪਾਣੀ ਵਿੱਚ ਪਾ ਦਿੱਤਾ ਜਾਂਦਾ ਹੈ. Laminated Glass ਸ਼ੀਸ਼ੇ ਦੀਆਂ ਦੋ ਪਰਤਾਂ ਵਿੱਚ ਇੱਕ ਪਰਤ ਪਲਾਸਟਿਕ ਦੀ ਪਾ ਕੇ ਬਣਾਇਆ ਜਾਂਦਾ ਹੈ. ਇਸੇ ਲਈ ਸ਼ੀਸ਼ਾ ਸੱਟ ਵੱਜਣ ਤੇ ਸਿਰਫ ਤਿੜਕ ਜਾਂਦਾ ਹੈ, ਟੁੱਟਦਾ ਨਹੀਂ. ਜਹਾਜ਼ਾਂ ਦੀਆਂ ਬਾਰੀਆਂ ਵਿੱਚ ਅਜਿਹੇ ਸ਼ੀਸ਼ੇ ਹੀ ਜੜੇ ਹੁੰਦੇ ਹਨ ਜੋ ਵੱਧ ਤੋਂ ਵੱਧ ਤਾਪਮਾਨ ਸਹਿਣ ਅਤੇ ਜਾਨਵਰਾਂ ਨਾਲ ਟਕਰਾਉਣ ਦੇ ਬਾਵਜੂਦ ਟੁੱਟਦੇ ਨਹੀਂ ਹਨ. ਅਜਿਹੇ ਸ਼ੀਸ਼ਿਆਂ ਨੂੰ ਤਿੰਨ ਜਾਂ ਚਾਰ ਪਰਤਾਂ ਨਾਲ ਬਣਾਇਆ ਜਾਂਦਾ ਹੈ, ਇੱਥੋਂ ਤੱਕ ਕਿ ਬੁੱਲਟ-ਪਰੂਫ ਸ਼ੀਸ਼ੇ ਵੀ ਇਸ ਵਿਧੀ ਨਾਲ ਬਣਾਏ ਜਾਂਦੇ ਹਨ. ਇਸ ਚਰਚਾ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਸ਼ੀਸ਼ਾ ਏਨਾ ਕਮਜ਼ੋਰ ਨਹੀਂ ਹੁੰਦਾ ਜਿੰਨਾਂ ਸਮਝਿਆ ਜਾਂਦਾ ਹੈ.

**ਸਵਾਲ:** ਸ਼ੀਸ਼ਾ ਸਖਤ ਅਤੇ ਪਲਾਸਟਿਕ ਲਚਕਦਾਰ ਕਿਉਂ ਹੁੰਦਾ ਹੈ?

**ਜਵਾਬ:** ਸ਼ੀਸ਼ਾ ਬਹੁਤ ਸਾਰੇ ਛੋਟੇ, ਇੱਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਅਣੂੰਆਂ ਦਾ ਬਣਿਆ ਹੁੰਦਾ ਹੈ. ਇਸ ਲਈ ਜੇ ਸਖਤੀ ਦਾ ਪ੍ਰਯੋਗ ਕੀਤਾ ਜਾਵੇ ਤਾਂ ਅਣੂੰ ਬਿਖਰ ਜਾਂਦੇ ਹਨ ਤੇ ਸ਼ੀਸ਼ਾ ਤਿੜਕ ਜਾਂਦਾ ਹੈ. ਇਸ ਦੇ ਉਲਟ ਪਲਾਸਟਿਕ ਵੱਡੇ-ਅਕਾਰੀ ਅਣੂੰਆਂ ਨਾਲ ਬਣਿਆ ਹੁੰਦਾ ਹੈ ਜੋ ਢਿੱਲੀ ਤਰ੍ਹਾਂ ਜੁੜੇ ਹੁੰਦੇ ਹਨ. ਇਸ ਲਈ ਇਸ ਵਿਚਲੇ ਅਣੂੰ ਇੱਕ ਦੂਜੇ ਉਤੋਂ ਤਿਲਕ ਜਾਂਦੇ ਹਨ ਜਿਸ ਨਾਲ ਪਲਾਸਟਿਕ ਵਿੱਚ ਲਚਕ ਆ ਜਾਂਦੀ ਹੈ.

**ਸਵਾਲ:** ਏਅਰ-ਕੰਡੀਸ਼ਨਰ ਵਾਤਾਵਰਣ ਦਾ ਕਿਵੇਂ ਨੁਕਸਾਨ ਕਰਦੇ ਹਨ ?

**ਜਵਾਬ:** ਕਲੋਰੋਫਲੋਰੋਕਾਰਬਨ ਗੈਸ ਦੀ ਵਰਤੋਂ ਵਾਤਾਵਰਣ ਅਨੁਕੂਲਣ ਅਤੇ ਠੰਢਾ ਕਰਨ ਲਈ ਫਰਿੱਜਾਂ ਵਿੱਚ ਕੀਤੀ ਜਾਂਦੀ ਹੈ. ਇਸ ਵਿਚਲੀ ਕਲੋਰੀਨ ਗੈਸ ਧਰਤੀ ਨੇੜਲੇ ਹਵਾ ਦੇ ਘੇਰੇ ਵਿੱਚ ਟਿਕੀ ਰਹਿੰਦੀ ਹੈ ਅਤੇ ਹਵਾ ਵਿਚਲੀਆਂ ਦੂਜੀਆਂ ਗੈਸਾਂ ਨਾਲ ਇਹ ਘੁਲਦੀ-ਮਿਲਦੀ ਨਹੀਂ. ਇਹ ਧਰਤੀ ਦੁਆਲੇ ਸੁਰੱਖਿਆ ਪ੍ਰਦਾਨ ਕਰਦੀ ਓਜੋਨ ਪਰਤ ਵਿੱਚ

ਮਘੋਰੇ ਕਰ ਦਿੰਦੀ ਹੈ. ਵਾਤਾਵਰਣ ਸੁਰੱਖਿਆ ਲਈ ਬਣੇ ਮੋਨਟਰੀਅਲ ਪ੍ਰੋਟਕੋਲ ਮੁਤਾਬਿਕ ਇਸ ਕਲੋਰੋਫਲੋਰੋਕਾਰਬਨ ਨੂੰ ਵਰਤਣ ਤੇ ਰੋਕ ਲਾਉਣਾ ਹੈ. ਕਮਰਿਆਂ ਤੇ ਕਾਰਾਂ ਦੀ ਏਅਰ-ਕੰਡੀਸ਼ਨਿੰਗ ਵਾਤਾਵਰਣ ਨਾਲ ਖਿਲਵਾੜ ਕਰਕੇ ਕੀਤੀ ਜਾਂਦੀ ਹੈ.

**ਸਵਾਲ:** ਪੋਲਟਰੀ ਫਾਰਮ ਦੀ ਮੁਰਗੀ ਦਾ ਆਂਡਾ ਸ਼ਾਕਾਹਾਰੀ ਭੋਜਨ ਵਿੱਚ ਆਉਂਦਾ ਹੈ ਜਾਂ ਮਾਸਾਹਾਰੀ ਵਿੱਚ ?

**ਜਵਾਬ:** ਆਂਡਾ ਚਾਹੇ ਫਾਰਮੀ ਹੋਵੇ ਜਾਂ ਦੇਸੀ, ਖੁਰਾਕੀ ਤੌਰ ਤੇ ਦੋਨਾਂ ਵਿੱਚ ਕੋਈ ਫਰਕ ਨਹੀਂ ਹੁੰਦਾ, ਕਿਉਂਕਿ ਆਂਡੇ ਦਾ ਚਿੱਟਾ ਹਿੱਸਾ ਅਤੇ ਜ਼ਰਦਿ ਦੋਨਾਂ ਆਂਡਿਆਂ ਵਿੱਚ ਬਰਾਬਰ ਹੁੰਦੇ ਹਨ. ਫਰਕ ਹੁੰਦਾ ਹੈ ਤਾਂ ਸਿਰਫ ਅਨੁਵੰਸ਼ਿਕ (Genetic) ਯਾਨੀ ਦੇਸੀ ਆਂਡੇ ਮੁਰਗੀ ਦੇ ਅੰਡਕੋਸ਼ ਦੇ ਸੈਲ ਤੇ ਮੁਰਗੇ ਦੇ ਸ਼ੁਕਰਾਣੂੰ, ਜੋ ਕਿ ਕਰੋਮੋਸੋਮ ਦੀ ਗਿਣਤੀ ਵਿੱਚ ਅੱਧੇ ਹੁੰਦੇ ਹਨ, ਦੇ ਮਿਲਣ ਨਾਲ ਡਿਪਲਿਓਡ ਕਰੋਮੋਸੋਮ ਬਣ ਜਾਂਦੇ ਹਨ. ਇਸ ਮਿਲਾਪ ਨਾਲ ਬਣਿਆ ਹੋਇਆ ਸੈਲ ਵੱਡਾ ਹੋ ਕੇ ਆਂਡੇ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ ਅਤੇ ਮੁਆਫਕ ਹਾਲਤਾਂ ਮਿਲਣ ਨਾਲ ਇਸ ਵਿੱਚੋਂ ਚੂਚਾ ਪੈਦਾ ਹੋ ਸਕਦਾ ਹੈ. ਜਦੋਂ ਕਿ ਫਾਰਮੀ ਆਂਡਾ ਪੈਦਾ ਕਰਨ ਲਈ ਮੁਰਗੇ ਦੇ ਸ਼ੁਕਰਾਣੂਆਂ ਦੀ ਥਾਂ ਮੁਰਗੀ ਨੂੰ ਖੁਰਾਕ ਰਾਹੀਂ ਰਸਾਇਣਕ ਉਤੇਜਿਕ (Stimulus) ਦਿੱਤੇ ਜਾਂਦੇ ਹਨ, ਜਿਸ ਨਾਲ ਸੈਲ ਦਾ ਵਾਧਾ ਕੀਤਾ ਜਾਂਦਾ ਹੈ. ਇਸ ਤਰ੍ਹਾਂ ਦਾ ਆਂਡਾ ਹੈਪਲਿਓਡ ਰਹਿੰਦਾ ਹੈ, ਜਿਸ ਵਿੱਚ ਅੱਧੇ ਕਰੋਮੋਸੋਮ ਹੁੰਦੇ ਹਨ ਜੋ ਅੱਗੇ ਬੱਚੇ ਦੇ ਰੂਪ ਵਿੱਚ ਵਿਕਸਿਤ ਨਹੀਂ ਹੋ ਸਕਦੇ. ਬੇਸ਼ੱਕ ਦੋਨੋ ਆਂਡੇ ਜੀਵਤ ਹੁੰਦੇ ਹਨ, ਪਰ ਫਾਰਮੀ ਆਂਡੇ ਵਿੱਚ ਕਰੋਮੋਸੋਮ ਕੀ ਲੋੜੀਂਦੀ ਗਿਣਤੀ ਨਾ ਹੋਣ ਕਾਰਨ ਇਸ ਵਿੱਚੋਂ ਚੂਚਾ ਪੈਦਾ ਨਹੀਂ ਕੀਤਾ ਜਾ ਸਕਦਾ, ਪਰ ਇਹ ਦੋਨੋ ਕਿਸਮ ਦੇ ਆਂਡੇ ਮਾਸਾਹਾਰੀ ਖੁਰਾਕ ਵਿੱਚ ਹੀ ਆ ਜਾਂਦੇ ਹਨ.

**ਸਵਾਲ:** ਕਲੋਨ ਵਿਧੀ ਕੀ ਹੈ ?

**ਜਵਾਬ:** ਕੁੱਝ ਹੇਠਲੀ ਪੱਧਰ ਦੇ ਜੀਵਾਂ ਨੂੰ ਛੱਡ ਕੇ ਬਾਕੀ ਸਭ ਜੀਵ-ਜੰਤੂਆਂ ਦੇ ਨਵੇਂ ਜੀਵਾਂ ਦੀ ਉਤਪਤੀ ਲਿੰਗ ਬਣਨ ਰਾਹੀਂ ਹੀ ਹੁੰਦੀ ਹੈ, ਜਿਸ ਵਿੱਚ ਨਰਜੀਵ ਤੋਂ ਸ਼ੁਕਰਾਣੂੰ ਪੈਦਾ ਹੁੰਦੇ ਹਨ ਜਿੰਨਾ ਦਾ ਮਾਦਾ ਜੀਵ ਦੇ ਬੀਜ ਅੰਡ ਨਾਲ ਮੇਲ ਹੁੰਦਾ ਹੈ. ਜਿਸ ਤੋਂ ਬਾਅਦ ਵਿੱਚ ਪੂਰਾ ਜੀਵ ਪੈਦਾ ਹੁੰਦਾ ਹੈ. ਇਸ ਦੇ ਮੁਕਾਬਲੇ ਵਿੱਚ ਕਲੋਨ ਵਿਧੀ ਵਿੱਚ ਆਂਡੇ ਦਾ ਮੇਲ ਸ਼ੁਕਰਾਣੂ ਨਾਲ ਨਹੀਂ ਕੀਤਾ ਗਿਆ ਸਗੋਂ ਉਸੇ ਭੇਡ ਦੇ ਹਵਾਨੇ ਵਿੱਚੋਂ ਸੈਲ ਲੈ ਕੇ ਉਸ ਦੇ ਅੰਡੇ ਨਾਲ ਮੇਲ ਕੇ ਨਵਾਂ ਬੱਚਾ ਪੈਦਾ ਕੀਤਾ ਗਿਆ. ਪਹਿਲੀ ਵਾਰ ਕਲੋਨ ਵਿਧੀ ਰਾਹੀਂ ਪੈਦਾ ਕੀਤੀ ਗਈ ਭੇਡ ਦਾ ਨਾਲ ਡੌਲੀ ਸੀ. ਇਸ ਵਿਧੀ ਰਾਹੀਂ ਪੈਦਾ ਕੀਤਾ ਨਵਾਂ ਬੱਚਾ ਕਿਉਂਕਿ ਇੱਕੋ ਜੀਵ ਦੇ ਸੈਲਾਂ ਤੋਂ ਹੁੰਦਾ ਹੈ, ਉਸ ਦੇ ਜ਼ੀਨਜ਼ ਦੀ ਤਰਤੀਬ ਮੂਲ ਜੀਵ ਵਾਲੀ ਹੀ ਹੁੰਦੀ ਹੈ. ਜਿਸ ਕਰਕੇ ਸਰੀਰਕ ਤੌਰ ਤੇ ਪੂਰੀ ਤਰ੍ਹਾਂ ਪਹਿਲੇ ਜੀਵ ਦੀ ਸ਼ਕਲ ਨਾਲ ਮਿਲਦੀ ਸ਼ਕਲ ਵਾਲਾ ਬਣ ਜਾਂਦਾ ਹੈ. ਜੀਵ ਵਿਗਿਆਨ ਦੇ ਪੱਖ ਤੋਂ ਇਸ ਖੋਜ ਦੀ ਵੱਡੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਨਵਾਂ ਜੀਵ ਪੈਦਾ ਕਰਨ ਦੀ ਸ਼ਕਤੀ ਕੇਵਲ ਸੈਕਸ ਸੈਲਾਂ ਵਿੱਚ ਹੀ ਹੁੰਦੀ ਹੈ, ਪਰ ਇਸ ਨਾਲ ਇਹ ਸਿੱਧ ਹੋ ਗਿਆ ਹੈ ਕਿ ਸਿਧਾਂਤਕ ਤੌਰ ਤੇ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਸੈਲ ਲੈ ਕੇ ਨਵਾਂ ਜੀਵ ਪੈਦਾ ਕੀਤਾ ਜਾ ਸਕਦਾ ਹੈ. ਦੂਸਰੇ ਹੇਠਲੇ ਜੀਵਾਂ ਅਤੇ ਬਨਸਪਤੀ ਜਗਤ ਵਿੱਚ ਨਰ-ਮਾਦਾ ਸੈਲਾਂ ਦੇ ਮੇਲ ਤੋਂ ਬਿਨਾਂ ਵੀ ਕਿਸੇ ਹੋਰ ਹਿੱਸੇ ਤੋਂ ਉਤਪਤੀ ਹੋ ਜਾਂਦੀ ਹੈ, ਜਿਵੇਂ ਗੁਲਾਬ ਦੀ ਕਲਮ ਕੱਟ ਕੇ ਨਵਾਂ ਪੌਦਾ ਹੋ ਜਾਂਦਾ ਹੈ, ਪਰ ਇਹ ਪਹਿਲੀ ਵਾਰ ਹੈ ਕਿ ਕੋਈ ਉਚੇਰੀ ਪੱਧਰ ਦਾ ਜੀਵ ਇਸ

ਵਿਧੀ ਦੁਆਰਾ ਪੈਦਾ ਹੋਣਾ ਸੰਭਵ ਹੋਇਆ ਹੈ. ਪਹਿਲਾਂ ਭੇਡ ਅਤੇ ਬਾਂਦਰ ਤੀਕ ਇਹ ਤਜਰਬਾ ਸੰਭਵ ਹੋਣ ਤੋਂ ਬਾਅਦ ਇਹ ਸੰਭਵ ਹੋ ਜਾਂਦਾ ਹੈ ਕਿ ਮਨੁੱਖ ਵੀ ਇਸ ਤਰੀਕੇ ਨਾਲ ਪੈਦਾ ਕੀਤਾ ਜਾ ਸਕਦਾ ਹੈ.

**ਸਵਾਲ:** ਵਿਗਿਆਨ ਕਹਿੰਦਾ ਹੈ ਕਿ ਰੌਸ਼ਨੀ ਕਿਸੇ ਵਸਤੂ ਨਾਲ ਟਕਰਾ ਕੇ ਅੱਖ ਵਿੱਚ ਆਉਂਦੀ ਹੈ, ਇਸ ਤਰਾਂ ਸਾਨੂੰ ਉਹ ਵਸਤੂ ਦਿਖਾਈ ਦਿੰਦੀ ਹੈ. ਜੇ ਗੱਲ ਇਉਂ ਹੈ ਤਾਂ ਫਿਰ ਉੱਲੂ ਜਾਂ ਬਿੱਲੀ ਨੂੰ ਰਾਤ ਨੂੰ ਕਿਵੇਂ ਨਜ਼ਰ ਆ ਜਾਂਦਾ ਹੈ ਜਦ ਕਿ ਰਾਤ ਵੇਲੇ ਤਾਂ ਵਸਤੂ ਨਾਲ ਰੌਸ਼ਨੀ ਨਹੀਂ ਟਕਰਾਉਂਦੀ ?

**ਜਵਾਬ:** ਉੱਲੂ ਅਤੇ ਬਿੱਲੀ ਵੀ ਰੌਸ਼ਨੀ ਦੀ ਮੱਦਦ ਨਾਲ ਹੀ ਵਸਤਾਂ ਨੂੰ ਦੇਖਦੇ ਹਨ, ਪ੍ਰੰਤੂ ਉਨ੍ਹਾਂ ਦੀਆਂ ਅੱਖਾਂ ਬਹੁਤ ਘੱਟ ਰੌਸ਼ਨੀ ਵਿੱਚ ਵੀ ਦੇਖ ਸਕਣ ਦੇ ਯੋਗ ਹੁੰਦੀਆਂ ਹਨ. ਰਾਤ ਸਮੇਂ ਵੀ ਚੰਦ ਤੋਂ, ਤਾਰਿਆਂ ਤੋਂ ਜਾਂ ਦੂਰ ਜਗ ਰਹੀਆਂ ਰੌਸ਼ਨੀਆਂ ਤੋਂ ਥੋੜਾ-ਬਹੁਤ ਪ੍ਰਕਾਸ਼ ਆਲੇ-ਦੁਆਲੇ ਖਿੰਡਿਆ ਹੋਇਆ ਹੁੰਦਾ ਹੈ. ਉੱਲੂ ਅਤੇ ਬਿੱਲੀ ਦੀਆਂ ਅੱਖਾਂ ਦੀਆਂ ਪੁਤਲੀਆਂ ਬਹੁਤ ਵੱਡੀਆਂ ਹੁੰਦੀਆਂ ਹਨ, ਜਿੱਥੋਂ ਕਿ ਰਾਤ ਸਮੇਂ ਵੀ ਕੁੱਝ ਨਾਲ ਕੁੱਝ ਪ੍ਰਕਾਸ਼ ਅੱਖਾਂ ਦੇ ਅੰਦਰ ਚਲਾ ਜਾਂਦਾ ਹੈ. ਦੂਸਰਾ ਇਨ੍ਹਾਂ ਦੀਆਂ ਅੱਖਾਂ ਦਾ ਅੰਦਰਲਾ ਪਰਦਾ, ਜਿਸਨੂੰ ਰੈਟੀਨਾ ਆਖਿਆ ਜਾਂਦਾ ਹੈ, ਥੋੜੇ ਪ੍ਰਕਾਸ਼ ਲਈ ਵੀ ਬਹੁਤ ਸੰਵੇਦਨਸ਼ੀਲ ਹੁੰਦਾ ਹੈ ਜਿਸ ਕਰਕੇ ਰਾਤ ਦੇ ਮਾਮੂਲੀ ਪ੍ਰਕਾਸ਼ ਵਿੱਚ ਵੀ ਇਨ੍ਹਾਂ ਜਾਨਵਰਾਂ ਦੀਆਂ ਅੱਖਾਂ ਨੂੰ ਵਸਤੂਆਂ ਦਿਖਾਈ ਦੇ ਜਾਂਦੀਆਂ ਹਨ. ਜਦੋਂ ਕਿ ਸਾਡੀਆਂ ਅੱਖਾਂ ਵਿੱਚ ਇਹ ਦੋਵੇਂ ਗੁਣ ਨਾ ਹੋਣ ਕਰਕੇ ਜਦ ਰੌਸ਼ਨੀ ਇੱਕ ਖਾਸ ਪੱਧਰ ਤੋਂ ਘਟ ਜਾਂਦੀ ਹੈ ਤਾਂ ਸਾਨੂੰ ਚੀਜ਼ਾਂ-ਵਸਤਾਂ ਦਿਖਾਈ ਦੇਣੋਂ ਹਟ ਜਾਂਦੀਆਂ ਹਨ ਅਤੇ ਸਾਨੂੰ ਆਸ-ਪਾਸ ਪੂਰਨ ਹਨ੍ਹੇਰਾ ਜਾਪਣ ਲੱਗ ਜਾਂਦਾ ਹੈ. ਸੋ ਇਹ ਠੀਕ ਨਹੀਂ ਕਿ ਉੱਲੂ ਅਤੇ ਬਿੱਲੀ ਰੌਸ਼ਨੀ ਬਿਲਕੁਲ ਨਾ ਹੋਣ ਦੀ ਹਾਲਤ ਵਿੱਚ ਦੇਖ ਸਕਦੇ ਹਨ. ਅਸਲੀਅਤ ਤਾਂ ਇਹ ਹੈ ਕਿ ਇਹ ਜਾਨਵਰ ਬਹੁਤ ਹੀ ਥੋੜੀ ਰੌਸ਼ਨੀ ਵਿੱਚ ਵੀ ਦੇਖ ਲੈਂਦੇ ਹਨ. ਹਾਂ, ਚਮਗਿੱਦੜ ਅਤੇ ਚਾਮਚੜਿੱਕਾਂ ਬਗੈਰ ਰੌਸ਼ਨੀ ਤੋਂ ਹੀ ਵਸਤੂਆਂ ਦਾ ਪਤਾ ਲਗਾ ਲੈਂਦੇ ਹਨ, ਕਿਉਂਕਿ ਉਹਨਾਂ ਵਿੱਚ ਆਲੇ-ਦੁਆਲੇ ਦੇ ਸੰਸਾਰ ਨੂੰ ਜਾਨਣ ਦੀ ਵਿਧੀ ਹੀ ਵੱਖਰੀ ਹੈ. ਉਹ ਆਪਣੇ ਮੂੰਹ ਵਿੱਚੋਂ ਆਵਾਜ਼ ਦੀਆਂ ਖਾਸ ਕਿਸਮ ਦੀਆਂ ਤਰੰਗਾਂ ਛੱਡਦੇ ਹਨ. ਇਹ ਤਰੰਗਾਂ ਜਦ ਆਲੇ-ਦੁਆਲੇ ਦੀਆਂ ਵਸਤਾਂ ਨਾਲ ਟਕਰਾ ਕੇ ਵਾਪਸ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਆਲੇ-ਦੁਆਲੇ ਦੀਆਂ ਵਸਤੂਆਂ ਦੀ ਸਥਿਤੀ ਅਤੇ ਉਨ੍ਹਾਂ ਦੇ ਆਕਾਰ ਬਾਰੇ ਗਿਆਨ ਹੋ ਜਾਂਦਾ ਹੈ. ਸੋ ਚਮਗਿੱਦੜ ਅਤੇ ਚਾਮਚੜਿੱਕ ਰੌਸ਼ਨੀ ਤੋਂ ਬਗੈਰ ਵੀ ਦੇਖ ਲੈਂਦੇ ਹਨ, ਪਰ ਉਹ ਹੋਰ ਜਾਨਵਰਾਂ ਵਾਂਗ ਅੱਖਾਂ ਰਾਹੀਂ ਨਹੀਂ ਦੇਖਦੇ.

**ਸਵਾਲ:** ਲੋਕਾਂ 'ਚ ਮੋਰ-ਮੋਰਨੀ ਬਾਰੇ ਆਮ ਚਰਚਾ ਹੈ ਕਿ ਉਹ ਦੂਸਰੇ ਪੰਛੀਆਂ ਵਾਂਗ ਇਕ-ਦੂਜੇ ਨਾਲ ਸਰੀਰਕ ਸੰਬੰਧ ਨਹੀਂ ਬਣਾਉਂਦੇ. ਜਦੋਂ ਮੋਰ ਪੈਲ ਪਾਉਂਦਾ ਹੈ ਤਾਂ ਮੋਰ ਅੱਖਾਂ ਵਿੱਚੋਂ ਹੰਝੂ ਕੇਰਦਾ ਹੈ ਜਿਸਨੂੰ ਮੋਰਨੀ ਚੁਗ ਲੈਂਦੀ ਹੈ. ਇਸ ਪ੍ਰਕਿਰਿਆ ਰਾਹੀਂ ਮੋਰਨੀ ਗਰਭ ਧਾਰਨ ਕਰਦੀ ਹੈ ਅਤੇ ਆਂਡੇ ਦਿੰਦੀ ਹੈ ?

**ਜਵਾਬ:** ਬਾਕੀ ਪੰਛੀਆਂ ਵਾਂਗ ਮੋਰ ਦੇ ਵੀ ਵੱਖਰੀ ਜਣਨ-ਇੰਦਰੀ ਨਹੀਂ ਹੁੰਦੀ. ਉਨ੍ਹਾਂ ਦੇ ਮਲ-ਮੂਤਰ ਤਿਆਗ ਅਤੇ ਪ੍ਰਜਣਨ ਲਈ ਸਿਰਫ ਇੱਕ ਹੀ ਨਿਕਾਸ ਹੁੰਦਾ ਹੈ ਜਿਸ ਨੂੰ Cloaca ਕਹਿੰਦੇ ਹਨ. ਉਤੇਜਿਕ ਪਲਾਂ ਵਿੱਚ ਦੋਨਾਂ ਦੇ ਕਲੋਇਕ (Cloac) ਜੁੜਨ ਸਮੇਂ ਨਰ ਆਪਣੇ ਸ਼ੁਕਰਾਣੂੰ ਮਾਦਾ ਦੇ ਅੰਦਰ ਸੁੱਟ ਦਿੰਦਾ ਹੈ. ਜਿਸ ਨਾਲ ਲੰਬੇ ਸਮੇਂ ਤੱਕ ਇਨ੍ਹਾਂ ਦੀ ਗਿਣਤੀ ਅਨੁਸਾਰ ਆਂਡਿਆਂ ਦੀ Fetilization ਹੁੰਦੀ ਰਹਿੰਦੀ ਹੈ. ਹੋਰਨਾਂ ਅਣਗਿਣਤ ਮਿੱਥਾਂ ਅਤੇ ਵਹਿਮਾਂ ਵਾਂਗ ਇਹ ਵੀ ਇੱਕ ਮਿੱਥ ਹੈ ਕਿ ਮੋਰ ਦੇ ਨੱਚਣ ਵੇਲੇ ਡਿੱਗੇ ਹੰਝੂਆਂ ਨੂੰ ਚੁਗ ਕੇ ਮੋਰਨੀ ਗਰਭ ਧਾਰਨ ਕਰਦੀ ਹੈ. ਇਹ ਆਲੇ-

ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਬਿਨਾਂ ਪੜਤਾਲੀਆਂ ਸੁਣੀਆਂ-ਸੁਣਾਈਆਂ ਗੱਲਾਂ ਤੇ ਇਤਬਾਰ ਕਰਨ ਵਾਲੀ ਅਣ-ਵਿਗਿਆਨਕ ਪਹੁੰਚ ਦਾ ਸਿੱਟਾ ਹੈ.

**ਸਵਾਲ:** ਵੈਲਨਟਾਈਨ ਡੇ (Valentine Day) ਦਾ ਕਈ ਜਥੇਬੰਦੀਆਂ ਵਿਰੋਧ ਕਰਦੀਆਂ ਹਨ. ਇਹ ਕੀ ਹੈ ?

**ਜਵਾਬ:** ਰੋਮ ਦਾ ਨਿਰਦਈ ਬਾਦਸ਼ਾਹ ਕਲਾਡੀਅਸ ਆਪਣੇ ਸ਼ਾਸਨ ਨੂੰ ਵਧਾਉਣ ਦੀ ਬੇਲਗਾਮ ਇੱਛਾ ਰੱਖਦਾ ਸੀ. ਇਸ ਲਈ ਫੌਜ ਵਾਸਤੇ ਉਸਨੂੰ ਹੁੰਦੜਹੇਲ ਨੌਜਨਵਾਨਾਂ ਦੀ ਜ਼ਰੂਰਤ ਸੀ. ਜਦੋਂ ਉਸਨੂੰ ਲੱਗਿਆ ਕਿ ਸ਼ਾਦੀ-ਸ਼ੁਦਾ ਵਿਅਕਤੀ ਜੰਗ ਵਿੱਚ ਜਾਣੋਂ ਕੰਨੀ ਕਤਰਾਉਂਦੇ ਹਨ ਤਾਂ ਉਸਨੇ ਵਿਆਹ ਤੇ ਪਾਬੰਦੀ ਲਗਾ ਦਿੱਤੀ. ਇਨ੍ਹਾਂ ਔਖੇ ਸਮਿਆਂ ਵਿੱਚ ਰੋਮ ਵਿੱਚ ਰਹਿੰਦੇ ਇੱਕ ਇਸਾਈ ਪਾਦਰੀ ਵੈਲਨਟਾਈਨ ਨੇ ਗੁਪਤ ਰੂਪ ਵਿੱਚ ਵਿਆਹ ਦੀਆਂ ਰਸਮਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ. ਲੰਮਾ ਸਮਾਂ ਇਟਲੀ ਦੇ ਪ੍ਰੇਮ-ਦਿਵਾਨਿਆਂ ਲਈ ਵੈਲਨਟਾਈਨ ਹੀ ਹੀਰੋ ਬਣਿਆ ਰਿਹਾ. ਹੌਲੀ-ਹੌਲੀ ਵੈਲਨਟਾਈਨ ਪ੍ਰੇਮ-ਪੁਜਾਰੀ ਦੇ ਤੌਰ ਤੇ ਪ੍ਰਸਿੱਧ ਹੋ ਗਿਆ. ਵੇਲੇ ਦੇ ਰਾਜੇ ਦਾ ਧਰਮ ਈਸਾਈਅਤ ਨਹੀਂ ਸੀ. ਵੈਲਨਟਾਈਨ ਦੀ ਪ੍ਰਸਿੱਧੀ ਦੇਖ ਕੇ ਕਲਾਡੀਅਸ ਘਬਰਾਉਣ ਲੱਗਾ. ਆਪਣੇ ਸ਼ਾਸ਼ਨ ਦੀ ਰਾਖੀ ਦੇ ਨਾਂ ਤੇ ਉਸਨੇ ਪਹਿਲਾਂ ਵੈਲਨਟਾਈਨ ਨੂੰ ਜੇਲ੍ਹ ਵਿੱਚ ਸੁਟਵਾ ਦਿੱਤਾ ਤੇ ਬਾਅਦ ਵਿੱਚ ਮਰਵਾ ਦਿੱਤਾ.

ਸੈਂਕੜੇ ਵਰ੍ਹੇ ਬੀਤ ਗਏ ਤੇ ਵੈਲਨਟਾਈਨ ਇੱਕ ਦੰਦ-ਕਥਾ ਵਜੋਂ ਸਥਾਪਿਤ ਹੋ ਗਿਆ. ਮੱਧਕਾਲ ਵਿੱਚ ਚਰਚ ਨੇ ਉਸਨੂੰ ਸੰਤ ਵੈਲਨਟਾਈਨ ਦੇ ਤੌਰ ਤੇ ਮਾਨਤਾ ਦਿੱਤੀ, ਜੋ ਪ੍ਰੇਮੀਆਂ ਦੇ ਪੈਟਰਨ ਵਜੋਂ ਜਾਣਿਆ ਜਾਣ ਲੱਗਾ, 14 ਫਰਵਰੀ ਵਾਲੇ ਦਿਨ ਵੈਲਨਟਾਈਨ ਦਿਵਸ ਮਨਾਉਂਦਿਆਂ ਪ੍ਰੇਮੀ ਇੱਕ ਦੂਜੇ ਨੂੰ ਮਿਠਾਈਆਂ ਦੇ ਤੋਹਫੇ ਭੇਂਟ ਕਰਦੇ ਹਨ. 270 ਈਸਵੀ ਉਪਰੰਤ, 14 ਫਰਵਰੀ ਦੇ ਇਸ ਦਿਨ ਵੈਲਨਟਾਈਨ ਦਾ ਸਿਰ ਕਲਮ ਕੀਤਾ ਗਿਆ ਸੀ. ਉਸੇ ਦਿਨ ਨੂੰ ਲੋਕਾਂ ਨੇ ਆਪੋ-ਆਪਣੀਆਂ ਦੱਬੀਆਂ ਇਛਾਵਾਂ ਲਈ ਮਨਾਉਣਾ ਸ਼ੁਰੂ ਕੀਤਾ ਹੋਇਆ ਹੈ ਜੋ ਕਈ ਵਾਰੀ ਅਮਨ-ਕਾਨੂੰਨ ਦੀ ਸਮੱਸਿਆ ਵੀ ਬਣਾ ਦਿੱਤਾ ਜਾਂਦਾ ਹੈ.

## ਸਮਾਪਤ

ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ

# ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

## ਦਾ ਚੋਣਵਾਂ ਸਾਹਿਤ

1. ...ਤੇ ਦੇਵ ਪੁਰਸ਼ ਹਾਰ ਗਏ ........ 20/-ਰੁਪਏ
2. ਦੇਵ ਦੈਂਤ ਤੇ ਰੂਹਾਂ ........ 30/-ਰੁਪਏ
3. ...ਤੇ ਫਿਰ ਅੱਗ ਲੱਗਣੋਂ ਬੰਦ ਗਈ ........ 25/-ਰੁਪਏ
4. ਭੂਤਾਂ ਵਾਲੀ ਹਵੇਲੀ ........ 50/-ਰੁਪਏ
5. ਮਿੱਟੀ ਤੋਂ ਮਨੁੱਖ ਤੱਕ ........ 25/-ਰੁਪਏ
6. ਜੋਤਿਸ਼ ਝੂਠ ਬੋਲਦਾ ਹੈ ........ 25/-ਰੁਪਏ
7. ਤੁਹਾਡੀ ਰਾਸ਼ੀ ਕੀ ਕਹਿੰਦੀ ........ 12/-ਰੁਪਏ
8. ਮਨੋਰੋਗ ਕਾਰਨ ਅਤੇ ਇਲਾਜ ........ 25/-ਰੁਪਏ
9. ਸਮੋਹਣ ਨੀਂਦ ........ 12/-ਰੁਪਏ
10. ਮਨ-ਮਾਹੌਲ ਮਨੋਰੋਗ ........ 30/-ਰੁਪਏ
11. ਦਵਾਈਆਂ ਨੂੰ ਹਾਰ ........ 20/-ਰੁਪਏ
12. ਤੁਸਾਂ ਪੁੱਛਿਆ ........ 20/-ਰੁਪਏ
13. ਇਖ਼ਲਾਕ ........ 12/-ਰੁਪਏ
14. ਹਿੰਦੂਤਵੀ ਫਾਸੀਵਾਦ ........ 10/-ਰੁਪਏ
15. ਭਗਤ ਸਿੰਘ ਦਾ ਰਾਹ ........ 12/-ਰੁਪਏ
16. ਆਤਮਵਾਦੀ ਭਟਕਣਾ ਅਤੇ ਪਦਾਰਥਵਾਦੀ ਸੱਚ ........ 25/-ਰੁਪਏ
17. ਆਓ, ਧਰਮ ਵੱਲ ਪਰਤੀਏ ........ 5/-ਰੁਪਏ
18. ਧਰਮ ਕਰਮ ........ 20/-ਰੁਪਏ
19. ਆਤਮਾ ਅਤੇ ਪੁਨਰ-ਜਨਮ ........ 10/-ਰੁਪਏ
20. ਅੰਧਵਿਸ਼ਵਾਸਾਂ ਵਿਰੁੱਧ ਕਾਨੂੰਨ ........ 20/-ਰੁਪਏ
21. ਰੱਬ ਦਾ ਅੰਤ ........ 15/-ਰੁਪਏ
22. ਜਾਦੂ-ਮੰਤਰ ? ........ 15/-ਰੁਪਏ
23. ਕਰਾਮਾਤਾਂ ........ 15/-ਰੁਪਏ
24. ਪਿੱਪਲ ਵਾਲਾ ਭੂਤ ........ 10/-ਰੁਪਏ
25. ਰੱਬ ਦਾ ਯੱਬ ........ 10/-ਰੁਪਏ
26. ਮੈਂ ਨਾਸਤਿਕ ਕਿਉਂ ਹਾਂ ? ........ 10/-ਰੁਪਏ
27. ਤਰਕ ਦੀ ਸਾਣ 'ਤੇ ........ 10/-ਰੁਪਏ 28.
ਅਗਲਾ ਪਿਛਲਾ ਜਨਮ ........ 20/-ਰੁਪਏ

ਸੀਰੀਅਲ ਤਰਕ ਦੀ ਸਾਣ 'ਤੇ { 6 VCD Set 125/-ਰੁਪਏ
6 DVD Set 150/-ਰੁਪਏ

## ਕਿਤਾਬਾਂ ਮੰਗਵਾਉਣ ਲਈ ਪਤਾ

ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ, ਸੰਘੇੜਾ ਬਾਈਪਾਸ, ਬਰਨਾਲਾ

ਫੋਨ : 01679-241466

www.PunjabiLibrary.com